International Federation of
Library Associations and Institutions

# ਸਕੂਲ ਲਾਇਬ੍ਰੇਰੀਆਂ ਵਿਚ ਕਾਰਜ ਸੰਚਾਲਨ
## ਇਫ਼ਲਾ ਦੀਆਂ ਕੌਮਾਂਤਰੀ ਹਦਾਇਤਾਂ


**ਇਫ਼ਲਾ ਸਕੂਲ ਲਾਇਬ੍ਰੇਰੀਆਂ ਸਬੰਧੀ ਭਾਗ ਦੀ ਸਥਾਈ ਕਮੇਟੀ ਦੁਆਰਾ ਲਿਖਿਤ**
ਕੌਮਾਂਤਰੀ ਸਕੂਲ ਲਾਇਬ੍ਰੇਰੀਅਨ ਸੰਘ ਦੇ ਕਾਰਜਕਾਰੀ ਬੋਰਡ ਦੇ ਸਹਿਯੋਗ ਸਦਕਾ ਬਾਰਬਰਾ ਸ਼ਅਲਟਜ਼-ਜੌਨਸ ਅਤੇ ਡਾਇਨ ਉਬ੍ਰਗ ਦੁਆਰਾ ਸੰਪਾਦਿਤ



**ਦੂਜਾ ਸੋਧਿਆ ਸੰਸਕਰਨ**

ਜੂਨ 2015
ਇਫ਼ਲਾ ਪੇਸ਼ੇਵਰ ਕਮੇਟੀ ਦੁਆਰਾ ਸਮਰਥਿਤ

**ਪੰਜਾਬੀ ਰੂਪ**
**ਅਨੁਵਾਦਕ:** ਡਾ. ਸੁਖਦੇਵ ਸਿੰਘ, ਏ. ਪੀ. ਜੇ. ਕਾਲਜ ਆਫ਼ ਫ਼ਾਈਨ ਆਰਟਸ, ਜਲੰਧਰ, ਪੰਜਾਬ (ਭਾਰਤ)
ਅਗਸਤ, 2020


ਹਥਲੇ ਦਸਤਾਵੇਜ਼ ਦਾ ਅਨੁਵਾਦ ਪੰਜਾਬੀ (ਗੁਰਮੁਖੀ) ਭਾਸ਼ਾ ਵਿਚ ਕੀਤਾ ਗਿਆ ਹੈ। ਇਸ ਲਈ ਅੰਗਰੇਜ਼ੀ ਦੇ ਮੂਲ ਪਾਠ ਅਤੇ ਇਸ ਅਨੁਵਾਦਿਤ ਰੂਪ ਵਿਚਕਾਰ ਵਖਰੇਵਾਂ ਹੋਣ ਦੀ ਸੰਭਾਵਨਾ ਬਣੀ ਰਹੇਗੀ। ਇਹ ਅਨੁਵਾਦ ਮਹਿਜ਼ ਪੰਜਾਬੀ ਭਾਈਚਾਰੇ ਦੀ ਸਹੂਲਤ ਲਈ ਕੀਤਾ ਗਿਆ ਹੈ।


CC BY ਲਾਇਬ੍ਰੇਰੀ ਸੰਗਠਨਾਂ ਅਤੇ ਸੰਸਥਾਵਾਂ ਦਾ ਕੌਮਾਂਤਰੀ ਮਹਾਂ-ਸੰਘ, ਇਫ਼ਲਾ, 2015

© 2015, ਲਾਇਬ੍ਰੇਰੀ ਸੰਗਠਨਾਂ ਅਤੇ ਸੰਸਥਾਵਾਂ ਦਾ ਕੌਮਾਂਤਰੀ ਮਹਾਂ-ਸੰਘ, ਇਫ਼ਲਾ। ਇਸ ਕਾਰਜ ਦਾ ਲਾਇਸੈਂਸ *Creative Commons Attribution 3.0 (Unported)* ਦੇ ਅਧੀਨ ਲਿਆ ਗਿਆ ਹੈ, ਜਿਸ ਦੀ ਨਕਲ *https://creativecommons.org/licenses/by/3.0/* 'ਤੇ ਵੇਖੀ ਜਾ ਸਕਦੀ ਹੈ:

ਇਫ਼ਲਾ
P.O. Box 95312
2509 CH Den Haag
ਨੀਦਰਲੈਂਡ
www.ifla.org

# ਤਤਕਰਾ


**ਧੰਨਵਾਦ** ... 6

**ਸਾਰੰਸ਼** ... 7

**ਮਹੱਤਵਪੂਰਨ ਸੁਝਾਅ** ... 10

**ਆਦਿਕਥਨ** ... 12

**ਅਧਿਆਇ 1 ਸਕੂਲ ਲਾਇਬ੍ਰੇਰੀ ਦਾ ਮਨੋਰਥ ਅਤੇ ਟੀਚੇ** ... 16

1.1 ਭੂਮਿਕਾ ... 16

1.2 ਸਕੂਲ ਲਾਇਬ੍ਰੇਰੀ ਦਾ ਮਹੱਤਵ ... 16

1.3 ਸਕੂਲ ਲਾਇਬ੍ਰੇਰੀ ਦੀ ਪਰਿਭਾਸ਼ਾ ... 16

1.4 ਸਕੂਲ ਲਾਇਬ੍ਰੇਰੀ ਦੀ ਭੂਮਿਕਾ ... 18

1.5 ਸਕੂਲ ਲਾਇਬ੍ਰੇਰੀ ਦੇ ਕੰਮਾਂ ਲਈ ਲੁੜੀਂਦੀਆਂ ਸ਼ਰਤਾਂ ... 18

1.6 ਸਕੂਲ ਲਾਇਬ੍ਰੇਰੀ ਦਾ ਦੂਰ-ਅੰਦੇਸ਼ੀ ਬਿਆਨ ... 18

1.7 ਸਕੂਲ ਲਾਇਬ੍ਰੇਰੀ ਦਾ ਕਾਰਜ ਉਦੇਸ਼ੀ ਬਿਆਨ ... 19

1.8 ਸਕੂਲ ਲਾਇਬ੍ਰੇਰੀ ਸੇਵਾਵਾਂ ... 19

1.9 ਸਕੂਲ ਲਾਇਬ੍ਰੇਰੀ ਕੰਮਾਂ ਦਾ ਮੁਲਾਂਕਣ ... 20

ਹਵਾਲੇ ਅਤੇ ਟਿੱਪਣੀਆਂ ... 20

**ਅਧਿਆਇ 2 ਸਕੂਲ ਲਾਇਬ੍ਰੇਰੀ ਦਾ ਕਾਨੂੰਨੀ ਅਤੇ ਵਿੱਤੀ ਢਾਂਚਾ** ... 22

2.1 ਭੂਮਿਕਾ ... 22

2.2 ਕਾਨੂੰਨੀ ਅਧਾਰ ਅਤੇ ਮੁੱਦੇ ... 22

2.3 ਨੈਤਿਕ ਅਧਾਰ ਅਤੇ ਮੁੱਦੇ ... 22

2.4 ਸਕੂਲ ਲਾਇਬ੍ਰੇਰੀ ਵਿਕਾਸ ਲਈ ਲੁੜੀਂਦਾ ਬੁਨਿਆਦੀ ਢਾਂਚਾ ... 23

2.5 ਨੀਤੀਆਂ ... 23

2.6 ਯੋਜਨਾਬੰਦੀ ... 24

2.7 ਵਿੱਤੀ ਸਹਾਇਤਾ ... 25

ਹਵਾਲੇ ਅਤੇ ਟਿੱਪਣੀਆਂ ... 26

**ਅਧਿਆਇ 3 ਸਕੂਲ ਲਾਇਬ੍ਰੇਰੀ ਅਮਲਾ** ... 27

3.1 ਭੂਮਿਕਾ ... 27

3.2 ਸਕੂਲ ਲਾਇਬ੍ਰੇਰੀ ਅਮਲੇ ਦੀਆਂ ਭੂਮਿਕਾਵਾਂ ਅਤੇ ਤਰਕਪੂਰਨ ਅਧਾਰ ... 27

3.3 ਸਕੂਲ ਲਾਇਬ੍ਰੇਰੀਅਨ ਦੀ ਪਰਿਭਾਸ਼ਾ ... 27

3.4 ਸਕੂਲ ਲਾਇਬ੍ਰੇਰੀਅਨ ਦੀ ਵਿਦਿਅਕ ਯੋਗਤਾ ਅਤੇ ਸਮਰੱਥਾਵਾਂ ... 28

3.5 ਸਕੂਲ ਲਾਇਬ੍ਰੇਰੀਅਨ ਦੇ ਕੰਮ ... 29

3.5.1 ਸਿੱਖਿਆ ... 29
3.5.2 ਪ੍ਰਬੰਧਨ ... 30
3.5.3 ਅਗਵਾਈ ਅਤੇ ਮਿਲਵਰਤਨ ... 30
3.5.4 ਭਾਈਚਾਰਕ ਸਾਂਝ ... 31
3.5.5 ਲਾਇਬ੍ਰੇਰੀ ਸੇਵਾਵਾਂ ਅਤੇ ਕਾਰਜਕ੍ਰਮ ਨੂੰ ਉੱਨਤ ਕਰਨਾ ... 32
3.6 ਸਕੂਲ ਲਾਇਬ੍ਰੇਰੀ ਦਾ ਸਹਿਯੋਗੀ ਅਮਲਾ ... 32
3.7 ਸਕੂਲ ਲਾਇਬ੍ਰੇਰੀ ਵਲੰਟੀਅਰ ... 33
3.8 ਨੈਤਿਕ ਮਿਆਰ ... 33
ਹਵਾਲੇ ਅਤੇ ਟਿੱਪਣੀਆਂ ... 34

**ਅਧਿਆਇ 4 ਸਕੂਲ ਲਾਇਬ੍ਰੇਰੀ ਦੇ ਭੌਤਿਕ ਅਤੇ ਬਿਜ-ਸਰੋਤ** ... 35
4.1 ਭੂਮਿਕਾ ... 35
4.2 ਸਹੂਲਤਾਂ ... 35
4.2.1 ਸਕੂਲ ਲਾਇਬ੍ਰੇਰੀ ਇਮਾਰਤ ਦੀ ਸਥਿਤੀ ਅਤੇ ਸਥਾਨ ... 35
4.2.2 ਸਕੂਲ ਲਾਇਬ੍ਰੇਰੀ ਇਮਾਰਤ ਦੀ ਵਿਵਸਥਾ ... 36
4.2.3 ਭੌਤਿਕ ਅਤੇ ਡਿਜੀਟਲ ਪਹੁੰਚ ... 36
4.3 ਸਰੋਤ ਸੰਗ੍ਰਹਿ ਦਾ ਵਿਕਾਸ ਅਤੇ ਪ੍ਰਬੰਧਨ ... 37
4.3.1 ਸੰਗ੍ਰਹਿ ਪ੍ਰਬੰਧਨ ਨੀਤੀਆਂ ਅਤੇ ਪ੍ਰਕਿਰਿਆਵਾਂ ... 37
4.3.2 ਡਿਜੀਟਲ ਸਰੋਤਾਂ ਨਾਲ ਸਬੰਧਤ ਮਸਲੇ ... 38
4.3.3 ਸਰੋਤ ਸੰਗ੍ਰਹਿਆਂ ਨਾਲ ਸਬੰਧਤ ਮਿਆਰ ... 39
4.3.4 ਸਰੋਤਾਂ ਦੀ ਪਰਸਪਰ ਸਾਂਝ ... 40
ਹਵਾਲੇ ਅਤੇ ਟਿੱਪਣੀਆਂ ... 41

**ਅਧਿਆਇ 5 ਸਕੂਲ ਲਾਇਬ੍ਰੇਰੀ ਦੇ ਕੰਮ** ... 42
5.1 ਭੂਮਿਕਾ ... 42
5.2 ਕਾਰਜਕ੍ਰਮ ਅਤੇ ਗਤੀਵਿਧੀਆਂ ... 42
5.3 ਸਾਖਰਤਾ ਅਤੇ ਪੁਸਤਕ ਸੱਭਿਆਚਾਰ ਦਾ ਵਿਕਾਸ ... 43
5.4 ਸੰਚਾਰ ਤਕਨਾਲੋਜੀ ਅਤੇ ਸੂਚਨਾ ਸਾਖਰਤਾ ... 45
5.5 ਖੋਜ-ਅਧਾਰਤ ਸਿੱਖਿਆ ... 46
5.6 ਤਕਨਾਲੋਜੀ ਦਾ ਏਕੀਕਰਨ ... 49
5.7 ਅਧਿਆਪਕਾਂ ਦਾ ਪੇਸ਼ੇਵਰ ਵਿਕਾਸ ... 50
5.8 ਸਕੂਲ ਲਾਇਬ੍ਰੇਰੀਅਨ ਦੀ ਵਿਦਿਅਕ ਭੂਮਿਕਾ ... 50
ਹਵਾਲੇ ਅਤੇ ਟਿੱਪਣੀਆਂ ... 51

**ਅਧਿਆਇ 6 ਸਕੂਲ ਲਾਇਬ੍ਰੇਰੀ ਮੁਲਾਂਕਣ ਅਤੇ ਲੋਕ ਸੰਪਰਕ** ........ 52
6.1 ਭੂਮਿਕਾ ........ 52
6.2 ਸਕੂਲ ਲਾਇਬ੍ਰੇਰੀ ਮੁਲਾਂਕਣ ਦੇ ਲਾਭ ........ 53
6.3 ਮੁਲਾਂਕਣ ਦੇ ਵਿਭਿੰਨ ਤਰੀਕੇ ........ 53
6.3.1 ਕਾਰਜਕ੍ਰਮ ਗੁਣਵੱਤਾ ........ 53
6.3.2 ਕਾਰਜਕ੍ਰਮ ਸਮੱਗਰੀ ........ 53
6.3.3 ਕਾਰਜਕ੍ਰਮ ਦਾ ਪ੍ਰਭਾਵ ........ 54
6.3.4 ਵਰਤੋਂਕਾਰਾਂ ਦੇ ਅਨੁਭਵ ........ 55
6.3.5 ਤੱਥ-ਅਧਾਰਤ ਅਭਿਆਸ ........ 55
6.4 ਸਕੂਲ ਲਾਇਬ੍ਰੇਰੀ ਅਤੇ ਲੋਕ ਸੰਪਰਕ ........ 56
6.4.1 ਲਾਇਬ੍ਰੇਰੀ ਪ੍ਰਚਾਰ ........ 56
6.4.2 ਲੋਕ ਹਮਾਇਤ ........ 57
ਹਵਾਲੇ ਅਤੇ ਟਿੱਪਣੀਆਂ ........ 58

**ਤਕਨੀਕੀ ਸ਼ਬਦਾਵਲੀ** ........ 60
**ਪੁਸਤਕਸੂਚੀ** ........ 63

**ਅੰਤਿਕਾ-ੳ: ਇਫ਼ਲਾ/ਯੂਨੈਸਕੋ ਸਕੂਲ ਲਾਇਬ੍ਰੇਰੀ ਘੋਸ਼ਣਾ ਪੱਤਰ** ........ 67
**ਅੰਤਿਕਾ-ਅ: ਸਕੂਲ ਲਾਇਬ੍ਰੇਰੀ ਬਜਟ ਦੀ ਯੋਜਨਾਬੰਦੀ** ........ 70
**ਅੰਤਿਕਾ-ੲ: ਖੋਜ-ਅਧਾਰਤ ਸਿੱਖਿਆ ਦੇ ਮਾਡਲ** ........ 71
**ਅੰਤਿਕਾ-ਸ: ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ** ........ 72
**ਅੰਤਿਕਾ-ਹ: ਸਕੂਲ ਪ੍ਰਿੰਸੀਪਲਾਂ ਲਈ ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ** ........ 74

# ਧੰਨਵਾਦ

ਇਨ੍ਹਾਂ ਹਦਾਇਤਾਂ ਨੂੰ ਸੋਧਣ ਲਈ, ਇਫ਼ਲਾ ਦੇ ਸੰਮੇਲਨਾਂ ਵਿਚ ਸ਼ਾਮਲ ਹੋਏ ਵੱਖ-ਵੱਖ ਮੁਲਕਾਂ ਦੇ ਮਾਹਰ ਲੋਕਾਂ ਨਾਲ ਵਿਚਾਰ-ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਦੀਆਂ ਛਿਮਾਂਹੀ ਬੈਠਕਾਂ ਵਿਚ ਕੀਤਾ ਗਿਆ ਸਲਾਹ-ਮਸ਼ਵਰਾ ਤੇ ਵਿਅਕਤੀਗਤ ਤੇ ਇੰਟਰਨੈੱਟ ਰਾਹੀਂ ਕੀਤੀ ਖ਼ਤੋ ਕਿਤਾਬਤ ਤੋਂ ਵੀ ਵਡਮੁੱਲੀ ਜਾਣਕਾਰੀ ਹਾਸਲ ਹੋਈ ਹੈ। ਅਸੀਂ ਇਫ਼ਲਾ ਸਕੂਲ ਲਾਇਬ੍ਰੇਰੀਆਂ ਸਬੰਧੀ ਭਾਗ ਦੀ ਸਥਾਈ ਕਮੇਟੀ, ਕੌਮਾਂਤਰੀ ਸਕੂਲ ਲਾਇਬ੍ਰੇਰੀਅਨ ਸੰਘ ਦੇ ਕਾਰਜਕਾਰੀ ਬੋਰਡ ਅਤੇ ਕੌਮਾਂਤਰੀ ਸਕੂਲ ਲਾਇਬ੍ਰੇਰੀ ਭਾਈਚਾਰੇ ਦੇ ਸਮੁੱਚੇ ਮੈਂਬਰ ਸਾਹਿਬਾਨਾਂ ਦੁਆਰਾ ਇਸ ਪ੍ਰਾਜੈੱਕਟ ਲਈ ਕੀਤੇ ਗਏ ਜੋਸ਼ ਭਰਪੂਰ ਕਾਰਜਾਂ ਤੇ ਸਾਂਝੇ ਕੀਤੇ ਗਏ ਮਹੱਤਵਪੂਰਨ ਤਜਰਬਿਆਂ ਲਈ ਇਹਸਾਨਮੰਦ ਹਾਂ। ਅਸੀਂ ਇਫ਼ਲਾ ਦੇ ਸਵਦੇਸ਼ੀ ਮਾਮਲਿਆਂ ਨਾਲ ਸਬੰਧਤ ਵਿਸ਼ੇਸ਼ ਜਾਂਚ ਸਮੂਹ ਦੁਆਰਾ ਕੀਤੀ ਗਈ ਉਸ ਸਮੀਖਿਆ ਤੇ ਟਿੱਪਣੀਆਂ ਦੀ ਵੀ ਕਦਰ ਕਰਦੇ ਹਾਂ, ਜਿਨ੍ਹਾਂ ਨੂੰ ਵਿਓਂਤਬੱਧ ਤਰੀਕੇ ਨਾਲ ਇਨ੍ਹਾਂ ਹਦਾਇਤਾਂ ਵਿਚ ਸ਼ਾਮਲ ਕੀਤਾ ਗਿਆ ਹੈ।

ਸਾਡੇ ਵੱਲੋਂ ਇਫ਼ਲਾ ਸਕੂਲ ਲਾਇਬ੍ਰੇਰੀਆਂ ਸਬੰਧੀ ਭਾਗ ਦੀ ਸਥਾਈ ਕਮੇਟੀ ਦੇ ਮੈਂਬਰ ਸਾਹਿਬਾਨਾਂ ਤੇ ਅਧਿਕਾਰੀਆਂ ਦਾ ਧੰਨਵਾਦ: ਨੈਨਸੀ ਅਚੇਬੇ (ਨਾਈਜ਼ੀਰੀਆ), ਟਰੀਸ਼ੀਆ ਐਡਮਸ (ਯੂ. ਕੇ., ਸੂਚਨਾ ਸਹਾਇਕ), ਲੀਸਾ ਏਸਟਰੋਮ (ਸਵੀਡਨ), ਲੇਸਲੀ ਫਾਰਮਰ (ਯੂ. ਐੱਸ. ਏ., ਬਲੋਗ/ਸਮਾਚਾਰ ਪੱਤਰ ਸੰਪਾਦਕ), ਕੈਰਨ ਗੇਵੇਗਨ (ਯੂ. ਐੱਸ. ਏ.), ਰੇਈ ਇਵਾਸਕੀ (ਜਪਾਨ), ਮਿਰੇਲ ਲਾਮੋਰੌਕਸ (ਫਰਾਂਸ), ਰੈਂਡੀ ਲੁੰਡਵੈੱਲ (ਨੌਰਵੇ), ਡੈਨਿਅਲ ਮਾਰਟੀਨੌਡ (ਫਰਾਂਸ), ਲੁਈਸਾ ਮਾਰਕਾਰਡਟ (ਇਟਲੀ), ਡਾਇਨ ਉਬ੍ਰਗ (ਕਨੇਡਾ, ਸਕੱਤਰ), ਬਾਰਬਰਾ ਸ਼ਅਲਟਜ਼-ਜੌਨਸ (ਯੂ. ਐੱਸ. ਏ., ਮੁੱਖੀ) ਅਤੇ ਏਨੀਕੇ ਸੇਲਮਰ (ਨੌਰਵੇ)। ਸੁਹਬਤੀ ਮੈਂਬਰ ਸਾਹਿਬਾਨ: ਲੌਰੈਂਸ ਦਾਸ (ਨੀਦਰਲੈਂਡ), ਪੇਸ਼ੈਂਸ ਕੇਰਸ਼ਾ (ਨਾਈਜ਼ੀਰੀਆ), ਬੀ. ਐੱਨ. ਸਿੰਘ (ਭਾਰਤ) ਅਤੇ ਦਲਜੀਤ ਸਿੰਘ (ਮਲੇਸ਼ੀਆ)। ਆਈ. ਏ. ਐੱਸ. ਐੱਲ. ਦੇ ਅਧਿਕਾਰੀ: ਲੂਰਡਸ ਟੀ. ਡੇਵਿਡ (ਫਿਲਿਪੀਂਸ), ਬੂਸੀ ਡਾਇਆਮਿਨੀ (ਦੱਖਣੀ ਅਫਰੀਕਾ), ਨੈਨਸੀ ਐਵਰਹਾਰਟ (ਯੂ. ਐੱਸ. ਏ.), ਐਲਜ਼ਾਬੈੱਥ ਗਰੀਫ (ਅਸਟਰੇਲੀਆ, ਉਪ ਪ੍ਰਧਾਨ), ਮਧੂ ਭਾਰਗਵ (ਭਾਰਤ), ਕੇਈ ਹੌਨਸ (ਯੂ. ਐੱਸ. ਏ., ਉਪ ਪ੍ਰਧਾਨ), ਗੇਰਾਲਡਿਨ ਹੌਵੈਲ (ਨਿਊਜ਼ੀਲੈਂਡ), ਕੈਟੀ ਮੰਕ (ਯੂ. ਐੱਸ. ਏ., ਖਜਾਨਚੀ), ਲੁਈਸਾ ਮਾਰਕਾਰਡਟ (ਇਟਲੀ), ਡਾਇਨ ਉਬ੍ਰਗ (ਕਨੇਡਾ), ਦਲਜੀਤ ਸਿੰਘ (ਮਲੇਸ਼ੀਆ, ਪ੍ਰਧਾਨ), ਇੰਗਰਿਡ ਸਿਕਰੋ (ਆਸਟਰੀਆ), ਪਾਲਲੈੱਟ ਸਟੀਵਰਟ (ਜਮੈਕਾ) ਅਤੇ ਆਇਸ ਯਕਸਿਲ-ਦਰੁਕਾਨ (ਤੁਰਕੀ)। ਹੋਰ ਸਹਿਕਰਮੀ, ਜਿਨ੍ਹਾਂ ਨੇ ਲਿਖਣ ਤੇ ਪੜਚੋਲ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ ‘ਤੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ: ਇੰਗਰਿਡ ਬੌਨ (ਨੀਦਰਲੈਂਡ), ਫੂ ਸੂ ਚਿਨ (ਸਿੰਘਾਪੁਰ), ਵਿਰੋਨਿਕਾ ਕਾਮਨ (ਹੰਗਰੀ), ਸੁਸਾਨ ਟੈਪੂਲਡੋ (ਫਿਲਿਪੀਂਸ), ਰੌਸ ਟੌਡ (ਯੂ. ਐੱਸ. ਏ.) ਅਤੇ ਗਲੋਰੀਆ ਤਰੀਨੀਦਾਦ (ਫਿਲਿਪੀਂਸ)।

ਬਾਰਬਰਾ ਸ਼ਅਲਟਜ਼-ਜੌਨਸ, ਮੁੱਖੀ
ਡਾਇਨ ਉਬ੍ਰਗ, ਸਕੱਤਰ
ਇਫ਼ਲਾ ਸਕੂਲ ਲਾਇਬ੍ਰੇਰੀਆਂ ਸਬੰਧੀ ਭਾਗ

**ਜੂਨ 2015**

# ਸਾਰੰਸ਼

**ਸਕੂਲ ਲਾਇਬ੍ਰੇਰੀ ਘੋਸ਼ਣਾ ਪੱਤਰ:** ਸਾਲ 1999 ਦੇ *ਇਫ਼ਲਾ/ਯੂਨੈਸਕੋ ਸਕੂਲ ਲਾਇਬ੍ਰੇਰੀ ਘੋਸ਼ਣਾ ਪੱਤਰ* (ਸਕੂਲ ਲਾਇਬ੍ਰੇਰੀ ਮੈਨੀਫੈਸਟੋ: ਦਿ ਸਕੂਲ ਲਾਇਬ੍ਰੇਰੀ ਇੰਨ ਟੀਚਿੰਗ ਐਂਡ ਲਰਨਿੰਗ ਫ਼ਾਰ ਆਲ) ਅਨੁਸਾਰ ਸੰਸਾਰ ਭਰ ਦੀਆਂ ਸਮੁੱਚੀਆਂ ਸਕੂਲ ਲਾਇਬ੍ਰੇਰੀਆਂ ਨੂੰ ਸਥਾਪਤ ਕਰਨ ਦਾ ਮਕਸਦ ਇਕਸਾਰ ਹੈ। ਇਸ ਪੱਤਰ ਤੋਂ ਇਲਾਵਾ ਕੌਮਾਂਤਰੀ ਪੱਧਰ 'ਤੇ ਬੱਚਿਆਂ ਦੇ ਅਧਿਕਾਰਾਂ ਨਾਲ ਸਬੰਧਤ ਇਕਜੁੱਟ ਰਾਸ਼ਟਰਾਂ ਤੇ ਇਫ਼ਲਾ ਵੱਲੋਂ ਵੱਖ-ਵੱਖ ਸਮਿਆਂ 'ਤੇ ਕਈ ਕਾਨੂੰਨ ਤੇ ਘੋਸ਼ਣਾਵਾਂ ਜਾਰੀ ਕੀਤੀਆਂ ਗਈਆਂ ਹਨ; ਜਿਵੇਂਕਿ, *ਇਕਜੁੱਟ ਰਾਸ਼ਟਰਾਂ ਦੀ ਬੱਚੇ ਦੇ ਅਧਿਕਾਰਾਂ ਦੀ ਘੋਸ਼ਣਾ* (1959), *ਇਕਜੁੱਟ ਰਾਸ਼ਟਰਾਂ ਦੁਆਰਾ ਬੱਚੇ ਦੇ ਅਧਿਕਾਰਾਂ ਉੱਤੇ ਕਰਵਾਇਆ ਸੰਮੇਲਨ* (1989), *ਇਕਜੁੱਟ ਰਾਸ਼ਟਰਾਂ ਦੀ ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਦੀ ਘੋਸ਼ਣਾ* (2007) ਅਤੇ ਇਫ਼ਲਾ ਦੀਆਂ ਮੁੱਢਲੀਆਂ ਕਦਰਾਂ-ਕੀਮਤਾਂ।ਆਲਮੀ ਪੱਧਰ ਦਾ ਸਮੁੱਚਾ ਸਕੂਲ ਲਾਇਬ੍ਰੇਰੀ ਅਮਲਾ ਇਨ੍ਹਾਂ ਅਧਿਕਾਰਾਂ ਤੇ ਕਦਰਾਂ-ਕੀਮਤਾਂ ਦਾ ਸਮਰਥਨ ਕਰਦਾ ਹੈ। ਵਰਣਨਯੋਗ ਹੈ ਕਿ *ਘੋਸ਼ਣਾ ਪੱਤਰ* ਵਿਚ ਸਕੂਲ ਲਾਇਬ੍ਰੇਰੀਆਂ ਨੂੰ ਇਕ ਅਜਿਹੇ ਕੇਂਦਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜੋ ਵਿਆਪਕ ਸਕੂਲ ਭਾਈਚਾਰੇ ਦੇ ਸਮੁੱਚੇ ਲੋਕਾਂ ਦੀਆਂ ਸਿੱਖਣ ਤੇ ਸਿਖਾਉਣ ਦੀਆਂ ਲੋੜਾਂ ਦੀ ਪੂਰਤੀ ਲਈ ਸਦਾ ਯਤਨਸ਼ੀਲ ਹੈ।

**ਸਕੂਲ ਲਾਇਬ੍ਰੇਰੀ ਹਦਾਇਤਾਂ:** ਇਹ ਹਦਾਇਤਾਂ ਸਾਡੀ ਪਾਉਣ ਦੀ ਇੱਛਾ ਅਤੇ ਮੁਨਾਸਬ ਤੌਰ 'ਤੇ ਅਸੀਂ ਕੀ ਹਾਸਲ ਕਰਨ ਦੀ ਆਸ ਰੱਖ ਸਕਦੇ ਹਾਂ ਦੇ ਵਿਚਕਾਰ ਇਕ ਸਮਝੌਤੇ ਦੀ ਨੁਮਾਇੰਦਗੀ ਕਰਦੀਆਂ ਹਨ। ਇਸ ਦਸਤਾਵੇਜ਼ ਦੇ ਸਹਿਯੋਗੀ ਸਕੂਲ ਲਾਇਬ੍ਰੇਰੀਆਂ ਦੁਆਰਾ ਧਾਰਨ ਗਈਆਂ ਕੀਤੀਆਂ ਕਦਰਾਂ-ਕੀਮਤਾਂ ਤੇ ਸਾਂਝੇ ਕਾਰਜ ਉਦੇਸ਼ ਤੋਂ ਅਥਾਹ ਪ੍ਰੇਰਿਤ ਤੇ ਪ੍ਰਭਾਵਿਤ ਹੋਏ ਸਨ। ਉਨ੍ਹਾਂ ਸਾਰਿਆਂ ਇਸ ਗੱਲ ਨੂੰ ਸਵੀਕਾਰਿਆ ਕਿ ਸਕੂਲ ਲਾਇਬ੍ਰੇਰੀਆਂ ਦੇ ਕਰਮਚਾਰੀਆਂ ਆਦਿ ਨੂੰ ਸਮੁੱਚੇ ਸਕੂਲ ਭਾਈਚਾਰੇ ਦੀਆਂ ਵਿਦਿਅਕ ਲੋੜਾਂ ਦੀ ਪੂਰਤੀ ਲਈ ਹਰਦਮ ਯਤਨਸ਼ੀਲ ਰਹਿਣਾ ਚਾਹੀਦਾ ਹੈ।

**ਸਕੂਲ ਲਾਇਬ੍ਰੇਰੀਆਂ ਦਾ ਟੀਚਾ:** ਸਮੁੱਚੀਆਂ ਸਕੂਲ ਲਾਇਬ੍ਰੇਰੀਆਂ ਦਾ ਟੀਚਾ ਉਨ੍ਹਾਂ ਸੂਚਨਾ-ਸਾਖਰ (information literate) ਵਿਦਿਆਰਥੀਆਂ ਦਾ ਨਿਰਮਾਣ ਕਰਨਾ ਹੈ, ਜੋ ਕਿਸੇ ਵੀ ਸਮਾਜ ਵਿਚ ਜ਼ੁੰਮੇਵਾਰ ਤੇ ਨੈਤਿਕ ਨਾਗਰਿਕਾਂ ਦੇ ਰੂਪ ਵਿਚ ਵਿਚਰਦੇ ਹੋਣ। ਇਹ ਵਿਦਿਆਰਥੀ ਕਾਬਲ ਸਵੈ-ਨਿਰਦੇਸ਼ਿਤ ਸਿੱਖਿਆਰਥੀ ਹੁੰਦੇ ਹੋਏ ਸੂਚਨਾ ਸਬੰਧੀ ਆਪਣੀਆਂ ਲੋੜਾਂ ਤੋਂ ਭਲੀ ਭਾਂਤ ਜਾਣੂ ਹੋਣ ਦੇ ਨਾਲ-ਨਾਲ ਸਰਗਰਮ ਰੂਪ ਵਿਚ ਨਵੇਂ ਵਿਚਾਰਾਂ ਨੂੰ ਘੜਣ ਲਈ ਵਚਨਬੱਧ ਹੁੰਦੇ ਹਨ। ਆਪਣੀ ਇਸੇ ਯੋਗਤਾ ਜ਼ਰੀਏ ਉਹ ਮੁਸ਼ਕਲਾਂ ਨੂੰ ਹੱਲ ਕਰਨ ਦੇ ਹੌਸਲੇ ਦੀ ਪੇਸ਼ਕਾਰੀ ਕਰਦੇ ਹਨ ਤੇ ਕੁਸ਼ਲਤਾਪੂਰਵਕ ਇਹ ਵੀ ਜਾਣਦੇ ਹਨ ਕਿ ਢੁੱਕਵੀਂ ਤੇ ਭਰੋਸੇਯੋਗ ਜਾਣਕਾਰੀ ਕਿੱਥੋਂ ਲੱਭੀ ਜਾ ਸਕਦੀ ਹੈ। ਉਹ ਤਕਨਾਲੋਜੀ ਦੇ ਆਧੁਨਿਕ ਉਪਕਰਨਾਂ ਦੀ ਵਰਤੋਂ ਨਾਲ ਲੁੜੀਂਦੀ ਜਾਣਕਾਰੀ ਹਾਸਲ ਕਰਨ ਦੇ ਸਮਰੱਥ ਹੁੰਦੇ ਹਨ। ਇਸ ਤੋਂ ਇਲਾਵਾ ਉਹ ਇਨ੍ਹਾਂ ਉਪਕਰਨਾਂ ਨੂੰ ਨਵੀਨ ਜਾਣਕਾਰੀ ਦੇ ਸੰਚਾਰ ਤੇ ਨਵੇਂ ਸਿਰੇ ਤੋਂ ਪੇਸ਼ ਕਰਨ ਦੇ ਢੰਗ ਤੋਂ ਵੀ ਵਾਕਫ਼ ਹੁੰਦੇ ਹਨ। ਉਹ ਉਨ੍ਹਾਂ ਸਥਿਤੀਆਂ ਵਿਚ ਵੀ ਨਿਸ਼ਚਿੰਤ ਤੇ ਸਹਿਜ ਹੋ ਕੇ ਕੰਮ ਕਰਨ ਦੇ ਯੋਗ ਹੁੰਦੇ ਹਨ, ਜਿਨ੍ਹਾਂ ਸਥਿਤੀਆਂ ਵਿਚ ਉਨ੍ਹਾਂ ਕੋਲ ਇਕ ਮੁਸ਼ਕਲ ਦੇ ਕਈ ਹੱਲ ਹੋ ਸਕਦੇ ਹਨ ਜਾਂ ਇਸ ਦੇ ਉਲ਼ਟ ਕੋਈ ਹੱਲ ਨਹੀਂ ਹੁੰਦਾ। ਉਹ ਆਪਣੇ ਕੰਮ ਦਾ ਪੱਧਰ ਉੱਚਾ ਰੱਖਦੇ ਹਨ ਤੇ ਗੁਣਵੱਤਾ ਭਰਪੂਰ ਉਤਪਾਦਾਂ ਦੀ ਰਚਨਾ ਕਰਦੇ ਹਨ। ਉਹ ਆਲੋਚਨਾਤਮਕ, ਗੰਭਰਿ ਅਤੇ ਪਾਰਖੂ ਸੋਚ ਦੇ ਧਾਰਨੀ ਹੁੰਦੇ ਹਨ। ਉਹ ਲਚਕਦਾਰ ਹੁੰਦੇ ਹਨ ਤੇ ਹਰ ਵੰਗਾਰ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹਨ। ਉਹ ਇਕੱਲੇ ਤੌਰ 'ਤੇ ਅਤੇ ਸਮੂਹਕ ਰੂਪ ਵਿਚ ਕੰਮ ਕਰਨ ਦੇ ਯੋਗ ਹੁੰਦੇ ਹਨ।

**ਸਕੂਲ ਲਾਇਬ੍ਰੇਰੀਆਂ ਦੀ ਬਣਤਰ:** ਸੂਚਨਾ ਦੇ ਅਜੋਕੇ ਸਮਾਜ ਵਿਚ ਮਹੱਤਵਪੂਰਨ ਯੋਗਤਾਵਾਂ ਦੇ ਵਿਕਾਸ ਵਾਸਤੇ ਇਕਸਾਰ ਮੌਕੇ ਪ੍ਰਦਾਨ ਕਰਨ ਲਈ ਸਕੂਲ ਲਾਇਬ੍ਰੇਰੀਆਂ ਸਥਾਨਕੀ, ਖੇਤਰੀ ਅਤੇ ਕੌਮੀ ਇਖਤਿਆਰ ਦੇ ਢਾਂਚੇ ਅਧੀਨ ਕੰਮ ਕਰਦੀਆਂ ਹਨ। ਨਿੱਤ ਦਿਹਾੜੀ ਉੱਭਰ ਰਹੇ ਵਿਦਿਅਕ ਤੇ ਸੱਭਿਆਚਾਰਕ ਮਾਹੌਲ ਨਾਲ ਨਜਿੱਠਣ ਲਈ ਇਨ੍ਹਾਂ ਨੂੰ ਸਦਾ ਕਾਨੂੰਨੀ ਤੇ ਵਿੱਤੀ ਸਹਾਇਤਾ ਦੀ ਲੋੜ ਹੁੰਦੀ ਹੈ।

ਸਕੂਲ ਲਾਇਬ੍ਰੇਰੀਆਂ ਉਸ ਨੈਤਿਕ ਢਾਂਚੇ ਹੇਠ ਵੀ ਕੰਮ ਕਰਦੀਆਂ ਹਨ, ਜੋ ਵਿਦਿਆਰਥੀਆਂ ਦੇ ਨਾਲ-ਨਾਲ ਗਿਆਨ ਨਾਲ ਜੁੜੇ ਦੂਜੇ ਲੋਕਾਂ ਦੇ ਹੱਕਾਂ ਤੇ ਜ਼ੁੰਮੇਵਾਰੀਆਂ ਬਾਬਤ ਸੋਚਦਾ ਹੈ। ਰਜਾਕਾਰਾਂ (ਵਲੰਟੀਅਰਾਂ) ਸਮੇਤ ਸਕੂਲ ਲਾਇਬ੍ਰੇਰੀਆਂ ਵਿਚ ਕੰਮ ਕਰਦੇ ਹਰੇਕ ਵਿਅਕਤੀ ਹਿੱਸੇ, ਇਕ-ਦੂਜੇ ਪ੍ਰਤੀ ਤਾਲਮੇਲ ਰੱਖਣ ਤੇ ਸਕੂਲ ਭਾਈਚਾਰੇ ਦੇ ਦੂਜੇ ਮੈਂਬਰਾਂ ਨਾਲ ਵਿਚਰਨ ਸਮੇਂ ਉੱਚ ਨੈਤਿਕ ਮਿਆਰਾਂ ਦੀ ਪਾਲਣਾ ਕਰਨ ਦੀ ਜ਼ੁੰਮੇਵਾਰੀ ਆਉਂਦੀ ਹੈ। ਉਹ ਲਾਇਬ੍ਰੇਰੀ ਵਰਤੋਂਕਾਰਾਂ ਦੇ ਅਧਿਕਾਰਾਂ ਨੂੰ ਆਪਣੀ ਹਰ ਸੁੱਖ-ਸਹੂਲਤ ਤੋਂ ਉੱਪਰ ਰੱਖਣ ਲਈ ਹਮੇਸ਼ਾ ਯਤਨਸ਼ੀਲ

ਰਹਿੰਦੇ ਹਨ ਤੇ ਉਨ੍ਹਾਂ ਨੂੰ ਬਗ਼ੈਰ ਕਿਸੇ ਪੱਖਪਾਤ, ਪੂਰਵ ਨਿਰਧਾਰਤ ਧਾਰਨਾ ਅਤੇ ਨਿੱਜੀ ਹਿੱਤ ਦੇ ਲਾਇਬ੍ਰੇਰੀ ਸੇਵਾਵਾਂ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਉਹ ਨਿੱਜਤਾ ਤੇ ਜਾਣਨ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਦੇ ਹੋਏ ਤੇ ਸਾਰੇ ਲੋਕਾਂ ਦੀਆਂ ਯੋਗਤਾਵਾਂ ਤੇ ਪਿਛੋਕੜ ਤੋਂ ਬੇਪਰਵਾਹ ਹੁੰਦਿਆ, ਹਰੇਕ ਨਾਲ ਬਰਾਬਰ ਦਾ ਵਿਹਾਰ ਕਰਦੇ ਹਨ।

**ਸਕੂਲ ਲਾਇਬ੍ਰੇਰੀ ਅਮਲਾ:** ਸਕੂਲ ਲਾਇਬ੍ਰੇਰੀਆਂ ਦੀ ਮੁੱਖ ਭੂਮਿਕਾ ਸਿੱਖਣ ਤੇ ਸਿਖਾਉਣ ਦੇ ਕਾਰਜਾਂ ਨੂੰ ਸੌਖਾਲਾ ਬਣਾਉਣ ਦੀ ਹੈ। ਇਸ ਲਈ ਇਨ੍ਹਾਂ ਦੀਆਂ ਸੇਵਾਵਾਂ ਤੇ ਸਰਗਰਮੀਆਂ ਪੇਸ਼ੇਵਰ ਲੋਕਾਂ ਦੀ ਨਿਗਰਾਨੀ ਹੇਠ ਨਿਭਾਈਆਂ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਦੀ ਤਾਲੀਮ ਤੇ ਸਿਖਲਾਈ ਦਾ ਪੱਧਰ ਸਕੂਲ ਵਿਚਲੇ ਅਧਿਆਪਕਾਂ ਦੇ ਮੁਕਾਬਲਤਨ ਬਰਾਬਰ ਹੋਵੇ। ਸਕੂਲ ਲਾਇਬ੍ਰੇਰੀਅਨਾਂ ਪਾਸੋਂ ਸਕੂਲੀ ਮਾਮਲਿਆਂ ਵਿਚ ਰਹਿਨੁਮਾਈ ਦੀ ਆਸ ਕੀਤੀ ਜਾਂਦੀ ਹੈ। ਇਸ ਲਈ ਸਕੂਲ ਵਿਚਲੇ ਦੂਜੇ ਲੋਕਾਂ (ਸਕੂਲ ਪ੍ਰਬੰਧਕਾਂ ਤੇ ਵਿਦਿਅਕ ਮਾਹਰਾਂ) ਵਾਂਗ ਉਨ੍ਹਾਂ ਦੀ ਸਿੱਖਿਆ ਤੇ ਸਿਖਲਾਈ ਦਾ ਪੱਧਰ ਵੀ ਇੱਕੋ ਜਿਹਾ ਹੋਵੇ। ਸਕੂਲ ਲਾਇਬ੍ਰੇਰੀਆਂ ਦਾ ਕੰਮ-ਕਾਜ ਸਿਖਲਾਈ ਪ੍ਰਾਪਤ ਕਲਰਕਾਂ ਤੇ ਤਕਨੀਕੀ ਕਰਮਚਾਰੀਆਂ ਦੁਆਰਾ ਸਾਂਭਿਆ ਜਾਂਦਾ ਹੈ ਤਾਂ ਜੋ ਸਕੂਲ ਲਾਇਬ੍ਰੇਰੀਅਨਾਂ ਨੂੰ ਸਿੱਖਿਆ, ਪ੍ਰਬੰਧਨ, ਤਾਲਮੇਲ, ਅਗਵਾਈ ਆਦਿ ਦੀਆਂ ਪੇਸ਼ੇਵਰ ਭੂਮਿਕਾਵਾਂ ਦੇ ਸੰਚਾਲਨ ਲਈ ਲੁੜੀਂਦਾ ਸਮਾਂ ਪ੍ਰਦਾਨ ਕੀਤਾ ਜਾ ਸਕੇ।

ਸਕੂਲ ਲਾਇਬ੍ਰੇਰੀ ਦੇ ਕਰਮਚਾਰੀਆਂ ਦੀ ਸੰਖਿਆ ਤੇ ਕਿਸਮਾਂ ਕਾਨੂੰਨਸਾਜ਼ੀ, ਆਰਥਕ ਵਿਕਾਸ ਅਤੇ ਵਿਦਿਅਕ ਢਾਂਚੇ ਦੇ ਮੱਦੇ ਨਜ਼ਰ ਸਥਾਨਕ ਲੋੜ ਦੀ ਮੰਗ ਅਨੁਸਾਰ ਵਿਭਿੰਨ ਹੁੰਦੀਆਂ ਹਨ। 50 ਵਰ੍ਹਿਆਂ ਤੋਂ ਵੱਧ ਦੀ ਕੌਮਾਂਤਰੀ ਖੋਜ ਦੱਸਦੀ ਹੈ ਕਿ ਸਿੱਖਿਆ, ਪੁਸਤਕ ਸੱਭਿਆਚਾਰ ਤੇ ਸਾਖਰਤਾ ਵਿਕਾਸ, ਸਕੂਲ ਲਾਇਬ੍ਰੇਰੀ ਪ੍ਰਬੰਧਨ, ਅਧਿਆਪਕਾਂ ਨਾਲ ਤਾਲਮੇਲ, ਵਿਦਿਅਕ ਭਾਈਚਾਰੇ ਵਿਚ ਵਿਚਰਨ ਦੀਆਂ ਗੁੰਝਲਦਾਰ ਭੂਮਿਕਾਵਾਂ ਦੇ ਨਿਭਾਅ ਲਈ ਉਨ੍ਹਾਂ ਮਹਾਰਤੀ ਸਕੂਲ ਲਾਇਬ੍ਰੇਰੀਅਨਾਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨੂੰ ਲਾਇਬ੍ਰੇਰੀ ਵਿਗਿਆਨ ਦੀ ਸਿੱਖਿਆ ਦੇ ਨਾਲ-ਨਾਲ ਅਧਿਆਪਨ ਦਾ ਵੀ ਇਲਮ ਹੋਵੇ।

**ਸਕੂਲ ਲਾਇਬ੍ਰੇਰੀ ਦੇ ਸਰੋਤ ਸੰਗ੍ਰਹਿ:** ਸਕੂਲ ਲਾਇਬ੍ਰੇਰੀਅਨ ਨੀਤੀਆਂ ਦੇ ਵਿਕਾਸ ਲਈ ਪ੍ਰਬੰਧਕਾਂ ਤੇ ਅਧਿਆਪਕਾਂ ਨਾਲ ਇਕਜੁੱਟ ਹੋ ਕੇ ਕੰਮ ਕਰਦੇ ਹਨ। ਇਹ ਨੀਤੀਆਂ ਲਾਇਬ੍ਰੇਰੀ ਦੇ ਵਿਦਿਅਕ ਦਸਤਾਵੇਜ਼ਾਂ ਦੇ ਸੰਗ੍ਰਹਿ ਨੂੰ ਵਿਕਸਤ ਤੇ ਬਰਕਰਾਰ ਰੱਖਣ ਵਿਚ ਮਾਰਗ-ਦਰਸ਼ਨ ਦਾ ਕੰਮ ਕਰਦੀਆਂ ਹਨ। ਇਨ੍ਹਾਂ ਵਿਚਲੀ ਸੰਗ੍ਰਹਿ ਪ੍ਰਬੰਧਨ ਨੀਤੀ ਪਾਠਕ੍ਰਮ ਤੇ ਸਕੂਲ ਭਾਈਚਾਰੇ ਦੀਆਂ ਖਾਸ ਲੋੜਾਂ ਤੇ ਹਿਤਾਂ ਅਨੁਸਾਰ ਉਲੀਕੀ ਜਾਣੀ ਚਾਹੀਦੀ ਹੈ, ਜੋ ਸਕੂਲੋਂ ਬਾਹਰੀ ਸਮਾਜਕ ਤੇ ਸੱਭਿਆਚਾਰਕ ਵਿਭਿੰਨਤਾ ਦੀ ਗੱਲ ਵੀ ਕਰਦੀ ਹੋਵੇ। ਇਸ ਨੀਤੀ ਵਿਚ ਇਕ ਗੱਲ ਸਪਸ਼ਟ ਕੀਤੀ ਜਾਣੀ ਚਾਹੀਦੀ ਹੈ ਕਿ ਸੰਗ੍ਰਹਿ ਵਿਕਾਸ ਦਾ ਕਾਰਜ ਇਕ ਸਾਂਝਾ ਯਤਨ ਹੈ, ਜਿਸ ਵਿਚ ਅਧਿਆਪਕ ਵਿਸ਼ੇ ਦੇ ਮਾਹਰਾਂ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜਿਨ੍ਹਾਂ ਕੋਲ ਲਾਇਬ੍ਰੇਰੀ ਸੰਗ੍ਰਹਿ ਦੇ ਵਿਕਾਸ ਵਿਚ ਯੋਗਦਾਨ ਪਾਉਣ ਲਈ ਵਿਦਿਆਰਥੀਆਂ ਦੀਆਂ ਲੋੜਾਂ ਬਾਬਤ ਚੋਖਾ ਤੇ ਕੀਮਤੀ ਗਿਆਨ ਹੁੰਦਾ ਹੈ। ਇਸ ਨੀਤੀ ਵਿਚ ਇਸ ਗੱਲ ਨੂੰ ਯਕੀਨੀ ਬਣਾਇਆ ਜਾਣਾ ਬਹੁਤ ਜ਼ਰੂਰੀ ਹੈ ਕਿ ਸਕੂਲ ਲਾਇਬ੍ਰੇਰੀਆਂ ਸਥਾਨਕ ਤੇ ਕੌਮਾਂਤਰੀ ਪੱਧਰ 'ਤੇ ਰਚੇ ਗਏ ਉਹ ਸਰੋਤ ਪ੍ਰਾਪਤ ਕਰਨ, ਜੋ ਸਕੂਲ ਭਾਈਚਾਰੇ ਦੇ ਸਮੁੱਚੇ ਮੈਂਬਰਾਂ ਦੀਆਂ ਕੌਮੀ, ਨਸਲੀ, ਸੱਭਿਆਚਾਰਕ, ਭਾਸ਼ਾਈ, ਸੁਦੇਸ਼ੀ ਆਦਿ ਤੱਤਾਂ ਬਾਰੇ ਚਾਨਣਾ ਪਾਉਂਦੇ ਹੋਣ।

**ਸਕੂਲ ਲਾਇਬ੍ਰੇਰੀਆਂ ਦੇ ਕੰਮ:** ਸਕੂਲ ਲਾਇਬ੍ਰੇਰੀਆਂ ਦੀਆਂ ਵਿਦਿਅਕ ਭੂਮਿਕਾਵਾਂ ਵਿਚ ਸਿੱਖਿਆ ਦੀਆਂ ਮੂਲ ਕਿਰਿਆਵਾਂ ਸਮੇਤ ਨਿਮਨਲਿਖਤ ਗਤੀਵਿਧੀਆਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ:

- ਸਾਖਰਤਾ ਤੇ ਪੁਸਤਕ ਸੱਭਿਆਚਾਰ ਦਾ ਵਿਕਾਸ;
- ਸੰਚਾਰ ਤਕਨਾਲੋਜੀ ਤੇ ਸੂਚਨਾ ਸਾਖਰਤਾ ਦੀ ਉੱਨਤੀ
- ਖੋਜ-ਅਧਾਰਤ ਸਿੱਖਿਆ ਨੂੰ ਬੜਾਵਾ;
- ਤਕਨਾਲੋਜੀ ਦੇ ਏਕੀਕਰਨ ਸਬੰਧੀ ਕਾਰਜ;
- ਅਧਿਆਪਕਾਂ ਦਾ ਪੇਸ਼ੇਵਰ ਵਿਕਾਸ; ਅਤੇ
- ਸਾਹਿਤ ਤੇ ਸੱਭਿਆਚਾਰ ਦੀ ਉਪਮਾ।

ਸਕੂਲ ਲਾਇਬ੍ਰੇਰੀਅਨ ਸੰਚਾਰ ਮਾਧਿਅਮ ਤੇ ਸੂਚਨਾ ਸਾਖਰਤਾ ਦੀਆਂ ਕੁਸ਼ਲਤਾਵਾਂ ਦੇ ਪ੍ਰਚਾਰ ਤੇ ਪਸਾਰ ਲਈ ਵਿਓਂਤਬੱਧ ਢਾਂਚੇ ਦੇ ਮਹੱਤਵ ਨੂੰ ਪਛਾਣਦੇ ਹਨ ਤੇ ਇਸ ਲਈ ਉਹ ਸਕੂਲੀ ਅਧਿਆਪਕਾਂ ਦੇ ਸਹਿਯੋਗ ਜ਼ਰੀਏ ਵਿਦਿਆਰਥੀਆਂ ਦੀ ਹੁਨਰਮੰਦੀ ਦੇ ਵਾਧੇ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

**ਸਕੂਲ ਲਾਇਬ੍ਰੇਰੀ ਮੁਲਾਂਕਣ:** ਮੁਲਾਂਕਣ ਇਕ ਮਹੱਤਵਪੂਰਨ ਆਲੋਚਨਾਤਮਕ ਪਹਿਲੂ ਹੈ, ਜਿਸ ਦੇ ਤਹਿਤ ਕਿਸੇ ਨਿਰੰਤਰ ਚੱਲ ਰਹੀ ਪ੍ਰਣਾਲੀ ਵਿਚ ਲਗਾਤਾਰ ਸੁਧਾਰ ਸੰਭਵ ਹੁੰਦਾ ਹੈ। ਇਹ ਲਾਇਬ੍ਰੇਰੀ ਦੇ ਕੰਮਾਂ ਨੂੰ ਤਜਵੀਜ਼ਸ਼ੁਦਾ ਟੀਚਿਆਂ ਅਨੁਸਾਰ ਢਾਲਣ ਵਿਚ ਸਹਾਈ ਹੁੰਦਾ ਹੈ। ਇਸ ਦੇ ਜ਼ਰੀਏ ਹੀ ਵਿਦਿਆਰਥੀਆਂ, ਅਧਿਆਪਕਾਂ, ਵਿਦਿਅਕ ਭਾਈਚਾਰੇ ਆਦਿ ਸਾਹਮਣੇ ਸਕੂਲ ਲਾਇਬ੍ਰੇਰੀ ਦੀਆਂ ਗਤੀਵਿਧੀਆਂ ਤੋਂ ਪ੍ਰਾਪਤ ਹੋਣ ਵਾਲੇ ਫਾਇਦਿਆਂ ਨੂੰ ਕਿਰਿਆਤਮਿਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਲਾਇਬ੍ਰੇਰੀ ਦੇ ਕਾਰਜਾਂ ਲਈ ਲੁੜੀਂਦੇ ਸੁਧਾਰਾਂ ਵਾਸਤੇ ਅੰਕੜੇ ਮੁਹੱਈਆ ਕਰਵਾਉਂਦਾ ਹੈ। ਇਸ ਰਾਹੀਂ ਹੀ ਲਾਇਬ੍ਰੇਰੀ ਅਮਲਾ ਤੇ ਇਸ ਦੇ ਵਰਤੋਂਕਾਰ ਲਾਇਬ੍ਰੇਰੀ ਦੀਆਂ ਗਤੀਵਿਧੀਆਂ ਦੀ ਸਮਝ ਤੇ ਮਹੱਤਵ ਤੋਂ ਜਾਣੂ ਹੁੰਦੇ ਹਨ। ਸਫਲ ਮੁਲਾਂਕਣ ਲਾਇਬ੍ਰੇਰੀ ਦੇ ਮੌਜੂਦਾ ਕੰਮਾਂ ਨੂੰ ਸੁਧਾਰਦਾ ਹੋਇਆ ਨਵੇਂ ਕਾਰਜਕ੍ਰਮਾਂ ਤੇ ਸੇਵਾਵਾਂ ਦੇ ਵਿਕਾਸ ਲਈ ਅਗਵਾਈ ਕਰਦਾ ਹੈ।

**ਲੋਕ ਸੰਪਰਕ:** ਲੋਕਾਂ ਨਾਲ ਸਬੰਧ ਸਥਾਪਤ ਕਰਨ ਦੇ ਨਾਲ-ਨਾਲ ਉਨ੍ਹਾਂ ਦਾ ਸਮਰਥਨ ਹਾਸਲ ਕਰਨ ਲਈ ਜਿਸ ਅਗਵਾਈ ਦੀ ਲੋੜ ਹੁੰਦੀ ਹੈ, ਉਸ ਲਈ ਵੀ ਮੁਲਾਂਕਣ ਦਾ ਹੋਣਾ ਜ਼ਰੂਰੀ ਬਣ ਜਾਂਦਾ ਹੈ। ਸਿੱਖਣ-ਸਿਖਾਉਣ ਦੇ ਕਾਰਜਾਂ ਵਿਚ ਸਕੂਲ ਲਾਇਬ੍ਰੇਰੀਆਂ ਦੇ ਕੰਮਾਂ ਨੂੰ ਆਮ ਤੌਰ 'ਤੇ ਸਰਕਾਰਾਂ ਦੁਆਰਾ ਅਣਗੌਲਿਆਂ ਹੀ ਕੀਤਾ ਜਾਂਦਾ ਹੈ। ਇਸ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਲਾਇਬ੍ਰੇਰੀ ਦੀ ਵਿੱਤੀ ਤੇ ਹੋਰ ਕਈ ਤਰ੍ਹਾਂ ਦੀ ਸਹਾਇਤਾ ਨੂੰ ਯਕੀਨੀ ਬਣਾਉਣ ਲਈ, ਉਨ੍ਹਾਂ ਲੋਕਾਂ ਨਾਲ ਸਹਿਯੋਗਾਤਮਕ ਰਿਸ਼ਤੇ ਬਣਾਏ ਜਾਣ, ਜੋ ਸਮਾਜਕ ਭਲਾਈ ਲਈ ਸਦਾ ਤਤਪਰ ਹਨ।

**ਹਥਲੇ ਦਸਤਾਵੇਜ਼ ਸਬੰਧੀ ਜਾਣਕਾਰੀ:** ਇਹ ਹਦਾਇਤਾਂ ਇਫ਼ਲਾ/ਯੂਨੈਸਕੋ ਦੀਆਂ ਸਕੂਲ ਲਾਇਬ੍ਰੇਰੀ ਹਦਾਇਤਾਂ ਦਾ ਦੂਜਾ ਸੋਧਿਆ ਸੰਸਕਰਨ ਹੈ। ਇਸ ਦਾ ਪਹਿਲਾ ਸੰਸਕਰਨ ਸਾਲ 2002 ਵਿਚ ਇਫ਼ਲਾ ਸਕੂਲ ਲਾਇਬ੍ਰੇਰੀਆਂ ਸਬੰਧੀ ਭਾਗ ਦੁਆਰਾ ਤਿਆਰ ਕੀਤਾ ਗਿਆ ਸੀ, ਜਿਸ ਨੂੰ ਉਸ ਸਮੇਂ ਸਕੂਲ ਲਾਇਬ੍ਰੇਰੀਆਂ ਤੇ ਸ੍ਰੋਤ ਕੇਂਦਰਾਂ ਦਾ ਭਾਗ (ਸਕੂਲ ਲਾਇਬ੍ਰੇਰੀਜ਼ ਐਂਡ ਰੀਸੋਰਸ ਸੈਂਟਰਸ ਸੈਕਸ਼ਨ) ਕਿਹਾ ਜਾਂਦਾ ਸੀ। ਇਨ੍ਹਾਂ ਹਦਾਇਤਾਂ ਨੂੰ ਵਿਕਸਤ ਕਰਨ ਦਾ ਮੁੱਖ ਮੰਤਵ ਸਕੂਲ ਲਾਇਬ੍ਰੇਰੀ ਅਮਲੇ ਤੇ ਸਿੱਖਿਆ ਸਬੰਧੀ ਨਿਰਨਾਇਕ ਲੋਕਾਂ ਦੀ ਅਗਵਾਈ ਕਰਨਾ ਹੈ ਤਾਂ ਜੋ ਉਨ੍ਹਾਂ ਪਾਸੋਂ ਅਜਿਹੀ ਪ੍ਰਭਾਵੀ ਯੋਜਨਾਬੰਦੀ ਦੀ ਆਸ ਕੀਤੀ ਜਾ ਸਕੇ, ਜਿਸ ਰਾਹੀਂ ਯੋਗ ਸਕੂਲ ਲਾਇਬ੍ਰੇਰੀ ਕਰਮਚਾਰੀਆਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਮਹੱਤਵਪੂਰਨ ਸੇਵਾਵਾਂ ਤੇ ਕਾਰਜਕ੍ਰਮਾਂ ਦੀ ਪਹੁੰਚ ਸਕੂਲ ਵਿਚਲੇ ਹਰੇਕ ਵਿਦਿਆਰਥੀ ਤੇ ਅਧਿਆਪਕ ਤਕ ਹੋ ਸਕੇ।

# ਮਹੱਤਵਪੂਰਨ ਸੁਝਾਅ

ਨਿਮਨਲਿਖਤ ਸੁਝਾਅ ਪੇਸ਼ ਕਰਨ ਦਾ ਮੁੱਖ ਉਦੇਸ਼ ਸਕੂਲ ਲਾਇਬ੍ਰੇਰੀ ਅਮਲੇ ਤੇ ਸਿੱਖਿਆ ਨਾਲ ਸਬੰਧਤ ਹੋਰ ਨਿਰਨਾਇਕ ਲੋਕਾਂ (ਪ੍ਰਿੰਸੀਪਲ, ਵਿਭਾਗ ਮੁੱਖੀ, ਅਧਿਆਪਕਾਂ) ਦੀ ਅਗਵਾਈ ਕਰਨਾ ਹੈ ਤਾਂ ਜੋ ਸਾਂਝੇ ਤੌਰ 'ਤੇ ਉਨ੍ਹਾਂ ਪਾਸੋਂ ਇਕ ਅਜਿਹੀ ਪ੍ਰਭਾਵਸ਼ਾਲੀ ਯੋਜਨਾਬੰਦੀ ਦੀ ਆਸ ਕੀਤੀ ਜਾ ਸਕੇ, ਜਿਸ ਰਾਹੀਂ ਸਕੂਲ ਲਾਇਬ੍ਰੇਰੀ ਸੇਵਾਵਾਂ ਤੇ ਕਾਰਜਕ੍ਰਮਾਂ ਦੀ ਪਹੁੰਚ ਸਕੂਲ ਵਿਚਲੇ ਹਰੇਕ ਵਿਦਿਆਰਥੀ ਤਕ ਹੋ ਸਕੇ। ਇਹ ਸੁਝਾਅ ਸਕੂਲ ਲਾਇਬ੍ਰੇਰੀ ਹਦਾਇਤਾਂ ਦੀ ਸਮੱਗਰੀ ਮੁਤਾਬਕ ਪੇਸ਼ ਕੀਤੇ ਗਏ ਹਨ; ਹਰੇਕ ਸੁਝਾਅ ਦੇ ਅੰਤ ਵਿਚ ਹਦਾਇਤਾਂ ਦੇ ਸਹਾਇਕ ਖੰਡ ਵੀ ਦਿੱਤੇ ਗਏ ਹਨ।

ਜੋ ਇਨ੍ਹਾਂ ਸੁਝਾਵਾਂ ਨੂੰ ਸਕੂਲ ਲਾਇਬ੍ਰੇਰੀ ਦੇ ਕਿਸੇ ਇਕ ਪਹਿਲੂ ਦੀ ਯੋਜਨਾਬੰਦੀ, ਵਿਕਾਸ, ਤਰੱਕੀ ਅਤੇ ਮੁਲਾਂਕਣ ਦੇ ਕੰਮਾਂ ਵਿਚ ਵਰਤਣ ਦੀ ਇੱਛਾ ਰੱਖਦੇ ਹਨ, ਉਨ੍ਹਾਂ ਨੂੰ ਸਬੰਧਤ ਸਕੂਲ ਲਾਇਬ੍ਰੇਰੀ ਦੀ ਵਿਵਸਥਾ ਦੇ ਸਬੰਧ ਵਿਚ ਹਰੇਕ ਸੁਝਾਅ ਦੀ ਸਾਰਥਕਤਾ ਨੂੰ ਕਿਸੇ ਮਾਪ ਦੰਡ ਦੇ ਪੱਖ ਤੋਂ ਪਰਖ ਕਰ ਲੈਣੀ ਚਾਹੀਦੀ ਹੈ। ਮਿਸਾਲ ਵਜੋਂ, ਇਸ ਦਸਤਾਵੇਜ਼ ਦੀ ਅੰਤਿਕਾ-ਸ (ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ) ਵੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਸੰਦਰਭ ਵਿਚ ਅੰਗਰੇਜ਼ੀ ਦਾ ਇਕ ਹੋਰ ਸਰੋਤ ਵੀ ਮੌਜੂਦ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ: *Leading Learning: Standards of Practice for School Library Learning Commons in Canada*, 2014, p. 9

1. ਸਕੂਲ ਲਾਇਬ੍ਰੇਰੀ ਦਾ ਮਨੋਰਥ ਤੇ ਟੀਚੇ ਸਪਸ਼ਟ ਸ਼ਬਦਾਂ ਵਿਚ ਪਰਭਾਸ਼ਿਤ ਹੋਣੇ ਚਾਹੀਦੇ ਹਨ। ਇਹ *ਇਫ਼ਲਾ/ਯੂਨੈਸਕੋ ਸਕੂਲ ਲਾਇਬ੍ਰੇਰੀ ਘੋਸ਼ਣਾ ਪੱਤਰ (1999)* ਦੇ ਸਿਧਾਂਤਾਂ ਤੇ ਉਨ੍ਹਾਂ ਕਦਰਾਂ-ਕੀਮਤਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ, ਜਿਹੜੀਆਂ *ਇਕਜੁੱਟ ਰਾਸ਼ਟਰਾਂ ਦੀ ਬੱਚੇ ਦੇ ਅਧਿਕਾਰਾਂ ਦੀ ਘੋਸ਼ਣਾ*, *ਇਕਜੁੱਟ ਰਾਸ਼ਟਰਾਂ ਦੀ ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਦੀ ਘੋਸ਼ਣਾ* ਅਤੇ ਇਫ਼ਲਾ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਵਿਚ ਪ੍ਰਗਟਾਈਆਂ ਗਈਆਂ ਹਨ [1.7];

2. ਸਕੂਲ ਲਾਇਬ੍ਰੇਰੀ ਦਾ ਮਨੋਰਥ ਤੇ ਟੀਚੇ ਕੌਮੀ, ਖੇਤਰੀ ਅਤੇ ਸਥਾਨਕ ਵਿਦਿਅਕ ਇਖਤਿਆਰਾਂ ਤੇ ਪਾਠਕ੍ਰਮ ਦੇ ਨਤੀਜਿਆਂ ਦੀਆਂ ਆਸਾਂ ਮੁਤਾਬਕ ਪੇਸ਼ ਕੀਤੇ ਜਾਣੇ ਚਾਹੀਦੇ ਹਨ [1.1-1.8];

3. ਸਕੂਲ ਲਾਇਬ੍ਰੇਰੀ ਦੀ ਸਫਲਤਾ ਲਈ ਲੁੜੀਂਦੀਆਂ ਤਿੰਨ ਵਿਸ਼ੇਸ਼ਤਾਵਾਂ—ਸਕੂਲ ਲਾਇਬ੍ਰੇਰੀ ਦੀ ਸੰਪੂਰਨ ਵਿਓਂਤਬੰਦੀ, ਯੋਗ ਤੇ ਤਜ਼ਰਬੇਕਾਰ ਸਕੂਲ ਲਾਇਬ੍ਰੇਰੀਅਨ ਅਤੇ ਸਰੋਤ ਸੰਗ੍ਰਹਿ—ਦੀ ਉੱਨਤੀ ਲਈ ਮਹੱਤਵਪੂਰਨ ਯੋਜਨਾਬੰਦੀ ਦੀ ਹੋਂਦ ਹੋਣੀ ਚਾਹੀਦੀ ਹੈ [2.5-2.6, 3.3-3.5, 4.3.1];

4. ਸਕੂਲ ਲਾਇਬ੍ਰੇਰੀਆਂ ਦੀ ਸਥਾਪਤੀ, ਸਹਿਯੋਗ ਅਤੇ ਨਿਰੰਤਰ ਵਿਕਾਸ ਲਈ, ਸਰਕਾਰੀ ਪੱਧਰ 'ਤੇ ਢੁੱਕਵੇਂ ਸਕੂਲ ਲਾਇਬ੍ਰੇਰੀ ਕਾਨੂੰਨ ਦੀ ਵਿਵਸਥਾ ਹੋਣੀ ਚਾਹੀਦੀ ਹੈ, ਜਿਸ ਵਿਚ ਵਿੱਤੀ ਜ਼ੁੰਮੇਵਾਰੀਆਂ ਸਾਫ਼ ਸ਼ਬਦਾਂ ਵਿਚ ਪਰਭਾਸ਼ਿਤ ਕੀਤੀਆਂ ਗਈਆਂ ਹੋਣ। ਇਸ ਕਾਨੂੰਨੀ ਵਿਵਸਥਾ ਦੀ ਹੋਂਦ ਜ਼ਰੀਏ ਹੀ ਸਕੂਲ ਲਾਇਬ੍ਰੇਰੀਆਂ ਦੀ ਪਹੁੰਚ ਸਮੁੱਚੇ ਵਿਦਿਆਰਥੀਆਂ ਤਕ ਹੋ ਸਕਦੀ ਹੈ [2.1-2.7];

5. ਉਪਰੋਕਤ ਕਾਨੂੰਨ ਦਾ ਪ੍ਰਬੰਧ ਪਹੁੰਚ ਦੀ ਬਰਾਬਰਤਾ, ਸੂਚਨਾ ਤੇ ਨਿਜਤਾ ਦੀ ਖੁੱਲ੍ਹ, ਬੌਧਿਕ ਜਾਇਦਾਦ ਤੇ ਲਿਖਤ ਦੀ ਨਕਲ ਕਰਨ ਦੇ ਰਾਖਵੇਂ ਹੱਕ ਅਤੇ ਬੱਚੇ ਦੇ ਜਾਣਨ ਦੇ ਅਧਿਕਾਰ ਸਮੇਤ ਸਕੂਲ ਲਾਇਬ੍ਰੇਰੀ ਭਾਈਚਾਰੇ ਦੇ ਸਾਰੇ ਮੈਂਬਰਾਂ ਦੀਆਂ ਨੈਤਿਕ ਜ਼ੁੰਮੇਵਾਰੀਆਂ ਨੂੰ ਯਕੀਨੀ ਬਣਾਉਣ ਲਈ ਵੀ ਜ਼ਰੂਰੀ ਹੈ [2.3, 3.5.4, 3.6-3.8];

6. ਸਕੂਲ ਲਾਇਬ੍ਰੇਰੀ ਦੀਆਂ ਸਰਗਰਮੀਆਂ ਇਕ ਪੇਸ਼ੇਵਰ ਲਾਇਬ੍ਰੇਰੀਅਨ ਦੀ ਨਿਗਰਾਨੀ ਹੇਠ ਨਿਭਾਈਆਂ ਜਾਣੀਆਂ ਚਾਹੀਦੀਆਂ ਹਨ, ਜਿਸ ਨੂੰ ਲਾਇਬ੍ਰੇਰੀ ਵਿਗਿਆਨ ਦੀ ਸਿੱਖਿਆ ਦੇ ਨਾਲ-ਨਾਲ ਅਧਿਆਪਨ ਦਾ ਵੀ ਇਲਮ ਹੋਵੇ [3.1-3.4];

7. ਸਕੂਲ ਲਾਇਬ੍ਰੇਰੀਅਨ ਦੇ ਪ੍ਰਮੁੱਖ ਕੰਮ ਇਸ ਪ੍ਰਕਾਰ ਹੋਣੇ ਚਾਹੀਦੇ ਹਨ: ਸਾਖਰਤਾ ਤੇ ਪੁਸਤਕ ਸੱਭਿਆਚਾਰ ਦਾ ਵਿਕਾਸ ਕਰਨਾ, ਸੂਚਨਾ ਤੇ ਡਿਜੀਟਲ ਸਾਖਰਤਾਵਾਂ ਸਬੰਧੀ ਯੋਗਤਾਵਾਂ ਵਿਚ ਵਾਧਾ ਕਰਨਾ, ਖੋਜ-ਅਧਾਰਤ

ਸਿੱਖਿਆ ਦੇ ਢੰਗ ਸਿਖਾਉਣੇ, ਤਕਨਾਲੋਜੀ ਦਾ ਏਕੀਕਰਨ ਕਰਨਾ, ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਵਿਚ ਯੋਗਦਾਨ ਪਾਉਣਾ ਆਦਿ [3.5, 5.2-5.7];

8. ਸਕੂਲ ਦੇ ਅਕਾਦਮਕ, ਸੱਭਿਆਚਾਰਕ ਅਤੇ ਸਮਾਜਕ ਉਦੇਸ਼ਾਂ ਦੀ ਪ੍ਰਾਪਤੀ ਲਈ ਸਕੂਲ ਲਾਇਬ੍ਰੇਰੀ ਦੀਆਂ ਸੇਵਾਵਾਂ ਤੇ ਕਾਰਜਕ੍ਰਮਾਂ ਦਾ ਸੰਚਾਲਨ ਇਕ ਅਜਿਹੇ ਪੇਸ਼ੇਵਰ ਸਕੂਲ ਲਾਇਬ੍ਰੇਰੀਅਨ ਅਧੀਨ ਹੋਣਾ ਚਾਹੀਦਾ ਹੈ, ਜੋ ਸਕੂਲ ਦੇ ਪ੍ਰਿੰਸੀਪਲ, ਵਿਭਾਗਾਂ ਦੇ ਮੁਖੀਆਂ, ਅਧਿਆਪਕਾਂ, ਸਹਿਯੋਗੀ ਅਮਲੇ ਅਦਿ ਦੇ ਗੂੜੇ ਸਹਿਯੋਗ ਨਾਲ ਕੰਮ ਕਰਦਿਆਂ ਸਕੂਲ ਦੀਆਂ ਅਸਲ ਸੂਚਨਾਤਮਕ ਲੋੜਾਂ ਤੋਂ ਵਾਕਫ਼ ਹੋਵੇ [3.5.3-3.5.4, 5.8];

9. ਸਕੂਲ ਲਾਇਬ੍ਰੇਰੀ ਦੇ ਸਮੁੱਚੇ ਕਰਮਚਾਰੀਆਂ—ਪੇਸ਼ੇਵਰ, ਅਰਧ-ਪੇਸ਼ੇਵਰ ਅਤੇ ਰਜਾਕਾਰਾਂ—ਨੂੰ ਲਾਇਬ੍ਰੇਰੀ ਦੀਆਂ ਨੀਤੀਆਂ ਅਨੁਸਾਰ ਕੰਮ ਕਰਨ ਲਈ ਆਪਣੀਆਂ ਭੂਮਿਕਾਵਾਂ ਤੇ ਜੁੰਮੇਵਾਰੀਆਂ ਦਾ ਸਪਸ਼ਟ ਰੂਪ ਵਿਚ ਗਿਆਨ ਹੋਣਾ ਚਾਹੀਦਾ ਹੈ [3.1, 3.2, 3.6, 3.7];

10. ਸਕੂਲ ਲਾਇਬ੍ਰੇਰੀ ਅਮਲਾ ਉਨ੍ਹਾਂ ਭੌਤਿਕ ਤੇ ਡਿਜੀਟਲ ਸਰੋਤਾਂ ਦੇ ਸੰਗ੍ਰਹਿਆਂ ਨੂੰ ਵਿਕਸਤ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ, ਜੋ ਸਕੂਲ ਦੇ ਪਾਠਕ੍ਰਮ ਤੇ ਵਿਸ਼ਾਲ ਭਾਈਚਾਰੇ ਦੇ ਸਮੁੱਚੇ ਮੈਂਬਰਾਂ ਦੀਆਂ ਕੌਮੀ, ਨਸਲੀ, ਸੱਭਿਆਚਾਰਕ, ਭਾਸ਼ਾਈ, ਸੁਦੇਸ਼ੀ ਆਦਿ ਲੋੜਾਂ ਦੇ ਅਨੁਕੂਲ ਹੋਣ। ਇਸ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਅਮਲਾ ਅਨੇਕ ਤਰ੍ਹਾਂ ਦੇ ਅਭਿਆਸਾਂ ਰਾਹੀਂ ਇਕੱਤਰਿਤ ਕੀਤੇ ਗਏ ਸਰੋਤਾਂ ਦੀ ਵਰਤੋਂ ਨੂੰ ਪ੍ਰਫੁਲਿਤ ਕਰਨ ਲਈ ਵੀ ਤਤਪਰ ਹੋਣਾ ਚਾਹੀਦਾ ਹੈ [4.1- 4.3, 5.2-5.3];

11. ਵਿਭਿੰਨ ਸੂਚਨਾਤਮਕ ਲੋੜਾਂ ਦੀ ਸੰਤੁਸ਼ਟੀ ਲਈ ਜਨਤਕ ਤੇ ਅਕਾਦਮਕ ਲਾਇਬ੍ਰੇਰੀਆਂ ਵਿਚਕਾਰ ਇਕ ਪਰਸਪਰ ਤਾਲਮੇਲ ਹੋਣਾ ਬੇਹੱਦ ਜ਼ਰੂਰੀ ਹੈ। ਇਸ ਆਪਸੀ ਸਾਂਝ ਜ਼ਰੀਏ ਹੀ ਇਹ ਲਾਇਬ੍ਰੇਰੀਆਂ ਪ੍ਰਾਪਤ ਕੀਤੇ ਗਏ ਸੂਚਨਾ ਸਰੋਤਾਂ ਨਾਲ ਵਿਦਿਅਕ ਭਾਈਚਾਰੇ ਤੇ ਸਮਾਜ ਦੇ ਸਮੁੱਚੇ ਲੋਕਾਂ ਦੀ ਤਾ-ਉਮਰ ਸਿੱਖਣ ਦੀ ਇੱਛਾ ਦੀ ਪੂਰਤੀ ਅਸਾਨੀ ਨਾਲ ਕਰ ਸਕਦੀਆਂ ਹਨ [3.5.4, 4.3.4];

12. ਸਕੂਲ ਲਾਇਬ੍ਰੇਰੀ ਤੇ ਇਸ ਦੇ ਕਰਮਚਾਰੀਆਂ ਦੇ ਕੰਮਾਂ ਦਾ ਸਮੇਂ-ਸਮੇਂ 'ਤੇ ਮੁਲਾਂਕਣ ਹੋਣਾ ਚਾਹੀਦਾ ਹੈ। ਇਹ ਸਕੂਲ ਲਾਇਬ੍ਰੇਰੀ ਵਰਤੋਂਕਾਰਾਂ ਸਬੰਧੀ ਮਹੱਤਵਪੂਰਨ ਅੰਕੜੇ ਵੀ ਮੁਹੱਈਆ ਕਰਵਾਉਂਦਾ ਹੈ। ਇਹ ਲਾਇਬ੍ਰੇਰੀ ਕੰਮਾਂ ਤੇ ਸਕੂਲ ਦੇ ਟੀਚਿਆਂ ਵਿਚਕਾਰ ਇਕ ਤਾਲਮੇਲ ਸਥਾਪਤ ਕਰਦਾ ਹੋਇਆ ਮੌਜੂਦਾ ਕਾਰਜਕ੍ਰਮਾਂ ਤੇ ਸੇਵਾਵਾਂ ਨੂੰ ਇਕ ਸੇਧ ਦਿੰਦਾ ਹੈ। ਇਹ ਨਵੇਂ ਪ੍ਰੋਗਰਾਮਾਂ ਦੇ ਵਿਕਾਸ ਲਈ ਮਾਰਗ-ਦਰਸ਼ਨ ਦਾ ਕੰਮ ਵੀ ਕਰਦਾ ਹੈ [1.9, 6.1–6.4];

13. ਸਕੂਲ ਲਾਇਬ੍ਰੇਰੀਆਂ ਦੇ ਨਿਰੰਤਰ ਵਿਕਾਸ ਲਈ ਲੋਕ ਹਮਾਇਤ ਦੀ ਬਹੁਤ ਜ਼ਰੂਰਤ ਹੁੰਦੀ ਹੈ [6.4]।

# ਆਦਿਕਥਨ

ਸੰਸਾਰ ਭਰ ਦੀਆਂ ਸਮੁੱਚੀਆਂ ਸਕੂਲ ਲਾਇਬ੍ਰੇਰੀਆਂ ਦਾ ਬਹੁਤ ਸਾਰੇ ਰੂਪਾਂ ਵਿਚ ਮਨੋਰਥ ਸਾਂਝਾ ਹੁੰਦਾ ਹੈ; ਜਿਵੇਂਕਿ ਪੁਸਤਕ ਸੱਭਿਆਚਾਰ ਤੇ ਨਿਰਪੱਖ ਸਾਖਰਤਾ ਦਾ ਵਿਕਾਸ ਕਰਨਾ। ਇਨ੍ਹਾਂ ਮੰਤਵਾਂ ਦੀ ਪੂਰਤੀ ਲਈ ਸਕੂਲ ਲਾਇਬ੍ਰੇਰੀ ਅਮਲਾ ਸਾਰਿਆਂ ਲਈ ਸਿੱਖਣ-ਸਿਖਾਉਣ ਦੇ ਇਕਸਾਰ ਮੌਕੇ ਪ੍ਰਦਾਨ ਕਰਨ ਦੀ ਗੱਲ ਦੀ ਹਮਾਇਤ ਕਰਦਾ ਹੈ। ਇਸ ਪ੍ਰਸੰਗ ਵਿਚ ਕੌਮਾਂਤਰੀ ਪੱਧਰ 'ਤੇ ਇਕਜੁੱਟ ਰਾਸ਼ਟਰਾਂ ਤੇ ਇਫ਼ਲਾ ਦੁਆਰਾ ਵੱਖ-ਵੱਖ ਸਮਿਆਂ 'ਤੇ ਕਈ ਕਾਨੂੰਨ ਤੇ ਘੋਸ਼ਣਾਵਾਂ ਜਾਰੀ ਕੀਤੀਆਂ ਗਈਆਂ ਹਨ; ਜਿਵੇਂਕਿ, *ਇਕਜੁੱਟ ਰਾਸ਼ਟਰਾਂ ਦੀ ਬੱਚੇ ਦੇ ਅਧਿਕਾਰਾਂ ਦੀ ਘੋਸ਼ਣਾ* (1959), *ਇਕਜੁੱਟ ਰਾਸ਼ਟਰਾਂ ਦੁਆਰਾ ਬੱਚੇ ਦੇ ਅਧਿਕਾਰਾਂ ਉੱਤੇ ਕਰਵਾਇਆ ਸੰਮੇਲਨ* (1989), *ਇਕਜੁੱਟ ਰਾਸ਼ਟਰਾਂ ਦੀ ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਦੀ ਘੋਸ਼ਣਾ* (2007)। ਇਸ ਤੋਂ ਇਲਾਵਾ ਇਫ਼ਲਾ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਵੀ ਮੌਜੂਦ ਹਨ, ਜਿਨ੍ਹਾਂ ਦਾ ਕੇਂਦਰੀ ਭਾਵ ਇਸ ਪ੍ਰਕਾਰ ਹੈ:

- *ਮਨੁੱਖੀ ਅਧਿਕਾਰਾਂ ਦੀ ਆਲਮੀ ਘੋਸ਼ਣਾ* ਦੀ ਧਾਰਾ 19 ਵਿਚਾਰ ਪ੍ਰਗਟਾਉਣ, ਜਾਣਕਾਰੀ ਹਾਸਲ ਕਰਨ, ਲਿਖਤਾਂ ਲਿਖਣ ਅਤੇ ਇਨ੍ਹਾਂ ਲਿਖੀਆਂ ਗਈਆਂ ਲਿਖਤਾਂ ਤਕ ਪਹੁੰਚ ਬਣਾਉਣ ਦੀ ਖੁਲ੍ਹ ਦੇ ਸਿਧਾਂਤਾਂ ਨੂੰ ਤਸਦੀਕ ਕਰਦੀ ਹੈ;
- ਇਕ ਵਿਸ਼ਵਾਸ ਅਨੁਸਾਰ ਕੁੱਲ ਲੁਕਾਈ ਦੇ ਬੌਧਿਕ, ਸਮਾਜਕ, ਸੱਭਿਆਚਾਰਕ, ਆਰਥਕ ਆਦਿ ਵਿਕਾਸ ਲਈ ਮਹੱਤਵਪੂਰਨ ਗਿਆਨ ਦੀ ਲੋੜ ਹੁੰਦੀ ਹੈ ਤੇ ਇਸ ਗਿਆਨ ਤਕ ਬਿਨਾਂ ਕਿਸੇ ਭੇਦ-ਭਾਵ ਦੇ ਇਕ ਨਿਰਪੱਖ ਪਹੁੰਚ ਹੋਣੀ ਚਾਹੀਦੀ ਹੈ;
- ਉਪਰੋਕਤ ਵਿਸ਼ਵਾਸ ਦੀ ਪੂਰਤੀ ਲਾਇਬ੍ਰੇਰੀ ਦੀਆਂ ਉੱਚ ਗੁਣਵੱਤਾ ਭਰਪੂਰ ਸੇਵਾਵਾਂ ਤੇ ਕਾਰਜਕ੍ਰਮਾਂ ਦੀ ਪ੍ਰਦਾਨਤਾ ਉੱਤੇ ਨਿਰਭਰ ਕਰਦੀ ਹੈ;
- ਸੰਘ ਆਪਣੇ ਸਮੁੱਚੇ ਮੈਂਬਰਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਆਪਣੀਆਂ ਸਰਗਰਮੀਆਂ ਵਿਚ ਵਿਅਸਤ ਕਰਨ ਤੇ ਉਨ੍ਹਾਂ ਗਤੀਵਿਧੀਆਂ ਤੋਂ ਲਾਭ ਲੈਣ ਦੀ ਵਚਨਬੱਧ ਹੈ (www.ifla.org/about/more)।

ਸਮੁੱਚਾ ਸਕੂਲ ਲਾਇਬ੍ਰੇਰੀ ਅਮਲਾ ਉਪਰੋਕਤ ਸਾਰੇ ਅਧਿਕਾਰਾਂ, ਘੋਸ਼ਣਾਵਾਂ ਅਤੇ ਕਦਰਾਂ-ਕੀਮਤਾਂ ਦਾ ਸਮਰਥਨ ਕਰਦੇ ਹਨ। ਸਕੂਲ ਲਾਇਬ੍ਰੇਰੀ ਦੀਆਂ ਇਹ ਹਦਾਇਤਾਂ, ਸਾਲ 1999 ਵਿਚ ਪ੍ਰਕਾਸ਼ਿਤ ਹੋਏ *ਇਫ਼ਲਾ/ਯੂਨੈਸਕੋ ਸਕੂਲ ਲਾਇਬ੍ਰੇਰੀ ਘੋਸ਼ਣਾ ਪੱਤਰ* ਵਿਚ ਅਭਿਵਿਅਕਤ ਕੀਤੇ ਗਏ ਸਕੂਲ ਲਾਇਬ੍ਰੇਰੀ ਵਿਕਾਸ ਦੇ ਬੁਨਿਆਦੀ ਸੰਕਲਪਾਂ 'ਤੇ ਅਧਾਰਤ ਹਨ। ਇਸ ਘੋਸ਼ਣਾ ਪੱਤਰ ਦਾ ਅਨੁਵਾਦ ਕਈ ਭਾਸ਼ਾਵਾਂ ਵਿਚ ਹੋ ਚੁੱਕਾ ਹੈ ਤੇ ਇਸ ਦੀ ਵਰਤੋਂ ਸਕੂਲ ਲਾਇਬ੍ਰੇਰੀ ਸਮਰਥਕਾਂ ਦੁਆਰਾ ਆਪਣੇ ਖੇਤਰਾਂ ਤੇ ਮੁਲਕਾਂ ਵਿਚਲੇ ਸਕੂਲਾਂ ਤੇ ਉਨ੍ਹਾਂ ਦੀਆਂ ਲਾਇਬ੍ਰੇਰੀਆਂ ਦੇ ਵਿਕਾਸ ਲਈ ਨਿਰੰਤਰ ਹੋ ਰਹੀ ਹੈ। ਇਸ ਘੋਸ਼ਣਾ ਪੱਤਰ ਦਾ ਪੰਜਾਬੀ ਅਨੁਵਾਦ ਅੰਤਿਕਾ-ੳ ਵਿਚ ਦਿੱਤਾ ਗਿਆ ਹੈ।

ਘੋਸ਼ਣਾ ਪੱਤਰ ਵਿਚ ਆਖਿਆ ਗਿਆ ਹੈ "ਸਰਕਾਰਾਂ ਸਿੱਖਿਆ ਪ੍ਰਤੀ ਆਪਣੇ ਜ਼ੁੰਮੇਵਾਰ ਮੰਤਰੀਆਂ ਰਾਹੀਂ ਅਜਿਹੀਆਂ ਨੀਤੀਆਂ ਤੇ ਯੋਜਨਾਵਾਂ ਨੂੰ ਵਿਕਸਤ ਕਰਨ ਦਾ ਨਿਰਦੇਸ਼ ਦਿੰਦੀਆਂ ਹਨ, ਜੋ ਇਸ ਘੋਸ਼ਣਾ ਪੱਤਰ ਦੇ ਅਸੂਲਾਂ ਨੂੰ ਲਾਗੂ ਕਰਦੀਆਂ ਹੋਣ।" ਹਥਲੇ ਦਸਤਾਵੇਜ਼ ਵਿਚਲੀਆਂ ਹਦਾਇਤਾਂ ਦੀ ਸਿਰਜਣਾ ਸੰਸਾਰ ਭਰ ਦੇ ਕੌਮੀ ਤੇ ਸਥਾਨਕ ਪੱਧਰਾਂ 'ਤੇ ਸਥਿਤ ਵਿਦਿਅਕ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਗਈ ਹੈ। ਇਹ ਸੇਧਾਂ ਸਕੂਲ ਪ੍ਰਬੰਧਕਾਂ ਦੀ ਘੋਸ਼ਣਾ ਪੱਤਰ ਦੇ ਸੰਕਲਪਾਂ ਨੂੰ ਲਾਗੂ ਕਰਨ ਵਿਚ ਮਦਦ ਕਰਦੀਆਂ ਹਨ। ਹਰੇਕ ਮੁਲਕ ਦੇ ਸਕੂਲ ਤੇ ਉਸ ਵਿਚਲੀਆਂ ਲਾਇਬ੍ਰੇਰੀਆਂ ਕਿਸੇ ਦੂਜੇ ਮੁਲਕ ਦੇ ਸਕੂਲ ਤੇ ਉਨ੍ਹਾਂ ਵਿਚਲੀਆਂ ਲਾਇਬ੍ਰੇਰੀਆਂ ਤੋਂ ਵੱਖ ਹੁੰਦੇ ਹਨ। ਇਸ ਲਈ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਸਥਾਨਕ ਪੱਧਰ ਦੀ ਲੋੜ ਤੇ ਸਮਝ ਮੁਤਾਬਕ ਪੜ੍ਹਨ ਤੇ ਵਰਤਣ ਦੀ ਜ਼ਰੂਰਤ ਹੈ।

ਇਹ ਹਦਾਇਤਾਂ ਪ੍ਰੇਰਨਾਦਾਇਕ ਤੇ ਇੱਛਾਪੂਰਨ ਹਨ। ਇਸ ਦਸਤਾਵੇਜ਼ ਦੇ ਸਹਿਯੋਗੀ ਵਿਸ਼ਵ ਪੱਧਰੀ ਸਕੂਲ ਲਾਇਬ੍ਰੇਰੀਆਂ ਦੁਆਰਾ ਧਾਰਨ ਗਈਆਂ ਕੀਤੀਆਂ ਕਦਰਾਂ-ਕੀਮਤਾਂ ਤੇ ਕਾਰਜ ਉਦੇਸ਼ ਤੋਂ ਅਥਾਹ ਪ੍ਰੇਰਿਤ ਹੋਏ ਸਨ। ਉਨ੍ਹਾਂ ਸਾਰਿਆਂ ਇਸ ਗੱਲ ਨੂੰ ਸਵੀਕਾਰਿਆ ਕਿ ਸਕੂਲ ਲਾਇਬ੍ਰੇਰੀਆਂ ਦੇ ਕਰਮਚਾਰੀਆਂ ਤੇ ਹੋਰ ਨਿਰਨਾਇਕ ਲੋਕਾਂ (ਪ੍ਰਿੰਸੀਪਲ, ਵਿਭਾਗ ਮੁਖੀਆਂ, ਅਧਿਆਪਕਾਂ) ਨੂੰ ਵਿਦਿਆਰਥੀਆਂ ਦੀਆਂ ਸੂਚਨਾਤਮਕ ਲੋੜਾਂ ਦੀ ਪੂਰਤੀ ਲਈ ਹਰਦਮ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਇਹ ਸੇਧਾਂ ਸਾਡੀ ਪਾਉਣ ਦੀ ਇੱਛਾ ਤੇ ਮੁਨਾਸਬ ਤੌਰ 'ਤੇ ਅਸੀਂ ਕੀ ਪ੍ਰਾਪਤ ਕਰਨ ਦੀ ਆਸ ਰੱਖ ਸਕਦੇ ਹਾਂ ਵਿਚਕਾਰ ਇਕ ਸਮਝੌਤੇ ਦੀ ਪ੍ਰਤਿਨਿਧਤਾ ਕਰਦੀਆਂ ਹਨ। ਸਕੂਲ ਲਾਇਬ੍ਰੇਰੀਆਂ ਦੇ ਮਿਆਰ ਤੇ ਦਿਸ਼ਾ-ਨਿਰਦੇਸ਼ ਸਥਾਨਕ ਲੋੜਾਂ

ਤੇ ਸਮਝ ਅਨੁਸਾਰ ਹੋਣੇ ਚਾਹੀਦੇ ਹਨ। ਜਦੋਂ ਵੀ ਕਿਸੇ ਵਿਦਿਅਕ ਅਦਾਰੇ ਵਿਚ ਖਰਚੀ ਜਾਣ ਵਾਲੀ ਰਕਮ, ਮੌਜੂਦਾ ਕਰਮਚਾਰੀਆਂ ਵਿਚ ਵਾਧੇ ਅਤੇ ਕਿਸੇ ਸਹੂਲਤ ਨੂੰ ਵਿਕਸਤ ਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਓਦੋਂ ਇਨ੍ਹਾਂ ਭਵਿਖਤ ਤਬਦੀਲੀਆਂ ਦੇ ਸਹਿਯੋਗ ਵਿਚ ਦਿੱਤੇ ਗਏ ਤੱਥਾਂ ਦੀ ਪੁਸ਼ਟੀ ਵਿਦਿਆਰਥੀਆਂ ਦੀ ਸਰਬ-ਪੱਖੀ ਸਿੱਖਿਆ ਤੇ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਦੇ ਪੱਖ ਤੋਂ ਕੀਤੀ ਜਾਵੇਗੀ ਤੇ ਅਜਿਹਾ ਹੋਣਾ ਉਨ੍ਹਾਂ ਦਲੀਲਾਂ ਨਾਲੋਂ ਕਿਤੇ ਜ਼ਿਆਦਾ ਅਸਰਦਾਰ ਹੈ, ਜੋ ਕਿਸੇ ਮਿਆਰਾਂ ਜਾਂ ਦਿਸ਼ਾਂ-ਨਿਰਦੇਸ਼ਾਂ ਦੀ ਪ੍ਰਾਪਤੀ ਨਾਲ ਸਬੰਧਤ ਹੋਣ।

ਵਾਜਬ ਵਿੱਤੀ ਸਾਧਨ, ਆਧੁਨਿਕ ਤਕਨੀਕਾਂ, ਸੰਗ੍ਰਹਿਆਂ, ਕਰਮਚਾਰੀਆਂ ਤੇ ਹੋਰ ਲੋੜੀਂਦੀਆਂ ਸਹੂਲਤਾਂ ਦਾ ਉਪਲਬਧ ਹੋਣਾ ਹੀ ਉੱਤਮ ਸਿੱਖਿਆ ਤੇ ਉੱਨਤ ਵਿਦਿਅਕ ਵਾਤਾਵਰਨ ਦੀਆਂ ਨਿਸ਼ਾਨੀਆਂ ਨਹੀਂ ਹਨ। ਸਗੋਂ ਅਤਿ ਜ਼ਰੂਰੀ ਇਹ ਹੁੰਦਾ ਹੈ ਕਿ ਸਕੂਲ ਭਾਈਚਾਰੇ ਦੇ ਲੋਕ ਸਕੂਲ ਲਾਇਬ੍ਰੇਰੀਆਂ ਬਾਰੇ ਕੀ ਸੋਚਦੇ ਹਨ। ਦਰਅਸਲ ਸਕੂਲ ਲਾਇਬ੍ਰੇਰੀਆਂ ਦੇ ਨੈਤਿਕ ਤੇ ਵਿਦਿਅਕ ਉਦੇਸ਼ ਹੁੰਦੇ ਹਨ, ਜਿਸ ਦੇ ਤਹਿਤ ਉਹ ਵਿਦਿਆਰਥੀਆਂ ਦੇ ਜੀਵਨ ਨੂੰ ਸੇਧ ਦੇਣ ਦੇ ਨਾਲ-ਨਾਲ ਸਿੱਖਣ-ਸਿਖਾਉਣ ਦੇ ਕਾਰਜਾਂ ਨੂੰ ਵਿਕਸਤ ਕਰਨ ਲਈ ਯਤਨਸ਼ੀਲ ਰਹਿੰਦੇ ਹਨ ਤੇ ਉਕਤ ਦੱਸੀਆਂ ਗਈਆਂ ਨਿਸ਼ਾਨੀਆਂ ਤਾਂ ਸਕੂਲ ਲਾਇਬ੍ਰੇਰੀਆਂ ਦੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਦੇ ਮਹਿਜ਼ ਸਾਧਨ ਮਾਤਰ ਹੀ ਹਨ।

ਸਕੂਲ ਲਾਇਬ੍ਰੇਰੀ ਅਮਲੇ ਸਮੇਤ ਪ੍ਰਿੰਸੀਪਲਾਂ ਤੇ ਸਹਿਯੋਗੀਆਂ ਨੂੰ ਇਹ ਮਹੱਤਵਪੂਰਨ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਸਕੂਲ ਲਾਇਬ੍ਰੇਰੀਆਂ ਦੁਆਰਾ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਤੇ ਕਾਰਜਕ੍ਰਮਾਂ ਜ਼ਰੀਏ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਕਿਹੜੇ ਉਦੇਸ਼ਾਂ ਦੀ ਪੂਰਤੀ ਹੋ ਰਹੀ ਹੈ ਤੇ ਇਨ੍ਹਾਂ ਸਭ ਦਾ ਉਨ੍ਹਾਂ ਦੇ ਜੀਵਨ ਵਿਚ ਕੀ ਮਹੱਤਵ ਹੈ? ਪਿਛਲੇ ਚਾਰ ਦਹਾਕਿਆਂ ਦੀ ਖੋਜ ਦੱਸਦੀ ਹੈ ਕਿ ਪੇਸ਼ੇਵਰ ਕਰਮਚਾਰੀ ਤੇ ਗੁਣਵੱਤਾ ਭਰਪੂਰ ਸਰੋਤਾਂ ਨਾਲ ਲੈਸ ਸਕੂਲ ਲਾਇਬ੍ਰੇਰੀਆਂ ਵਿਦਿਆਰਥੀਆਂ ਦੇ ਵਿਦਿਅਕ ਨਤੀਜਿਆਂ 'ਤੇ ਉਸਾਰੂ ਅਸਰ ਪਾਉਂਦੀਆਂ ਹਨ। ਇਕ ਯੋਗ ਪੇਸ਼ੇਵਰ ਲਾਇਬ੍ਰੇਰੀਅਨ ਕਿਸੇ ਵੀ ਸਕੂਲ ਲਾਇਬ੍ਰੇਰੀ ਦਾ ਇਕ ਪ੍ਰਮੁੱਖ ਅੰਗ ਹੁੰਦਾ ਹੈ, ਜੋ ਸਕੂਲ ਵਿਚਲੇ ਦੂਜੇ ਅਧਿਆਪਕਾਂ ਦੇ ਸਹਿਯੋਗ ਨਾਲ ਵਿਦਿਆਰਥੀਆਂ ਲਈ ਬਿਹਤਰੀਨ ਸੇਵਾਵਾਂ ਤੇ ਕਾਰਜਕ੍ਰਮ ਮੁਹੱਈਆ ਕਰਵਾਉਂਦਾ ਹੈ।

ਇਹ ਹਦਾਇਤਾਂ ਸਕੂਲ ਲਾਇਬ੍ਰੇਰੀਆਂ ਦੇ ਸੁਧਾਰ ਤੇ ਵਿਕਾਸ ਨੂੰ ਪ੍ਰਫੁਲਿਤ ਕਰਨ ਵਜੋਂ, ਵਿਭਿੰਨ ਖਿੱਤਿਆਂ ਵਿਚ ਵੱਖ-ਵੱਖ ਢੰਗਾਂ ਨਾਲ ਵਰਤੀਆ ਜਾ ਸਕਦੀਆਂ ਹਨ। ਭਾਵੇਂ ਕਿ ਵਿਕਾਸਸ਼ੀਲ ਤੇ ਉੱਭਰ ਰਹੇ ਮੁਲਕਾਂ ਵਿਚ ਸਕੂਲ ਲਾਇਬ੍ਰੇਰੀਆਂ ਦੀਆਂ ਸੰਭਾਵਨਾਵਾਂ ਨੂੰ ਵੇਖਣਾ ਇਕ ਚੁਨੌਤੀ ਭਰਪੂਰ ਕਾਰਜ ਹੋ ਸਕਦਾ ਹੈ ਪਰ ਫਿਰ ਵੀ ਅਜਿਹੇ ਮਾਹੌਲ ਵਿਚ ਸਕੂਲ ਲਾਇਬ੍ਰੇਰੀਆਂ ਦੇ ਨੈਤਿਕ ਤੇ ਵਿਦਿਅਕ ਉਦੇਸ਼ ਵੱਖ-ਵੱਖ ਤਰੀਕਿਆਂ ਤੇ ਸਿਰਜਣਾਤਮਕ ਢੰਗਾਂ ਨਾਲ ਲਾਗੂ ਕੀਤੇ ਜਾ ਸਕਦੇ ਹਨ। ਇਸ ਉਦੇਸ਼ ਦੀ ਪ੍ਰਾਪਤੀ ਕਈ ਵਾਰ ਸਾਖਰਤਾ ਪਸਾਰ ਦੇ ਮੂਲ ਤੱਤਾਂ ਦੁਆਰਾ ਵੀ ਕੀਤੀ ਜਾਂਦੀ ਹੈ, ਜੋ ਕਿ ਸਕੂਲ ਲਾਇਬ੍ਰੇਰੀਆਂ ਦੇ ਵਿਕਾਸ ਲਈ ਅਤਿ ਲੋੜੀਂਦੇ ਹੁੰਦੇ ਹਨ। ਸਾਖਰਤਾ ਪਸਾਰ ਦੇ ਅਜਿਹੇ ਨਵੀਨ ਕਾਰਜਾਂ ਦੀਆਂ ਉਦਾਹਰਨਾਂ ਮਾਰਕਾਰਡਟ ਤੇ ਉਬ੍ਰਗ ਦੁਆਰਾ 2011 ਵਿਚ ਲਿਖੀ ਗਈ ਪੁਸਤਕ *ਗਲੋਬਲ ਪ੍ਰਸਪੈਕਟਿਵਜ਼ ਆਨ ਸਕੂਲ ਲਾਇਬ੍ਰੇਰੀਜ਼: ਪ੍ਰੋਜੈਕਟਸ ਐਂਡ ਪ੍ਰੈਕਟਿਸਜ਼* ਵਿਚ ਵੇਖੀਆਂ ਜਾ ਸਕਦੀਆਂ ਹਨ। ਇਹ ਪੁਸਤਕ ਇਫ਼ਲਾ ਦੁਆਰਾ ਦਿੱਤੇ ਸਹਿਯੋਗ ਨਾਲ ਪ੍ਰਕਾਸ਼ਿਤ ਹੋਈ ਸੀ। ਇਸ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਦਿਸ਼ਾ-ਨਿਰਦੇਸ਼ਾਂ ਨੂੰ ਵਿਕਸਤ, ਲਾਗੂ ਅਤੇ ਉੱਨਤ ਕਰਨ ਦੀਆਂ ਮਿਸਾਲਾਂ/ ਪਹਿਲ ਕਦਮੀਆਂ ਸਾਲ 2015 ਵਿਚ ਇਫ਼ਲਾ ਦੇ ਸਹਿਯੋਗ ਨਾਲ ਛਪੀ ਤੇ ਬਾਰਬਰਾ ਸ਼ਅਲਟਜ਼-ਜੌਨਸ ਤੇ ਡਾਇਨ ਊਬ੍ਰਗ ਦੁਆਰਾ ਲਿਖੀ ਗਈ ਕਿਤਾਬ *ਗਲੋਬਲ ਐਕਸ਼ਨ ਆਨ ਸਕੂਲ ਲਾਇਬ੍ਰੇਰੀ ਗਾਈਡਲਾਈਨਜ਼* ਵਿਚ ਪੜ੍ਹੀਆਂ ਜਾ ਸਕਦੀਆਂ ਹਨ।

ਜਿੱਥੇ *ਇਫ਼ਲਾ/ਯੂਨੈਸਕੋ ਸਕੂਲ ਲਾਇਬ੍ਰੇਰੀ ਘੋਸ਼ਣਾ ਪੱਤਰ* ਸਕੂਲ ਲਾਇਬ੍ਰੇਰੀ ਵਿਕਾਸ ਦੇ ਬੁਨਿਆਦੀ ਸਿਧਾਂਤਾਂ ਨੂੰ ਬਾਖੂਬੀ ਬਿਆਨ ਕਰਦਾ ਹੈ, ਓਥੇ ਹੀ ਇਹ ਹਦਾਇਤਾਂ ਸਕੂਲ ਲਾਇਬ੍ਰੇਰੀ ਵਿਕਾਸ ਦੇ ਉਕਤ ਸੰਕਲਪਾਂ ਨੂੰ ਲਾਗੂ ਕਰਨ ਲਈ ਦਿਸ਼ਾ ਪ੍ਰਦਾਨ ਕਰਦੀਆਂ ਹਨ। ਜਿਵੇਂਕਿ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਨਿਰਪੱਖ ਵਿੱਦਿਆ ਦੇ ਪਸਾਰ ਲਈ ਉੱਤਮ ਸਕੂਲ ਲਾਇਬ੍ਰੇਰੀ ਸੇਵਾਵਾਂ ਤੇ ਕਾਰਜਕ੍ਰਮਾਂ ਦੀ ਬਹੁਤ ਲੋੜ ਹੁੰਦੀ ਹੈ ਤੇ ਇਹ ਸਕੂਲ ਲਾਇਬ੍ਰੇਰੀ ਦੀਆਂ ਹਦਾਇਤਾਂ ਹੀ ਹਨ, ਜੋ ਸਾਨੂੰ ਇਸ ਖੇਤਰ ਵਿਚ ਸਾਡੇ ਦੁਆਰਾ ਕੀਤੇ ਜਾ ਰਹੇ ਯਤਨਾਂ ਬਾਰੇ ਵਿਸ਼ਵ ਪੱਧਰ 'ਤੇ ਸੋਚਣ ਤੇ ਸਥਾਨਕ ਪੱਧਰ 'ਤੇ ਕੰਮ ਕਰਨ ਲਈ ਪ੍ਰੇਰਨਾ ਦਿੰਦੇ ਹਨ।

## ਵਿਸ਼ਵ ਪੱਧਰ 'ਤੇ ਸੋਚਣਾ

ਸਕੂਲ ਲਾਇਬ੍ਰੇਰੀ ਦੀਆਂ ਇਹ ਹਦਾਇਤਾਂ ਮੌਕੇ ਦੀ ਬਰਾਬਰਤਾ ਤੇ ਸਮਾਜਕ ਨਿਆਂ ਦੀ ਇਕਸਾਰ ਕਲਪਨਾ ਕਰਦੀਆਂ ਹਨ। ਇਨ੍ਹਾਂ ਸੇਧਾਂ ਨੂੰ ਵੱਖ-ਵੱਖ ਪੱਧਰਾਂ ਤੇ ਖੇਤਰਾਂ ਵਿਚ ਤਬਦੀਲੀ, ਗਤੀਸ਼ੀਲਤਾ ਅਤੇ ਪਰਸਪਰ ਸਬੰਧ ਦੀ ਵਿਸ਼ੇਸ਼ਤਾ ਦੇ ਅਧਾਰ 'ਤੇ 21ਵੀਂ ਸਦੀ ਦੇ ਸੰਦਰਭ ਵਿਚ ਲਾਗੂ ਕੀਤਾ ਜਾਣਾ ਚਾਹੀਦਾ ਹੈ। ਵਿਸ਼ਵ ਪੱਧਰ 'ਤੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਅਨੇਕਾਂ ਪ੍ਰਵਿਰਤੀਆਂ ਹਨ; ਜਿਵੇਂਕਿ, ਵਿਸ਼ਵੀਕਰਨ; ਆਰਥਕ ਤੇ ਸਮਾਜਕ ਅਸਥਿਰਤਾ ਤੇ ਤਬਦੀਲੀ; ਡਿਜੀਟਲ ਤੇ ਮੋਬਾਈਲ ਤਕਨਾਲੋਜੀ; ਅਤੇ ਵਾਤਾਵਰਣ ਦੀ ਸਥਿਰਤਾ ਜਾਂ ਹਰਿਆਵਲ।

ਮੌਜੂਦਾ ਸਿੱਖਿਆ ਪ੍ਰਣਾਲੀ ਪਾਠਕ੍ਰਮ ਵਿਚ ਆਈਆਂ ਤਬਦੀਲੀਆਂ ਤੇ ਆਧੁਨਿਕ ਤਕਨਾਲੋਜੀ—ਕਲਾਊਡ ਕੰਪਿਊਟਿੰਗ (cloud computing), ਗੇਮਿੰਗ (gaming), ਸਮਾਰਟਫੋਨ (smartphone) ਅਤੇ ਆਹਮਣੇ-ਸਾਹਮਣੇ ਦੀ ਕੰਪਿਊਟਿੰਗ (1to1 computing)—ਦੀ ਵਰਤੋਂ ਦੇ ਮਾਧਿਅਮ ਨਾਲ ਬਦਲ ਰਹੀ ਹੈ। ਜਿਹੜੇ ਮੁਲਕ ਸਕੂਲਾਂ ਤੇ ਯੂਨੀਵਰਸਿਟੀਆਂ ਉੱਤੇ ਜਨਤਕ ਖਰਚ ਤੇ ਕੀਮਤਾਂ ਵਿਚ ਕਟੌਤੀ ਕਰਨ ਉੱਤੇ ਜ਼ੋਰ ਦਿੰਦੇ ਹਨ, ਉਨ੍ਹਾਂ ਮੁਲਕਾਂ ਵਿਚ—ਵਿੱਤੀ ਤੇ ਵਿਧਾਨਕ ਸੰਦਰਭਾਂ ਵਿਚ— ਸਿੱਖਿਆ ਲਈ ਵਿੱਤ ਦੇ ਨਵੀਨ ਮਾਡਲ ਲੁੜੀਂਦੇ ਹਨ। ਭਾਵੇਂ ਕਿ ਦੁਨੀਆਂ ਭਰ ਵਿਚ ਹਾਈ ਸਕੂਲ ਗ੍ਰੈਜੂਏਟਾਂ ਦੀ ਗਿਣਤੀ ਵਧ ਰਹੀ ਹੈ ਪਰ ਕਈ ਮੁਲਕਾਂ ਵਿਚ ਕਾਲਜ/ਯੂਨੀਵਰਸਿਟੀ ਗ੍ਰੈਜੂਏਟਾਂ ਦੀ ਸੰਖਿਆ ਉਕਤ ਸਕੂਲ ਗ੍ਰੈਜੂਏਟਾਂ ਦੇ ਮੁਕਾਬਲਤਨ ਹਾਲੇ ਵੀ ਘੱਟ ਹੈ। ਆਰਥਕ ਤੇ ਸਮਾਜਕ ਤਬਦੀਲੀਆਂ ਕਾਰਨ ਸਕੂਲਾਂ ਤੇ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਤੇ ਦੂਜੀ ਭਾਸ਼ਾ ਦੇ ਸਿਖਿਆਰਥੀਆਂ ਦੀ ਸੰਖਿਆ ਲਗਾਤਾਰ ਵਧ ਰਹੀ ਹੈ। ਤਕਨਾਲੋਜੀ ਦੀ ਸਰਵਵਿਆਪਕਤਾ ਨੇ ਸਿਖਾਂਦਰੂਆਂ ਦੀ ਸੂਚਨਾ ਤਕ ਦੀ ਪਹੁੰਚ ਤੇ ਦੂਜਿਆਂ ਨਾਲ ਗੁਫ਼ਤਗੂ ਕਰਨ ਦਾ ਤਰੀਕਾ ਵੀ ਬਦਲ ਦਿੱਤਾ ਹੈ (OECD, 2014)।

ਅੱਜਕੱਲ੍ਹ ਲਾਇਬ੍ਰੇਰੀਆਂ ਡਿਜੀਟਲ ਏਜੰਡਾ ਤੇ ਹੋਰ ਪ੍ਰਵਿਰਤੀਆਂ; ਜਿਵੇਂਕਿ, ਓਪਨ ਅਕਸੈੱਸ ਡੈਟਾ, ਸਿਖਿਆਤਮਕ ਪਹਿਲ-ਕਦਮੀਆਂ ਅਤੇ ਤਬਦੀਲੀ ਨਾਲ ਵੀ ਬਹੁਤ ਪ੍ਰਭਾਵਿਤ ਹੋ ਰਹੀਆਂ ਹਨ। ਦੁਨੀਆਂ ਦੇ ਕਈ ਹਿੱਸਿਆਂ ਵਿਚ ਸਰਕਾਰਾਂ ਨੇ ਯੂਰਪੀਅਨ ਸੰਘ ਦੇ ਡਿਜੀਟਲ ਏਜੰਡਾ (http://ec.europa.eu/digital-agenda/en) ਦੀ ਤਰਜ ਉੱਤੇ ਯੋਜਨਾਬੰਦੀ ਦੇ ਦਸਤਾਵੇਜ਼ ਵਿਕਸਤ ਕੀਤੇ ਹਨ, ਜੋ ਨਿਮਨਲਿਖਤ ਸੱਤ ਥੰਮਾਂ ਉੱਪਰ ਟਿਕੇ ਹਨ:

1. ਇਕਹਿਰਾ ਡਿਜੀਟਲ ਬਜ਼ਾਰ - ਜੋ ਕੌਮਾਂਤਰੀ ਪੱਧਰ 'ਤੇ ਆਨਲਾਈਨ ਸੇਵਾਵਾਂ ਤੇ ਸਮੱਗਰੀ ਦੀ ਆਦਾਨ-ਪ੍ਰਦਾਨਤਾ ਦੇ ਰਸਤੇ 'ਚ ਆਉਣ ਵਾਲੀਆਂ ਅੜਚਨਾਂ ਨੂੰ ਦੂਰ ਕਰ ਰਿਹਾ ਹੈ;
2. ਅੰਤਰਕਾਰਜਸ਼ੀਲਤਾ ਤੇ ਮਿਆਰ - ਸੂਚਨਾ ਤਕਨਾਲੋਜੀ ਸਬੰਧੀ ਉਪਕਰਨ, ਐਪਲੀਕੇਸ਼ਨਜ਼, ਡਾਟਾ ਸੰਗ੍ਰਹਿ ਅਤੇ ਸੇਵਾਵਾਂ ਨਾਲ ਸਬੰਧਤ ਮਿਆਰ ਇੰਟਰਨੈੱਟ ਵਾਂਗ ਦੁਨੀਆਂ ਭਰ ਵਿਚ ਕਿਤੇ ਵੀ ਸਹਿਜ ਗੱਲਬਾਤ ਨੂੰ ਯਕੀਨੀ ਬਣਾਉਣ ਵਿਚ ਸਹਾਈ ਹੋਣਗੇ;
3. ਭਰੋਸਾ ਤੇ ਸੁਰੱਖਿਆ - ਨਿੱਜੀ ਡਾਟਾ ਸੁਰੱਖਿਆ ਤੇ ਸਾਈਬਰ ਹੈਕਿੰਗ ਲਈ ਜਵਾਬੀ ਤਾਲਮੇਲ ਵਾਸਤੇ ਮਜਬੂਤ ਅਸੂਲਾਂ ਦਾ ਨਿਰਮਾਣ;
4. ਤੇਜ ਤੇ ਬਹੁਤ ਤੇਜ ਇੰਟਰਨੈੱਟ - ਤੇਜ ਰਫਤਾਰ ਸੂਚਨਾ ਪ੍ਰਾਪਤੀ ਤੇ ਤੇਜ ਗਤੀ ਡਾਊਨਲੋਡ ਲਈ ਨਿਵੇਸ਼ ਵਿਚ ਵਾਧਾ ਕਰਨਾ;
5. ਖੋਜ ਤੇ ਕਾਢ - ਕਾਢਾਂ ਦੇ ਵਿਵਸਾਈਕਰਨ ਲਈ ਸੂਚਨਾ ਤੇ ਸੰਚਾਰ ਤਕਨਾਲੋਜੀ ਦੇ ਖੇਤਰ ਵਿਚ ਨਿਵੇਸ਼ ਵਿਚ ਵਾਧਾ ਕਰਨਾ;
6. ਡਿਜੀਟਲ ਸਾਖਰਤਾ ਦਾ ਵਿਕਾਸ - ਡਿਜੀਟਲ ਪਾੜੇ (digital divide) ਨੂੰ ਸੰਬੋਧਨ ਕਰਨ ਲਈ ਉਨ੍ਹਾਂ ਲੋਕਾਂ ਨੂੰ ਸਿੱਖਿਆ ਤੇ ਸਿਖਲਾਈ ਪ੍ਰਦਾਨ ਕਰਨਾ, ਜੋ ਆਧੁਨਿਕ ਤਕਨਾਲੋਜੀ ਦੀ ਸਹੂਲਤ ਤੋਂ ਵਿਰਵੇ ਹਨ;
7. ਸੂਚਨਾ ਤੇ ਸੰਚਾਰ ਤਕਨਾਲੋਜੀ ਦੇ ਫਾਇਦੇ - ਊਰਜਾ ਦੀ ਖਪਤ ਨੂੰ ਘਟਾਉਣਾ, ਸਰਲ ਜਨਤਕ ਸੇਵਾਵਾਂ ਦੀ ਪ੍ਰਾਪਤੀ ਅਤੇ ਸੱਭਿਆਚਾਰਕ ਵਿਰਾਸਤ ਤਕ ਅਧਿਕ ਪਹੁੰਚ ਪ੍ਰਦਾਨ ਕਰਨਾ।

ਇਹ ਡਿਜੀਟਲ ਏਜੰਡਾ ਸਕੂਲ ਲਾਇਬ੍ਰੇਰੀ ਅਮਲੇ ਨੂੰ ਆਪਣੀਆਂ ਡਿਜੀਟਲ ਕੁਸ਼ਲਤਾਵਾਂ ਨੂੰ ਵਧਾਉਣ ਤੇ ਸਕੂਲ ਭਾਈਚਾਰੇ ਦੇ ਦੂਜੇ ਲੋਕਾਂ ਨਾਲ ਰਲ ਕੇ ਕੰਮ ਕਰਨ ਦੀ ਲੋੜ ਉੱਤੇ ਜ਼ੋਰ ਦਿੰਦਾ ਹੈ। ਅਜਿਹਾ ਕਰਦਿਆਂ ਹੀ ਉਹ ਅਸਲ ਅਰਥਾਂ ਵਿਚ ਅਧਿਆਪਕਾਂ ਤੇ ਵਿਦਿਆਰਥੀਆਂ ਦੀਆਂ ਡਿਜੀਟਲ ਕੁਸ਼ਲਤਾਵਾਂ ਤੇ ਗਿਆਨ ਨੂੰ ਵਿਕਸਤ ਕਰਨ ਵਿਚ ਸਹਾਈ ਹੋ ਸਕਣਗੇ। ਦੁਨੀਆਂ ਭਰ ਵਿਚ ਸਕੂਲ ਲਾਇਬ੍ਰੇਰੀ ਦੀਆਂ ਸੇਵਾਵਾਂ ਤੇ ਕਾਰਜਕ੍ਰਮ ਡਿਜੀਟਲ ਤੇ ਮੋਬਾਈਲ

ਤਕਨਾਲੋਜੀ ਦੇ ਖੇਤਰਾਂ ਵਿਚ ਹੋਈਆਂ ਤਬਦੀਲੀਆਂ ਕਾਰਨ ਪ੍ਰਭਾਵਿਤ ਹੋ ਚੁੱਕੇ ਹਨ ਤੇ ਇਹ ਪਰਿਵਰਤਨ ਡਿਜੀਟਲ ਨਾਗਰਿਕਤਾ ਦੇ ਸਿਧਾਂਤਾਂ ਨੂੰ ਅਪਣਾਉਣ ਦੀ ਲੋੜ ‘ਤੇ ਜ਼ੋਰ ਦੇਣਗੇ।

## ਸਥਾਨਕ ਪੱਧਰ 'ਤੇ ਕੰਮ ਕਰਨਾ

ਇਹ ਹਦਾਇਤਾਂ ਅਜਿਹੇ ਢੰਗ ਨਾਲ ਧਾਰਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਸ ਨਾਲ ਸਥਾਨਕ ਪੱਧਰ ਦੀਆਂ ਪਾਠਕ੍ਰਮ ਤੇ ਵਿਧਾਨਕੀ ਲੋੜਾਂ ਦੀ ਪੂਰਤੀ ਹੋ ਸਕੇ। ਸਕੂਲ ਲਾਇਬ੍ਰੇਰੀ ਦੇ ਵਿਕਾਸ ਦਾ ਪ੍ਰਬੰਧ ਜਾਂ ਤਾਂ ਸਿੱਖਿਆ ਕਾਨੂੰਨ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ ਜਾਂ ਲਾਇਬ੍ਰੇਰੀ ਕਾਨੂੰਨ ਵਿਚ। ਜਾਂ ਫਿਰ ਇਸ ਵਿਕਾਸ ਦੀ ਵਿਵਸਥਾ ਇਨ੍ਹਾਂ ਦੋਹਾਂ ਕਾਨੂੰਨਾਂ ਵਿਚ ਕੀਤੀ ਜਾ ਸਕਦੀ ਹੈ ਜਾਂ ਕਥਿਤ ਦੋਹਾਂ ਕਾਨੂੰਨਾ ਵਿਚ ਵੀ ਨਹੀਂ। ਸਕੂਲੀ ਪਾਠਕ੍ਰਮ ਕੌਮੀ ਪੱਧਰ 'ਤੇ ਜਾਂ ਸਥਾਨਕ ਪੱਧਰ 'ਤੇ ਵਿਕਸਤ ਕੀਤਾ ਜਾ ਸਕਦਾ ਹੈ ਤੇ ਇਸ ਪਾਠਕ੍ਰਮ ਵਿਚ ਉਚੇਚੇ ਤੌਰ 'ਤੇ ਸਕੂਲ ਲਾਇਬ੍ਰੇਰੀ ਦੇ ਕਾਰਜ ਉਦੇਸ਼, ਭੂਮਿਕਾ ਤੇ ਟੀਚਿਆਂ ਨੂੰ ਬਿਆਨ ਕੀਤਾ ਜਾ ਸਕਦਾ ਹੈ ਜਾਂ ਇਹ ਪਾਠਕ੍ਰਮ ਇਨ੍ਹਾਂ ਮਸਲਿਆਂ ਬਾਰੇ ਪੂਰਨ ਤੌਰ 'ਤੇ ਚੁੱਪ ਹੋ ਸਕਦੇ ਹਨ।

ਇਹ ਦਿਸ਼ਾ-ਨਿਰਦੇਸ਼ ਸਰਕਾਰਾਂ, ਲਾਇਬ੍ਰੇਰੀ ਸੰਸਥਾਵਾਂ, ਸਕੂਲਾਂ, ਸਕੂਲ ਦੇ ਨਿਰਨਾਇਕ ਲੋਕਾਂ ਅਤੇ ਸਥਾਨਕ ਪੱਧਰ ਦੀਆਂ ਪੰਚਾਇਤਾਂ ਦਾ ਮਾਰਗ ਦਰਸ਼ਨ ਕਰਦੀਆਂ ਹਨ, ਜਿਸ ਨਾਲ ਸਕੂਲ ਲਾਇਬ੍ਰੇਰੀਆਂ ਨੂੰ ਸਕੂਲ ਦੇ ਅੰਦਰ ਤੇ ਬਾਹਰ ਵੱਸਦੇ ਲੋਕਾਂ ਦੇ ਸਥਾਨਕ ਸਿਖਿਆਤਮਕ ਨਤੀਜਿਆਂ, ਸਕੂਲ ਭਾਈਚਾਰੇ ਦੀਆਂ ਸੂਚਨਾਤਮਕ ਲੋੜਾਂ, ਸਮਾਜਕ, ਨਸਲੀ, ਸੱਭਿਆਚਾਰਕ, ਭਾਸ਼ਾਈ, ਦੇਸੀ ਆਦਿ ਤੱਤਾਂ ਦੇ ਵਿਕਾਸ ਵੱਲ ਮੋੜਿਆ ਜਾ ਸਕਦਾ ਹੈ।

ਇਹ ਸੇਧਾਂ ਵਿਦਿਅਕ ਲੋਕਾਂ ਸਮੇਤ ਸਰਕਾਰੀ ਵਿਧਾਇਕਾਂ ਤੇ ਸਕੂਲ ਪ੍ਰਬੰਧਕਾਂ ਦਾ ਧਿਆਨ ਖੋਜ ਦੇ ਉਨ੍ਹਾਂ ਸਿੱਟਿਆਂ ਵੱਲ ਦਵਾਉਂਦੇ ਹਨ, ਜਿਸ ਵਿਚ ਵਿਦਿਆਰਥੀਆਂ ਦੀ ਸਿਖਿਆਤਮਕ ਸਫਲਤਾ ਵਿਚ ਸਕੂਲ ਲਾਇਬ੍ਰੇਰੀ ਸੇਵਾਵਾਂ ਵੱਲੋਂ ਪਾਇਆ ਅਹਿਮ ਯੋਗਦਾਨ ਦੱਸਿਆ ਗਿਆ ਹੈ। ਇਹ ਸਕੂਲ ਲਾਇਬ੍ਰੇਰੀ ਅਮਲੇ ਨੂੰ ਆਪਣੀਆਂ ਯੋਗਤਾਵਾਂ ਤੇ ਸਮਰੱਥਾਵਾਂ ਵਧਾਉਣ ਲਈ ਵੀ ਪ੍ਰੇਰਿਤ ਕਰਦੀਆਂ ਹਨ, ਜੋ ਸਮਾਜਕ ਤੇ ਵਿਦਿਅਕ ਖੇਤਰਾਂ ਵਿਚ ਆਈਆਂ ਤਬਦੀਲੀਆਂ ਲਈ ਅਤਿ ਲੁੜੀਂਦੀਆਂ ਹਨ। ਅਜਿਹਾ ਕਰਦਿਆਂ ਹੀ ਉਹ ਸਮੇਂ ਦੇ ਹਾਣੀ ਬਣ ਸਕਦੇ ਹਨ ਤੇ ਹੋਰ ਲੋਕਾਂ ਨੂੰ ਇਨ੍ਹਾਂ ਤਬਦੀਲੀਆਂ ਨਾਲ ਨਜਿੱਠਣ ਲਈ ਪ੍ਰੇਰਿਤ ਕਰ ਸਕਦੇ ਹਨ।

## ਹਵਾਲੇ ਅਤੇ ਟਿੱਪਣੀਆਂ


Marquardt, L., & Oberg, D. (2011). *Global perspectives on school libraries: Projects and practices.* The Hague, Netherlands: De Gruyter Saur.

Schultz-Jones, B. & Oberg, D. (2015). *Global action on school library guidelines.* The Hague, Netherlands: De Gruyter Saur.

OECD (Organization for Economic Co-operation and Development). (2014). *Education at a glance 2014: OECD indicators.* Paris: OECD Publishing. Retrieved from dx.doi.org/10.1787/eag-2014-en

# ਅਧਿਆਇ 1
# ਸਕੂਲ ਲਾਇਬ੍ਰੇਰੀ ਦਾ ਮਨੋਰਥ ਅਤੇ ਟੀਚੇ

*"ਸਕੂਲ ਲਾਇਬ੍ਰੇਰੀ ਜਾਣਕਾਰੀ ਤੇ ਗਿਆਨ ਦੇ ਅਜਿਹੇ ਵਡਮੁੱਲੇ ਸਰੋਤ ਪ੍ਰਦਾਨ ਕਰਦੀ ਹੈ, ਜੋ ਅਜੋਕੇ ਸਮਾਜ ਵਿਚ ਸਫਲਤਾਪੂਰਵਕ ਵਿਚਰਨ ਲਈ ਜ਼ਰੂਰੀ ਸਮਝੇ ਜਾਂਦੇ ਹਨ। ਇਹ ਸਕੂਲੀ ਵਿਦਿਆਰਥੀਆਂ ਨੂੰ ਤਾ-ਉਮਰ ਸਿੱਖਿਆ ਦੇ ਹੁਨਰ ਸਿਖਾਉਂਦੀ ਹੈ, ਉਨ੍ਹਾਂ ਦੀ ਕਲਪਨਾ ਦਾ ਵਿਕਾਸ ਕਰਦੀ ਹੈ ਅਤੇ ਉਨ੍ਹਾਂ ਨੂੰ ਜ਼ੁੰਮੇਵਾਰ ਨਾਗਰਿਕ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ।"* -ਸਕੂਲ ਲਾਇਬ੍ਰੇਰੀ ਘੋਸ਼ਣਾ-ਪੱਤਰ

## 1.1 ਭੂਮਿਕਾ

ਇਹ ਅਧਿਆਇ ਇਫ਼ਲਾ/ਯੂਨੈਸਕੋ ਦੇ *ਸਕੂਲ ਲਾਇਬ੍ਰੇਰੀ ਘੋਸ਼ਣਾ-ਪੱਤਰ (1999)* ਵਿਚ ਪ੍ਰਭਾਸ਼ਿਤ ਕੀਤੇ ਗਏ ਸਕੂਲ ਲਾਇਬ੍ਰੇਰੀ ਦੇ ਮਕਸਦ ਤੇ ਟੀਚਿਆਂ ਦੀ ਵਿਆਖਿਆ ਕਰਦਾ ਹੈ। ਇਸ ਘੋਸ਼ਣਾ-ਪੱਤਰ ਵਿਚ ਸਕੂਲ ਲਾਇਬ੍ਰੇਰੀ ਨੂੰ ਇਕ ਅਜਿਹੀ ਸੰਸਥਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜੋ ਵਿਦਿਆਰਥੀਆਂ, ਅਧਿਆਪਕਾਂ, ਤੇ ਸਮੁੱਚੇ ਸਕੂਲ ਭਾਈਚਾਰੇ ਦੀਆਂ ਸਿੱਖਣ ਤੇ ਸਿਖਾਉਣ ਦੀਆਂ ਲੋੜਾਂ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਇਸ ਘੋਸ਼ਣਾ-ਪੱਤਰ ਦੀਆਂ ਹੋਰ ਮਹੱਤਵਪੂਰਨ ਗੱਲਾਂ ਆਉਣ ਵਾਲੇ ਅਧਿਆਇਆਂ ਵਿਚ ਵਿਸਥਾਰ ਸਹਿਤ ਪੇਸ਼ ਕੀਤੀਆਂ ਜਾਣਗੀਆਂ।

## 1.2 ਸਕੂਲ ਲਾਇਬ੍ਰੇਰੀ ਦਾ ਮਹੱਤਵ

ਦੁਨੀਆਂ ਭਰ ਵਿਚ ਸਕੂਲ ਲਾਇਬ੍ਰੇਰੀਆਂ ਅਜਿਹੇ ਸਾਰਥਕ ਮਾਹੌਲ ਪੈਦਾ ਕਰਦੀਆਂ ਹਨ, ਜਿੱਥੇ ਸਕੂਲ ਭਾਈਚਾਰੇ ਦੇ ਸਮੁੱਚੇ ਲੋਕਾਂ ਦੀ ਸਿੱਖਣ-ਸਿਖਾਉਣ ਦੀ ਇੱਛਾ ਨੂੰ ਹੱਲਾਸ਼ੇਰੀ ਤੇ ਸਹਿਯੋਗ ਦੇਣ ਲਈ ਵਿਭਿੰਨ ਤਰ੍ਹਾਂ ਦੇ ਭੌਤਿਕ ਤੇ ਡਿਜੀਟਲ ਸੂਚਨਾ ਸਰੋਤ, ਸੇਵਾਵਾਂ, ਕਾਰਜਕ੍ਰਮ, ਸਹੂਲਤਾਂ ਅਤੇ ਉਪਕਰਨ ਪ੍ਰਦਾਨ ਕੀਤੇ ਜਾਂਦੇ ਹਨ। ਇਹ ਸਕੂਲੀ ਵਿਦਿਆਰਥੀਆਂ ਨੂੰ ਪਾਠਕ੍ਰਮ-ਅਧਾਰਤ ਸਰੋਤਾਂ ਦੇ ਨਾਲ-ਨਾਲ ਸਮਾਜਕ ਭਲਾਈ ਲਈ ਲੁੜੀਂਦਾ ਗਿਆਨ ਵੀ ਮੁਹੱਈਆ ਕਰਦੀਆਂ ਹਨ। ਇਹ ਬੌਧਿਕਤਾ, ਸੂਚਨਾ ਸਾਖਰਤਾ ਅਤੇ ਸੱਭਿਆਚਾਰਕ ਵਿਕਾਸ ਉੱਤੇ ਕੇਂਦਰਿਤ ਹੁੰਦੀਆਂ ਹੋਈਆਂ ਸਕੂਲੀ ਭਾਈਚਾਰੇ ਦੀ ਸਿੱਖਿਆ ਲਈ ਅਨੇਕਾਂ ਨਿਰਪੱਖ ਮੌਕੇ ਪ੍ਰਦਾਨ ਕਰਦੀਆਂ ਹਨ। ਇਹ ਸਕੂਲ ਦੇ ਪਾਠਕ੍ਰਮ ਨੂੰ ਵਿਸਥਾਰ ਦੇਣ ਤੇ ਇਸ ਨੂੰ ਦੂਜਿਆਂ ਤੋਂ ਨਿਖੇੜਨ ਵਿਚ ਸਹਾਇਤਾ ਕਰਦੀਆਂ ਹਨ। ਇਸ ਰਾਹੀਂ ਹੀ ਪੁਸਤਕ ਸੱਭਿਆਚਾਰ ਤੇ ਸਾਖਰਤਾ ਪ੍ਰਫੁਲਿਤ ਹੁੰਦੇ ਹਨ। ਕੁੱਲ ਮਿਲਾ ਕੇ ਇਹ ਵਿਦਿਆਰਥੀਆਂ ਦੇ ਸਰਬ-ਪੱਖੀ ਵਿਕਾਸ ਲਈ ਸਦਾ ਯਤਨਸ਼ੀਲ ਹੁੰਦੀਆਂ ਹਨ।

ਉਦਾਹਰਨ ਦੇ ਤੌਰ 'ਤੇ ਅਸੀਂ ਲਿਊਬੁੱਟੋ (Lubuto) ਲਾਇਬ੍ਰੇਰੀ ਪ੍ਰਾਜੈੱਕਟ ਨੂੰ ਵੇਖ ਸਕਦੇ ਹਾਂ, ਜੋ ਜਾਂਬੀਆ ਦੇ ਯਤੀਮਾਂ ਤੇ ਹੋਰ ਗਰੀਬ ਬੱਚਿਆਂ ਤੇ ਨੌਜਵਾਨਾਂ ਨੂੰ ਸੱਭਿਆਚਾਰ ਨਾਲ ਸਬੰਧਤ ਸਰੋਤ ਤੇ ਵਿਦਿਅਕ ਤਜ਼ਰਬੇ ਪ੍ਰਦਾਨ ਕਰਦਾ ਹੈ।

## 1.3 ਸਕੂਲ ਲਾਇਬ੍ਰੇਰੀ ਦੀ ਪਰਿਭਾਸ਼ਾ

ਜਦ ਵੀ ਕੋਈ ਵਿਦਿਆਰਥੀ ਅਧਿਐਨ ਕਰਨ ਜਾਂ ਕੁਝ ਸਿੱਖਣ ਬਾਰੇ ਸੋਚਦਾ ਹੈ ਤਾਂ ਉਸ ਦੇ ਦਿਮਾਗ ਵਿਚ ਸਭ ਤੋਂ ਢੁੱਕਵੀਂ ਜਗ੍ਹਾ ਸਕੂਲ ਲਾਇਬ੍ਰੇਰੀ ਆਉਂਦੀ ਹੈ। ਇਹ ਸਥਾਨ ਹੀ ਉਸ ਨੂੰ ਪਠਨ, ਖੋਜਣ, ਸੋਚਣ, ਕਲਪਨਾ ਕਰਨ ਅਤੇ ਸਿਰਜਣਾਤਮਕ ਕੰਮਾਂ ਵੱਲ ਲੈ ਜਾਂਦਾ ਹੈ। ਅਸਲ ਵਿਚ ਸਕੂਲ ਲਾਇਬ੍ਰੇਰੀ ਇਕ ਅਜਿਹਾ ਵਾਹਨ ਹੈ, ਜਿਸ ਵਿਚ ਬੈਠ ਕੇ ਵਿਦਿਆਰਥੀ ਸੂਚਨਾ ਤੋਂ ਗਿਆਨ ਤਕ ਦਾ ਸਫਰ ਤਹਿ ਕਰਦੇ ਹਨ। ਇਸ ਸਥਾਨ 'ਤੇ ਅਧਿਐਨ ਕਰਦਿਆਂ ਹੀ ਵਿਦਿਆਰਥੀ ਆਪਣਾ ਬੌਧਿਕ, ਸਮਾਜਕ ਅਤੇ ਸੱਭਿਆਚਾਰਕ ਵਿਕਾਸ ਕਰਦੇ ਹਨ। ਇਸ ਭੌਤਿਕ ਤੇ ਡਿਜੀਟਲ ਅਦਾਰੇ ਨੂੰ ਕਈ ਨਾਂਵਾਂ ਨਾਲ ਜਾਣਿਆਂ ਜਾਂਦਾ ਹੈ; ਜਿਵੇਂਕਿ, ਸਕੂਲ ਮੀਡੀਆ ਕੇਂਦਰ, ਸੂਚਨਾ ਤੇ ਦਸਤਾਵੇਜ਼ੀ ਕੇਂਦਰ, ਲਾਇਬ੍ਰੇਰੀ ਸਰੋਤ ਕੇਂਦਰ ਅਤੇ ਸੂਚਨਾ ਤੇ ਸਿੱਖਿਆ ਪ੍ਰਾਪਤੀ ਦਾ ਸਾਂਝਾ ਸਥਾਨ ਪਰ ਸਕੂਲ ਲਾਇਬ੍ਰੇਰੀ ਹੀ ਮਹਿਜ਼ ਅਜਿਹਾ ਸ਼ਬਦ ਹੈ, ਜੋ ਅਕਸਰ ਸਭ ਤੋਂ ਜਿਆਦਾ ਬੋਲਿਆ ਤੇ ਲਿਖਿਆ ਜਾਂਦਾ ਹੈ ਤੇ ਇਹ ਲਾਇਬ੍ਰੇਰੀ ਦੁਆਰਾ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਤੇ ਕੰਮਾਂ 'ਤੇ ਵੀ ਢੁੱਕਦਾ ਹੈ।

ਪੰਜ ਦਹਾਕਿਆਂ ਤੋਂ ਵਧੇਰੇ ਦੀ ਕੌਮਾਂਤਰੀ ਖੋਜ (Haycock, 2015 and Williams, 2013) ਅਨੁਸਾਰ ਸਕੂਲ ਲਾਇਬ੍ਰੇਰੀ ਦੀਆਂ ਨਿਮਨਲਿਖਤ ਵਿਸ਼ੇਸ਼ਤਾਵਾਂ ਹਨ:

- ਸਕੂਲ ਲਾਇਬ੍ਰੇਰੀ ਵਿਚ ਸਿੱਖਿਆ, ਪੁਸਤਕ ਸੱਭਿਆਚਾਰ ਤੇ ਸਾਖਰਤਾ ਦੇ ਵਿਕਾਸ, ਸਕੂਲ ਲਾਇਬ੍ਰੇਰੀ ਦੇ ਪ੍ਰਬੰਧ, ਅਧਿਆਪਕਾਂ ਨਾਲ ਤਾਲਮੇਲ ਅਤੇ ਵਿਦਿਅਕ ਭਾਈਚਾਰੇ ਵਿਚ ਵਿਚਰਨ ਦੀਆਂ ਗੁੰਝਲਦਾਰ ਭੂਮਿਕਾਵਾਂ ਦੇ ਨਿਭਾਅ ਲਈ ਇਕ ਪੇਸ਼ੇਵਰ ਮਹਾਰਤੀ ਤੇ ਯੋਗ ਸਕੂਲ ਲਾਇਬ੍ਰੇਰੀਅਨ ਨਿਯੁਕਤ ਹੁੰਦਾ ਹੈ, ਜਿਸ ਨੇ ਲਾਇਬ੍ਰੇਰੀ ਵਿਗਿਆਨ ਦੀ ਸਿੱਖਿਆ ਦੇ ਨਾਲ-ਨਾਲ ਅਧਿਆਪਨ ਦੀ ਰਸਮੀ ਤਾਲੀਮ ਵੀ ਹਾਸਿਲ ਕੀਤੀ ਹੁੰਦੀ ਹੈ;
- ਵਿਅਕਤੀਗਤ ਵਿਕਾਸ, ਨਿੱਜੀ ਪ੍ਰਾਜੈੱਕਟਾਂ ਅਤੇ ਸਕੂਲ ਦੇ ਰਸਮੀ ਤੇ ਗੈਰ-ਰਸਮੀ ਪਾਠਕ੍ਰਮ ਨੂੰ ਸਹਿਯੋਗ ਦੇਣ ਲਈ ਸਕੂਲ ਲਾਇਬ੍ਰੇਰੀ ਉੱਚ ਗੁਣਵੱਤਾ ਭਰਪੂਰ ਵਿਭਿੰਨ ਤਰ੍ਹਾਂ ਦੇ ਭੌਤਿਕ ਤੇ ਡਿਜੀਟਲ ਸੂਚਨਾ ਸਰੋਤ ਤੇ ਸੇਵਾਵਾਂ ਪ੍ਰਦਾਨ ਕਰਦੀ ਹੈ; ਅਤੇ
- ਇਸ ਕੋਲ ਆਪਣੇ ਨਿਰੰਤਰ ਵਾਧੇ ਤੇ ਵਿਕਾਸ ਦੀ ਇਕ ਸਪਸ਼ਟ ਨੀਤੀ ਤੇ ਯੋਜਨਾ ਹੁੰਦੀ ਹੈ।

ਵਿਦਿਅਕ ਪ੍ਰਣਾਲੀ ਦੇ ਦੂਜੇ ਪਹਿਲੂਆਂ ਵਾਂਗ ਸਕੂਲ ਲਾਇਬ੍ਰੇਰੀਆਂ ਵੀ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿਚੋਂ ਦੀ ਲੰਘਦੀਆਂ ਹਨ। ਉਪਰੋਕਤ ਤਿੰਨ ਵਿਸ਼ੇਸ਼ਤਾਵਾਂ ਸਕੂਲ ਲਾਇਬ੍ਰੇਰੀ ਦੇ ਮਨੋਰਥ ਤੇ ਟੀਚਿਆਂ ਦੀ ਪੂਰਤੀ ਲਈ ਅਤਿ ਲੁੜੀਂਦੀਆਂ ਹਨ। ਇਕ ਖੋਜ ਦੇ ਸਿੱਟੇ ਦੱਸਦੇ ਹਨ ਕਿ ਕਿਸੇ ਵੀ ਸਕੂਲ ਲਾਇਬ੍ਰੇਰੀ ਦੀ ਸਫਲਤਾ ਉਕਤ ਵਿਸ਼ੇਸ਼ਤਾਵਾਂ 'ਤੇ ਨਿਰਭਰ ਕਰਦੀ ਹੈ। ਇਸ ਲਈ ਉਹ ਸਕੂਲ ਲਾਇਬ੍ਰੇਰੀ ਹੀ ਵਿਦਿਆਰਥੀਆਂ ਦੀ ਸਿੱਖਣ ਦੀ ਇੱਛਾ ਦੀ ਹਮਾਇਤ ਕਰ ਸਕਦੀ ਹੈ, ਜਿਸ ਨੇ ਸਕੂਲ ਵਿਚ ਉਪਰੋਕਤ ਵਿਸ਼ੇਸ਼ਤਾਵਾਂ ਨੂੰ ਅਸਲ ਅਰਥਾਂ ਵਿਚ ਲਾਗੂ ਕੀਤਾ ਹੁੰਦਾ ਹੈ।

ਸਕੂਲ ਲਾਇਬ੍ਰੇਰੀ ਦੇ ਅਨੇਕਾਂ ਨਿਮਨਲਿਖਤ ਰੂਪ ਹਨ:

- ਭੌਤਿਕ ਤੇ ਡਿਜੀਟਲ ਸਰੋਤਾਂ ਨਾਲ ਲੈਸ ਇਕ ਅਜਿਹਾ ਸਮਰਪਿਤ ਸਥਾਨ, ਜਿਹੜਾ ਬਿਨ੍ਹਾਂ ਕਿਸੇ ਭੇਦਭਾਵ ਦੇ ਸਭ ਨੂੰ ਜੀ ਆਇਆਂ ਆਖੇ;
- ਸੂਚਨਾ ਭਰਪੂਰ ਇਕ ਅਜਿਹਾ ਕੇਂਦਰ, ਜੋ ਨਿਰਪੱਖ ਤੇ ਖੁੱਲ੍ਹੀ ਪਹੁੰਚ ਰਾਹੀਂ ਅਨੇਕਾਂ ਪ੍ਰਕਾਰ ਦੇ ਸੂਚਨਾ ਸਰੋਤ ਮੁਹੱਈਆ ਕਰੇ;
- ਇਕ ਅਜਿਹੀ ਸੰਸਥਾ, ਜਿੱਥੇ ਵਿਦਿਆਰਥੀਆਂ ਨੂੰ ਨਿੱਜੀ ਤੌਰ 'ਤੇ ਅਤੇ ਸੁਰੱਖਿਅਤ ਰੂਪ ਵਿਚ ਵੱਖ-ਵੱਖ ਵਿਵਾਦਗ੍ਰਸਤ ਵਿਸ਼ਿਆਂ ਨੂੰ ਫਰੋਲਣ ਤੇ ਪੜ੍ਹਨ ਦੀ ਖੁੱਲ੍ਹ ਹਾਸਲ ਹੋਵੇ;
- ਸਿੱਖਿਆ ਦਾ ਇਕ ਅਜਿਹਾ ਸਥਾਨ, ਜਿੱਥੇ ਵਿਦਿਆਰਥੀ ਜਾਣਕਾਰੀ ਦੀਆਂ ਪੇਚੀਦਾ ਗੰਢਾਂ ਖੋਲਣ ਤੇ ਗਿਆਨ-ਨਿਰਮਾਣ ਦੀਆਂ ਮਹੱਤਵਪੂਰਨ ਸਮਰੱਥਾਵਾਂ ਤੇ ਨਿਪੁੰਨਤਾਵਾਂ ਸਿੱਖਦੇ ਹੋਣ;
- ਤਕਨਾਲੋਜੀ ਨਾਲ ਲੈਸ ਇਕ ਅਜਿਹਾ ਮੰਚ, ਜੋ ਗਿਆਨ ਦੀ ਸਿਰਜਣਾ, ਨੁਮਾਇੰਦਗੀ ਅਤੇ ਸਾਂਝ ਲਈ ਅਨੇਕਾਂ ਉਪਕਰਨ ਤੇ ਸੌਫਟਵੇਅਰ ਪ੍ਰਦਾਨ ਕਰਦਿਆਂ ਉਨ੍ਹਾਂ ਨੂੰ ਢੁੱਕਵੇਂ, ਨੈਤਿਕ, ਤੇ ਸੁਰੱਖਿਅਤ ਰੂਪ ਵਿਚ ਵਰਤਣ ਦੇ ਢੰਗ ਵੀ ਸਿਖਾਵੇ। ਇਸ ਤੋਂ ਇਲਾਵਾ ਇਥੇ ਵਿਦਿਆਰਥੀਆਂ ਨੂੰ ਇਹ ਵੀ ਗਿਆਨ ਹਾਸਲ ਹੋਵੇ ਕਿ ਡਿਜੀਟਲ ਸਮਾਜ ਵਿਚ ਵਿਚਰਦਿਆਂ ਆਪਣੀ ਨਿੱਜੀ ਪਛਾਣ ਤੇ ਜਾਣਕਾਰੀ ਦੀ ਸੁਰੱਖਿਆ ਕਿਵੇਂ ਕਰਨੀ ਹੈ;
- ਇਕ ਅਜਿਹਾ ਸਿਖਿਆਤਮਕ ਕੇਂਦਰ, ਜਿੱਥੇ ਸਮੁੱਚੇ ਸਕੂਲ ਭਾਈਚਾਰੇ ਦੇ ਲੋਕਾਂ ਦੀਆਂ ਪੁਸਤਕ ਸੱਭਿਆਚਾਰ ਤੇ ਸਾਖਰਤਾ ਵਿਕਾਸ ਨਾਲ ਸਬੰਧਤ ਲੋੜਾਂ ਦਾ ਖਿਆਲ ਰੱਖਿਆ ਜਾਵੇ; ਅਤੇ
- ਇਕ ਅਜਿਹਾ ਸਮਾਜਕ ਸਥਾਨ, ਜੋ ਸੱਭਿਆਚਾਰ, ਪੇਸ਼ੇਵਰ ਅਤੇ ਵਿਦਿਅਕ ਵਿਕਾਸ ਲਈ ਮਹੱਤਵਪੂਰਨ ਦਿਨਾਂ, ਮਿਲਣੀਆਂ, ਪ੍ਰਦਰਸ਼ਨੀਆਂ ਆਦਿ ਲਈ ਆਮ ਜਨਤਾ ਵਾਸਤੇ ਸਦਾ ਖੁੱਲ੍ਹਾ ਹੋਵੇ।

## 1.4 ਸਕੂਲ ਲਾਇਬ੍ਰੇਰੀ ਦੀ ਭੂਮਿਕਾ

ਸਕੂਲ ਦੇ ਸਾਂਝੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸਕੂਲ ਲਾਇਬ੍ਰੇਰੀ ਸਿੱਖਣ-ਸਿਖਾਉਣ ਦੇ ਕੇਂਦਰ ਵਜੋਂ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਇਸ ਦੁਆਰਾ ਨਿਭਾਏ ਜਾਂਦੇ ਅਨੇਕ ਕੰਮ ਇਸ ਪ੍ਰਕਾਰ ਹਨ:

- ਸਰੋਤ-ਅਧਾਰਤ ਯੋਗਤਾਵਾਂ ਦਾ ਵਿਕਾਸ ਕਰਨਾ: ਲੋਕਾਂ ਤੇ ਸੱਭਿਆਚਾਰਕ ਕਲਾਵਾਂ ਸਮੇਤ ਵੱਖ-ਵੱਖ ਰੂਪਾਂ ਵਿਚ ਉਪਲਬਧ ਸੂਚਨਾ ਸਰੋਤਾਂ ਨੂੰ ਲੱਭਣ, ਪ੍ਰਾਪਤ ਕਰਨ ਅਤੇ ਪਰਖਣ ਵਾਲੇ ਢੰਗਾਂ ਤੇ ਸਮਝ ਦਾ ਵਿਕਾਸ ਕਰਨਾ। ਇਨ੍ਹਾਂ ਕੁਸ਼ਲਤਾਵਾਂ ਵਿਚ ਸੂਚਨਾ ਤਕਨਾਲੋਜੀ ਦੇ ਉਪਕਰਨਾਂ ਦੀ ਢੁੱਕਵੀਂ, ਨੈਤਿਕ ਅਤੇ ਸੁਰੱਖਿਅਤ ਵਰਤੋਂ ਵੀ ਸ਼ਾਮਲ ਹੁੰਦੀ ਹੈ;
- ਸੋਚ-ਅਧਾਰਤ ਨਿਪੁੰਨਤਾਵਾਂ ਨੂੰ ਪ੍ਰਫੁਲਿਤ ਕਰਨਾ: ਉਸਾਰੂ ਤੇ ਆਲੋਚਨਾਤਮਿਕ ਸੋਚ ਵਿਚ ਵਾਧਾ ਕਰਨਾ, ਜੋ ਡੂੰਘੇ ਗਿਆਨ ਤੇ ਸਮਝ ਨਾਲ ਭਰਪੂਰ ਮਹੱਤਵਪੂਰਨ ਖੋਜ ਸਰੋਤਾਂ ਦੀ ਸਿਰਜਣਾ ਲਈ ਜ਼ਰੂਰੀ ਹੁੰਦੀ ਹੈ;
- ਗਿਆਨ-ਅਧਾਰਤ ਸਮਰੱਥਾਵਾਂ ਨੂੰ ਬੜਾਵਾ ਦੇਣਾ: ਵੱਡਮੁਲੇ ਗਿਆਨ ਤੇ ਡੂੰਘੀ ਸਮਝ ਵਾਲੇ ਸਰੋਤਾਂ ਦੀ ਰਚਨਾ, ਨੁਮਾਇੰਦਗੀ ਅਤੇ ਸਾਂਝ ਲਈ ਖੋਜੀ ਬਿਰਤੀ ਦਾ ਵਿਕਾਸ ਕਰਨਾ;
- ਪੁਸਤਕਾਂ ਪੜ੍ਹਨ ਦੀ ਰੁਚੀ ਤੇ ਸਾਖਰਤਾ ਨੂੰ ਵਿਕਸਤ ਕਰਨਾ: ਪੁਸਤਕਾਂ ਪੜ੍ਹਨ ਦੇ ਉਤਸ਼ਾਹ ਦਾ ਵਿਕਾਸ ਕਰਨਾ, ਖੁਸ਼ੀ ਤੇ ਗਿਆਨ ਹਾਸਲ ਕਰਨ ਲਈ ਪੁਸਤਕ ਸੱਭਿਆਚਾਰ ਨੂੰ ਪ੍ਰਫੁਲਿਤ ਕਰਨਾ, ਨਵੇਂ ਗਿਆਨ ਦੀ ਉਸਾਰੀ, ਸੰਚਾਰ ਤੇ ਪਸਾਰ ਵਿਚ ਵਾਧਾ ਕਰਨਾ;
- ਵਿਅਕਤੀਗਤ ਤੇ ਪਰਸਪਰ ਯੋਗਤਾਵਾਂ ਨੂੰ ਵਧਾਉਣਾ: ਸਮਾਜਕ ਤੇ ਸੱਭਿਆਚਾਰਕ ਸ਼ਮੂਲੀਅਤ ਲਈ ਲੁੜੀਂਦੀਆਂ ਯੋਗਤਾਵਾਂ ਦਾ ਵਿਸਥਾਰ ਕਰਨਾ; ਅਤੇ
- ਸਿੱਖਿਆ ਸਬੰਧੀ ਕੁਸ਼ਲਤਾਵਾਂ ਵਿਚ ਵਾਧਾ ਕਰਨਾ: ਵਿਦਿਆਰਥੀਆਂ ਨੂੰ ਪਾਠਕ੍ਰਮ-ਅਧਾਰਤ ਖੋਜ ਦੀ ਤਿਆਰੀ, ਯੋਜਨਾਬੰਦੀ, ਤੇ ਸਫਲਤਾਪੂਰਵਕ ਬੀੜਾ ਚੁੱਕਣ ਦੇ ਯੋਗ ਬਣਾਉਣਾ।

ਇਕ ਯੋਗ ਸਕੂਲ ਲਾਇਬ੍ਰੇਰੀਅਨ ਉਪਰੋਕਤ ਯੋਗਤਾਵਾਂ ਦੇ ਬੜਾਵੇ ਲਈ ਮਾਰਗ ਦਰਸ਼ਨ ਦਾ ਕੰਮ ਕਰਦਾ ਹੈ। ਉਹ ਉਕਤ ਕਾਰਜਾਂ ਦੇ ਸੰਚਾਲਨ ਲਈ ਆਪਣੇ ਅਧਿਆਪਕ ਸਾਥੀਆਂ ਦੀ ਸਹਾਇਤਾ ਵੀ ਲੈ ਸਕਦਾ ਹੈ।

## 1.5 ਸਕੂਲ ਲਾਇਬ੍ਰੇਰੀ ਦੇ ਕੰਮਾਂ ਲਈ ਲੁੜੀਂਦੀਆਂ ਸ਼ਰਤਾਂ

ਵਿਦਿਅਕ ਭਾਈਚਾਰੇ ਦੇ ਸਮੁੱਚੇ ਲੋਕਾਂ ‘ਤੇ ਸਾਕਾਰਾਤਮਕ ਅਸਰ ਪਾਉਣ ਲਈ ਸਕੂਲ ਲਾਇਬ੍ਰੇਰੀ ਕੋਲ ਇਕ ਯੋਗ ਤੇ ਤਜਰਬੇਕਾਰ ਲਾਇਬ੍ਰੇਰੀਅਨ ਦੇ ਨਾਲ-ਨਾਲ ਵਿਓਂਤਬੱਧ ਰੂਪ ਵਿਚ ਤਿਆਰ ਕੀਤਾ ਗਿਆ ਇਕ ਸਿਖਿਆਤਮਕ ਕਾਰਜਕ੍ਰਮ ਹੋਣਾ ਚਾਹੀਦਾ ਹੈ। ਕਿਸੇ ਵੀ ਸਕੂਲ ਲਾਇਬ੍ਰੇਰੀ ਦਾ ਪ੍ਰਬੰਧ ਇਕ ਸਪਸ਼ਟ ਤੌਰ 'ਤੇ ਉਲੀਕੀ ਗਈ ਨੀਤੀ ਅਧੀਨ ਹੀ ਹੋਣਾ ਚਾਹੀਦਾ ਹੈ, ਜੋ ਸਕੂਲ ਲਾਇਬ੍ਰੇਰੀ ਨੂੰ ਪੁਸਤਕ ਸੱਭਿਆਚਾਰ, ਘੋਖ, ਤੇ ਹੋਰ ਵਿਦਿਅਕ ਸਰਗਰਮੀਆਂ ਦੇ ਕੇਂਦਰ ਵਜੋਂ ਮਾਨਤਾ ਦਿੰਦੀ ਹੋਵੇ। ਵਰਣਨਯੋਗ ਹੈ ਕਿ ਇਸ ਨੀਤੀ ਦੇ ਢਾਂਚੇ ਨੂੰ ਤਿਆਰ ਕਰਦਿਆਂ ਸਕੂਲ ਦੀਆਂ ਅਸਲ ਸੂਚਨਾਤਮਕ ਲੋੜਾਂ ਤੇ ਹੋਰ ਖਾਸ ਗੱਲਾਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਇਹ ਨੀਤੀ ਸਕੂਲ ਦੇ ਕਾਰਜ ਉਦੇਸ਼, ਮਨੋਰਥ ਅਤੇ ਟੀਚਿਆਂ ਨੂੰ ਵੀ ਬਿਆਨ ਕਰਦੀ ਹੋਣੀ ਚਾਹੀਦੀ ਹੈ। ਕਿਸੇ ਵੀ ਸਕੂਲ ਲਾਇਬ੍ਰੇਰੀ ਕਾਰਜਕ੍ਰਮ ਦੇ ਪੂਰਨ ਫਾਇਦੇ ਨੂੰ ਸਿੱਧ ਕਰਨ ਲਈ ਪ੍ਰਬੰਧਕੀ ਸਹਾਇਤਾ ਦੀ ਵੀ ਬਹੁਤ ਲੋੜ ਹੁੰਦੀ ਹੈ।

## 1.6 ਸਕੂਲ ਲਾਇਬ੍ਰੇਰੀ ਦਾ ਦੂਰ-ਅੰਦੇਸ਼ੀ ਬਿਆਨ

ਇਹ ਬਿਆਨ ਸਕੂਲ ਲਾਇਬ੍ਰੇਰੀ ਦੀ ਇੱਛਾ ਮੂਲਿਕ ਭਵਿਖਤ ਸਥਿਤੀ ਨੂੰ ਪੇਸ਼ ਕਰਦਾ ਹੈ। ਇਹ ਸਕੂਲ ਲਾਇਬ੍ਰੇਰੀ ਦੀ ਮੁਢਲੀ ਸਥਿਤੀ ਦੇ ਅਧਾਰ 'ਤੇ ਦੁਨੀਆਂ ਭਰ ਵਿਚ ਵਿਭਿੰਨ ਹੋ ਸਕਦਾ ਹੈ। ਸਿੱਖਿਆ ਦੇ ਖੇਤਰ ਵਿਚ ਸਕੂਲ ਲਾਇਬ੍ਰੇਰੀ ਦੀ ਕੇਂਦਰੀ ਭੂਮਿਕਾ ਦੇ ਸੰਚਾਲਨ ਲਈ ਇਸ ਬਿਆਨ ਦੀ ਉਸਾਰੀ ਜ਼ਰੂਰੀ ਹੋ ਜਾਂਦੀ ਹੈ। ਇਸ ਬਿਆਨ ਵਿਚ ਸਕੂਲ ਲਾਇਬ੍ਰੇਰੀ ਨੂੰ ਇਕ ਅਜਿਹੀ ਸ਼ਕਤੀ ਦੇ ਰੂਪ ਵਿਚ ਉਘਾੜਨ ਦਾ ਯਤਨ ਕੀਤਾ ਗਿਆ ਹੁੰਦਾ ਹੈ, ਜੋ ਮੌਜੂਦਾ ਅੜਚਨਾਂ ਨੂੰ ਸਫਲਤਾਪੂਰਵਕ ਪਾਰ ਕਰਦਿਆਂ ਭਵਿਖਤ ਟੀਚੇ ਦੀ ਪੂਰਤੀ ਲਈ ਇਕ ਬਹੁਕਾਰਜੀ ਸਿੱਖਿਆ ਸਥਾਨ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ।

ਇਸ ਦੂਰ-ਅੰਦੇਸ਼ੀ ਬਿਆਨ ਦੀ ਉਸਾਰੀ ਵਿਚ ਇਫ਼ਲਾ *ਰੁਝਾਨ ਰਿਪੋਰਟ* (trends.ifla.org) ਦੇ ਨਿਮਨਲਿਖਤ ਪੰਜ ਪ੍ਰਮੁੱਖ ਤੱਥਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ:

1. ਸੂਚਨਾ ਦੀ ਪਹੁੰਚ ਨਵੀਂ ਤਕਨਾਲੋਜੀ ਦੇ ਵਿਸਥਾਰ ਤੇ ਸੀਮਾ ਦੀ ਹੱਦ ਤੈਅ ਕਰੇਗੀ;
2. ਆਨਲਾਈਨ ਸਿੱਖਿਆ ਵਿਸ਼ਵ ਪੱਧਰੀ ਗਿਆਨ ਦਾ ਲੋਕਤੰਤਰੀਕਰਨ ਕਰੇਗੀ ਤੇ ਇਹ ਸਿੱਖਿਆ ਹੀ ਆਲਮੀ ਗਿਆਨ ਦੇ ਰਾਹ ਦਾ ਰੋੜਾ ਬਣੇਗੀ;
3. ਪਰਦੇਦਾਰੀ ਤੇ ਸੂਚਨਾ ਸੁਰੱਖਿਆ ਦੀਆਂ ਹੱਦਾਂ ਮੁੜ ਪਰਭਾਸ਼ਿਤ ਕੀਤੀਆਂ ਜਾਣਗੀਆਂ;
4. ਆਪਸ ਵਿਚ ਚੰਗੀ ਤਰ੍ਹਾਂ ਨਾਲ ਜੁੜੇ ਹੋਏ ਸਮਾਜ ਨਵੇਂ ਬੁਲਾਰਿਆਂ ਨੂੰ ਸੁਣਨਗੇ ਤੇ ਇਨ੍ਹਾਂ ਰਾਹੀਂ ਹੀ ਨਵੇਂ ਸੰਗਠਨ ਮਜ਼ਬੂਤ ਹੋਣਗੇ; ਅਤੇ
5. ਨਵੀਂ ਤਕਨਾਲੋਜੀ ਦੇ ਮਾਧਿਅਮ ਨਾਲ ਕੌਮਾਂਤਰੀ ਸੂਚਨਾ ਅਰਥਚਾਰਾ ਹੋਂਦ ਵਿਚ ਆਵੇਗਾ।

## 1.7 ਸਕੂਲ ਲਾਇਬ੍ਰੇਰੀ ਦਾ ਕਾਰਜ ਉਦੇਸ਼ੀ ਬਿਆਨ

ਵਿਆਪਕ ਰੂਪ ਵਿਚ ਇਹ ਬਿਆਨ ਸਕੂਲ ਲਾਇਬ੍ਰੇਰੀ ਦੇ ਸੁਭਾਅ, ਮਨੋਰਥ ਅਤੇ ਕੰਮਾਂ ਦੀ ਪਰਿਭਾਸ਼ਾ ਹੁੰਦੀ ਹੈ, ਜਿਸ ਵਿਚ ਲਾਇਬ੍ਰੇਰੀ ਨੂੰ ਸਬੰਧਤ ਸਕੂਲ ਦੇ ਸਾਂਝੇ ਉਦੇਸ਼ ਤੇ ਵਚਨਬੱਧਤਾ ਦੀ ਪੂਰਤੀ ਦੇ ਅੰਗ ਵਜੋਂ ਪੇਸ਼ ਕੀਤਾ ਗਿਆ ਹੁੰਦਾ ਹੈ। ਦੁਨੀਆਂ ਭਰ ਦੀਆਂ ਸਕੂਲ ਲਾਇਬ੍ਰੇਰੀਆਂ ਲਈ ਮਿੱਥੇ ਗਏ ਕਾਰਜ ਉਦੇਸ਼ ਦਾ ਵਰਣਨ ਇਫ਼ਲਾ/ਯੂਨੈਸਕੋ ਦੇ *ਸਕੂਲ ਲਾਇਬ੍ਰੇਰੀ ਘੋਸ਼ਣਾ ਪੱਤਰ* (ਅੰਤਿਕਾ-ੳ) ਵਿਚ ਪ੍ਰਗਟ ਕੀਤਾ ਗਿਆ ਹੈ। ਹਰੇਕ ਸਕੂਲ ਲਾਇਬ੍ਰੇਰੀ ਦੇ ਉਕਤ ਬਿਆਨ ਵਿਚ *ਘੋਸ਼ਣਾ-ਪੱਤਰ* ਦੇ ਉਹ ਅੰਸ਼ ਪੇਸ਼ ਕੀਤੇ ਜਾਣੇ ਚਾਹੀਦੇ ਹਨ, ਜੋ ਸਿੱਖਿਆ ਦੇ ਸੰਦਰਭ ਵਿਚ ਇਕਸੁਰ ਹੁੰਦੇ ਹੋਣ ਤੇ ਜਿਨ੍ਹਾਂ ਅਧੀਨ ਸਕੂਲ ਤੇ ਉਨ੍ਹਾਂ ਦੀਆਂ ਲਾਇਬ੍ਰੇਰੀਆਂ ਕੰਮ ਕਰਦੀਆਂ ਹੋਣ। ਇਸ ਤੋਂ ਇਲਾਵਾ ਸਕੂਲ ਭਾਈਚਾਰੇ ਦੇ ਸਮੁੱਚੇ ਮੈਂਬਰਾਂ ਦੀਆਂ ਅਸਲ ਲੋੜਾਂ ਦੀ ਸਮਝ ਨੂੰ ਪਰਭਾਸ਼ਿਤ ਕਰਦਿਆਂ ਇਸ ਬਿਆਨ ਵਿਚ ਉਨ੍ਹਾਂ ਲੋੜਾਂ ਦੀ ਸੰਤੁਸ਼ਟੀ ਲਈ ਲੁੜੀਂਦੇ ਸਰੋਤ, ਸਹੂਲਤਾਂ, ਨਿਪੁੰਨਤਾਵਾਂ, ਸਮਰੱਥਾਵਾਂ ਅਤੇ ਇੱਛਾ ਮੂਲਿਕ ਵਿਦਿਅਕ ਨਤੀਜਿਆਂ ਵਾਸਤੇ ਮਹੱਤਵਪੂਰਨ ਅਗਵਾਈ ਵੀ ਪੇਸ਼ ਕੀਤੀ ਜਾਣੀ ਚਾਹੀਦੀ ਹੈ।

## 1.8 ਸਕੂਲ ਲਾਇਬ੍ਰੇਰੀ ਸੇਵਾਵਾਂ

ਸਕੂਲ ਲਾਇਬ੍ਰੇਰੀ ਸਿਖਿਆਤਮਕ ਭਾਈਚਾਰੇ ਦੀਆਂ ਵਿਆਪਕ ਲੋੜਾਂ ਦੀ ਪੂਰਤੀ ਲਈ ਵਿਭਿੰਨ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਇਹ ਸੇਵਾਵਾਂ ਸਕੂਲ ਲਾਇਬ੍ਰੇਰੀ ਦੇ ਹਦੂਦ ਅੰਦਰ ਜਾਂ ਉਸ ਤੋਂ ਬਾਹਰ ਵੀ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ। ਸੂਚਨਾ ਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਕਰਦੀਆਂ ਸੇਵਾਵਾਂ ਵਿਕਾਸ ਦੇ ਅਜਿਹੇ ਮੌਕੇ ਪੇਸ਼ ਕਰਦੀਆਂ ਹਨ, ਜਿਨ੍ਹਾਂ ਰਾਹੀਂ ਲਾਇਬ੍ਰੇਰੀ ਦੀ ਪਹੁੰਚ ਦੇ ਘੇਰੇ ਨੂੰ ਸਮੁੱਚੇ ਸਕੂਲੀ ਵਿਭਾਗਾਂ ਤੇ ਵਿਦਿਅਕ ਭਾਈਚਾਰੇ ਦੇ ਘਰਾਂ ਤਕ ਵਧਾਇਆ ਜਾ ਸਕਦਾ ਹੈ। ਸੂਚਨਾ ਤਕਨਾਲੋਜੀ ਦਾ ਮਜ਼ਬੂਤ ਢਾਂਚਾ ਵੱਡਮੁਲੇ ਸਰੋਤਾਂ ਦੇ ਵੱਖ-ਵੱਖ ਸੰਗ੍ਰਹਿਆਂ ਤਕ ਪਹੁੰਚ ਮੁਹੱਈਆ ਕਰਦਾ ਹੈ। ਇਸ ਤੋਂ ਇਲਾਵਾ ਇਹ ਢਾਂਚਾ ਖੋਜ ਅਧਾਰਤ ਛਾਣਬੀਣ ਦੀ ਯੋਜਨਾਬੰਦੀ ਦੇ ਨਾਲ-ਨਾਲ ਗਿਆਨ ਦੀ ਉਸਾਰੀ, ਪੇਸ਼ਕਾਰੀ ਅਤੇ ਸਾਂਝ ਲਈ ਕਈ ਆਧੁਨਿਕ ਉਪਕਰਨ ਪ੍ਰਦਾਨ ਕਰਦਾ ਹੈ।

ਸਕੂਲ ਲਾਇਬ੍ਰੇਰੀ ਸੇਵਾਵਾਂ ਵਿਚ ਸ਼ਾਮਲ ਤੱਤ ਇਸ ਪ੍ਰਕਾਰ ਹੋਣੇ ਚਾਹੀਦੇ ਹਨ:

- ਅਧਿਆਪਕਾਂ ਦਾ ਪੇਸ਼ੇਵਰ ਵਿਕਾਸ (ਪੁਸਤਕ ਸੱਭਿਆਚਾਰ ਤੇ ਸਾਖਰਤਾ, ਤਕਨਾਲੋਜੀ, ਘੋਖ, ਤੇ ਖੋਜ ਪ੍ਰਕਿਰਿਆਵਾਂ);
- ਅਕਾਦਮਕ ਪ੍ਰਾਪਤੀ ਤੇ ਨਿੱਜੀ ਵਿਕਾਸ ਤੇ ਖੁਸ਼ੀ ਲਈ ਵਿਭਿੰਨ ਸੂਚਨਾ ਸਰੋਤ ਤੇ ਪਠਨ ਕਾਰਜਕ੍ਰਮ;
- ਜਾਂਚ-ਅਧਾਰਤ ਸਿੱਖਿਆ ਤੇ ਸੂਚਨਾ ਸਾਖਰਤਾ ਦਾ ਵਿਕਾਸ; ਅਤੇ
- ਦੂਜੀਆਂ ਲਾਇਬ੍ਰੇਰੀਆਂ ਨਾਲ ਮਿਲਵਰਤਨ (ਜਨਤਕ, ਸਰਕਾਰੀ, ਕਮਿਊਨਿਟੀ ਸਰੋਤ)

ਸਕੂਲ ਲਾਇਬ੍ਰੇਰੀਆਂ ਵਿਦਿਅਕ ਭਾਈਚਾਰੇ ਨੂੰ ਵਿਸ਼ੇਸ਼ ਮਹੱਤਵ ਦਿੰਦੀਆਂ ਹਨ, ਜਿਸ ਵਿਚ ਲਾਇਬ੍ਰੇਰੀ ਸੰਗ੍ਰਹਿ ਵਿਚਲੇ ਸਰੋਤਾਂ ਤੋਂ ਇਲਾਵਾ ਇਕ ਯੋਗ ਲਾਇਬ੍ਰੇਰੀਅਨ ਤੇ ਸਰਗਰਮ ਕਾਰਜਕ੍ਰਮ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮਹੱਤਵਪੂਰਨ ਸੇਵਾਵਾਂ ਸ਼ਾਮਲ ਹੁੰਦੀਆਂ ਹਨ।

## 1.9 ਸਕੂਲ ਲਾਇਬ੍ਰੇਰੀ ਕੰਮਾਂ ਦਾ ਮੁਲਾਂਕਣ

ਸਕੂਲ ਲਾਇਬ੍ਰੇਰੀ ਦੇ ਸਰਬ-ਪੱਖੀ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਇਸ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਤੇ ਕਾਰਜਕ੍ਰਮਾਂ ਦਾ ਸਮੇਂ-ਸਮੇਂ 'ਤੇ ਮੁਲਾਂਕਣ ਕੀਤਾ ਜਾਵੇ। ਇਹ ਲਾਇਬ੍ਰੇਰੀ ਕੰਮਾਂ ਦਾ ਲੇਖਾ-ਜੋਖਾ ਰੱਖਣ ਵਿਚ ਸਹਾਈ ਹੁੰਦਾ ਹੈ। ਇਹ ਇਸ ਗੱਲ ਨੂੰ ਨਿਰਧਾਰਤ ਕਰਨ ਵਿਚ ਮਦਦ ਕਰਦਾ ਹੈ ਕਿ ਕੀ ਸਕੂਲ ਲਾਇਬ੍ਰੇਰੀ ਦੁਆਰਾ ਨਿਭਾਏ ਜਾਂਦੇ ਕਾਰਜਕ੍ਰਮਾਂ ਤੇ ਸੇਵਾਵਾਂ ਰਾਹੀਂ ਸਕੂਲ ਭਾਈਚਾਰੇ ਦੀਆਂ ਵਿਸ਼ਾਲ ਲੋੜਾਂ ਦੀ ਪੂਰਤੀ ਹੋ ਰਹੀ ਹੈ। ਇਹ ਲੋਕ ਸੰਪਰਕ ਤੇ ਲੋਕ-ਹਮਾਇਤ ਸਬੰਧੀ ਪਹਿਲ ਕਦਮੀਆਂ ਦੇ ਨਿਰਦੇਸ਼ਨ ਲਈ ਬਹੁਤ ਜ਼ਰੂਰੀ ਹੈ। ਇਸ ਦੇ ਢੰਗ-ਤਰੀਕੇ ਦੀ ਚੋਣ ਸਕੂਲ ਭਾਈਚਾਰੇ ਦੀਆਂ ਵਿਭਿੰਨ ਲੋੜਾਂ ਤੇ ਲਾਇਬ੍ਰੇਰੀ ਵਿਕਾਸ ਦੇ ਪੜਾਅ ‘ਤੇ ਨਿਰਭਰ ਕਰਦੀ ਹੈ।

ਕਾਰਜਕ੍ਰਮ ਦੀ ਸਮੁੱਚੀ ਗੁਣਵੱਤਾ ਉੱਤੇ ਕੇਂਦਰਿਤ ਹੋਣ ਵਾਲੇ ਮੁਲਾਂਕਣ ਨੂੰ ਸਕੂਲ ਲਾਇਬ੍ਰੇਰੀ ਦੇ ਅਨੇਕਾਂ ਪੱਖਾਂ (ਕਰਮਚਾਰੀ, ਸਹੂਲਤਾਂ, ਤਕਨਾਲੋਜੀ, ਸੰਗ੍ਰਹਿ, ਤੇ ਨਿਰਦੇਸ਼ਨ) ਦੇ ਅਧਿਐਨ ਲਈ ਕੌਮਾਂਤਰੀ, ਰਾਸ਼ਟਰੀ ਜਾਂ ਸਥਾਨਕੀ ਮਿਆਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਅਭਿਆਸਾਂ ਦੇ ਸੁਧਾਰ ਉੱਤੇ ਕੇਂਦਰਿਤ ਹੋਣ ਵਾਲੇ ਪ੍ਰਭਾਵਸ਼ਾਲੀ ਮੁਲਾਂਕਣ (ਤੱਥ-ਅਧਾਰਤ ਅਭਿਆਸ) ਨੂੰ ਸਾਰਥਕ ਨਤੀਜਿਆਂ ਲਈ ਖੋਜ ਅੰਕੜੇ ਵਰਤਣੇ ਚਾਹੀਦੇ ਹਨ। ਇਹ ਲੁੜੀਂਦੇ ਅੰਕੜੇ ਅਨੇਕਾਂ ਸਰੋਤਾਂ ਤੋਂ ਇਕੱਤਰਿਤ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਸਬੰਧ ਪਰਖੇ ਜਾ ਰਹੇ ਪਹਿਲੂ ਨਾਲ ਹੁੰਦਾ ਹੈ; ਜਿਵੇਂਕਿ, ਆਨਲਾਈਨ ਸਰਕਿਊਲੇਸ਼ਨ ਤੇ ਕੈਟਾਲੌਗਿੰਗ ਸਿਸਟਮ ਦੇ ਦਸਤਾਵੇਜ਼ ਤੇ ਲਾਇਬ੍ਰੇਰੀਆਂ ਵਿਚ ਦਿੱਤੀਆਂ ਜਾਦੀਆਂ ਸਿੱਖਿਆਵਾਂ ਦੇ ਨਮੂਨੇ— ਇਹ ਅੰਕੜੇ ਜਮਾਤ ਜਾਂ ਵਿਸ਼ੇ ਦੇ ਅਧਾਰ ‘ਤੇ ਇਕੱਠੇ ਕੀਤੇ ਜਾਂਦੇ ਹਨ ਤੇ ਇਨ੍ਹਾਂ ਦੀ ਵਰਤੋਂ ਉਚਿਤ ਫੈਸਲੇ ਲੈਣ ਵਿਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਸਿੱਖਿਆਤਮਿਕ ਪ੍ਰਾਜੈੱਕਟਾਂ ਤੇ ਵਿਦਿਆਰਥੀਆਂ, ਅਧਿਆਪਕਾਂ ਅਤੇ/ਜਾਂ ਮਾਪਿਆਂ ਦੇ ਸਰਵੇਖਣਾਂ ਨੂੰ ਵੀ ਇਸ ਮਕਸਦ ਲਈ ਵਰਤਿਆ ਜਾਂਦਾ ਹੈ ਤੇ ਇਸ ਕਿਸਮ ਦੇ ਅੰਕੜੇ ਲਾਇਬ੍ਰੇਰੀ ਪ੍ਰਭਾਵ ਦਾ ਸਮਰਥਨ ਕਰਦੇ ਹਨ। ਹਥਲੇ ਦਸਤਾਵੇਜ਼ ਦਾ ਅਧਿਆਇ-6 ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਲੋੜ ਬਾਬਤ ਵਿਸਥਾਰਪੂਰਨ ਚਾਨਣਾ ਪਾਉਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


American Association of School Librarians. (2014). *Governing documents.* Retrieved from www.ala.org/aasl/about/governing-docs

American Association of School Librarians. (2011). *Standards for the 21st century learner.* Retrieved from www.ala.org/aasl/standards-guidelines/learning-standards

Hay, L., & Todd, R. J. (2010). *School libraries 21C.* NSW Department of Education and Training. Retrieved from www.curriculumsupport.education.nsw.gov.au/schoollibraries/assets/pdf/21c_report.pdf

Haycock, 1992, in LRS (2015) *School Libraries Impact Studies* in the USA www.lrs.org/data-tools/school-libraries/impact-studies/

Haycock, K. (1992). *What works: Research about teaching and learning through the school's library resource center.* Seattle, WA: Rockland Press.

*IFLA/UNESCO School Library Manifesto.* (1999). Retrieved from www.ifla.org/publications/iflaunesco-school-library-manifesto-1999

Library Research Service [Colorado State Library, Colorado Department of Education]. *School libraries impact studies.* Retrieved from www.lrs.org/data-tools/school-libraries/impact-studies/

Groupe de Recherche sur la Culture et la Didactique de l'information. (2010). *Parcours de formation à la culture de l'information* [The learning path to an information culture]. Retrieved from http://culturedel.info/grcdi/?page_id=236

Williams, D., Wavell, C., & Morrison, K. (2013). *Impact of school libraries on learning: Critical review of published evidence to inform the Scottish education community.* Aberdeen, Scotland: Robert Gordon University, Institute for Management, Governance & Society (IMaGeS). Retrieved from www.scottishlibraries.org/storage/sectors/schools/SLIC_RGU_Impact_of_School_Libraries_2013.pdf).

# ਅਧਿਆਇ 2
# ਸਕੂਲ ਲਾਇਬ੍ਰੇਰੀ ਦਾ ਕਾਨੂੰਨੀ ਅਤੇ ਵਿੱਤੀ ਢਾਂਚਾ

*"ਸਕੂਲ ਲਾਇਬ੍ਰੇਰੀਆਂ ਨੂੰ ਇਕ ਨਿਸ਼ਚਤ ਕਾਨੂੰਨ ਤੇ ਵਿਭਿੰਨ ਸਰਕਾਰਾਂ (ਸਥਾਨਕੀ, ਖੇਤਰੀ ਅਤੇ ਰਾਸ਼ਟਰੀ) ਦੀਆਂ ਲੋਕ-ਪੱਖੀ ਨੀਤੀਆਂ ਦੁਆਰਾ ਸਹਿਯੋਗ ਮਿਲਣਾ ਚਾਹੀਦਾ ਹੈ। ਇਨ੍ਹਾਂ ਕੋਲ ਪੇਸ਼ੇਵਰ ਕਰਮਚਾਰੀਆਂ, ਸੂਚਨਾ ਸਰੋਤਾਂ, ਤਕਨਾਲੋਜੀ ਦੇ ਉਪਕਰਨਾਂ ਅਤੇ ਸਹੂਲਤਾਂ ਲਈ ਢੁਕਵਾਂ ਤੇ ਟਿਕਾਊ ਧਨ ਹੋਣਾ ਚਾਹੀਦਾ ਹੈ। ਇਹ ਫ਼ੀਸ-ਮੁਕਤ ਹੋਣੀਆਂ ਚਾਹੀਦੀਆਂ ਹਨ।"* -ਸਕੂਲ ਲਾਇਬ੍ਰੇਰੀ ਘੋਸ਼ਣਾ-ਪੱਤਰ

## 2.1 ਭੂਮਿਕਾ

ਸਕੂਲ ਲਾਇਬ੍ਰੇਰੀਆਂ ਵਿਦਿਅਕ ਭਾਈਚਾਰੇ ਦੀਆਂ ਵਿਭਿੰਨ ਲੋੜਾਂ ਨੂੰ ਸੰਤੁਸ਼ਟ ਕਰਦਿਆਂ ਉਕਤ ਭਾਈਚਾਰੇ ਦੇ ਸਮੁੱਚੇ ਲੋਕਾਂ ਦੇ ਸਰਬ-ਪੱਖੀ ਵਿਕਾਸ ਲਈ ਸਦਾ ਯਤਨਸ਼ੀਲ ਰਹਿੰਦੀਆਂ ਹਨ। ਇਹ ਸਿੱਖਿਆ ਦੇ ਇਕਸਾਰ ਮੌਕੇ ਪ੍ਰਦਾਨ ਕਰਨ ਲਈ ਤੇ ਗਿਆਨ-ਅਧਾਰਤ ਸਮਾਜ ਵਿਚ ਵਿਚਰਨ ਦੀਆਂ ਲੁੜੀਂਦੀਆਂ ਯੋਗਤਾਵਾਂ ਦੇ ਵਿਕਾਸ ਲਈ, ਸਥਾਨਕੀ, ਖੇਤਰੀ ਅਤੇ ਰਾਸ਼ਟਰੀ ਸਰਕਾਰਾਂ ਦੇ ਢਾਂਚੇ ਅਧੀਨ ਕੰਮ ਕਰਦੀਆਂ ਹਨ। ਵਿਦਿਅਕ ਤੇ ਸੱਭਿਆਚਾਰਕ ਖੇਤਰਾਂ ਵਿਚ ਉਤਪੰਨ ਹੋ ਰਹੀਆਂ ਨਿਰੰਤਰ ਤਬਦੀਲੀਆਂ ਨਾਲ ਨਜਿੱਠਣ ਲਈ ਸਕੂਲ ਲਾਇਬ੍ਰੇਰੀਆਂ ਨੂੰ ਇਕ ਨਿਸ਼ਚਤ ਕਾਨੂੰਨ ਅਤੇ ਢੁੱਕਵੇਂ ਤੇ ਟਿਕਾਊ ਧਨ ਦੀ ਸਦਾ ਲੋੜ ਰਹਿੰਦੀ ਹੈ।

## 2.2 ਕਾਨੂੰਨੀ ਅਧਾਰ ਅਤੇ ਮੁੱਦੇ

ਕੁੱਲ ਦੁਨੀਆਂ ਵਿਚ ਸਕੂਲ ਲਾਇਬ੍ਰੇਰੀਆਂ ਤੇ ਸਰਕਾਰਾਂ ਦੇ ਪਰਸਪਰ ਰਿਸ਼ਤਿਆਂ ਸਬੰਧੀ ਅਨੇਕਾਂ ਵੱਖ-ਵੱਖ ਨਮੂਨੇ/ਮਾਡਲ ਮੌਜੂਦ ਹਨ। ਇਸ ਲਈ ਸਕੂਲ ਲਾਇਬ੍ਰੇਰੀਆਂ ਦੀਆਂ ਸਰਗਰਮੀਆਂ ਤੇ ਵਿੱਤੀ ਪ੍ਰਬੰਧਾਂ ਨੂੰ ਨਿਯੰਤਰਨ ਕਰਨ ਵਾਲੇ ਕਾਨੂੰਨ ਵੀ ਵਿਭਿੰਨ ਤੇ ਪੇਚੀਦਾ ਹੋ ਸਕਦੇ ਹਨ। ਉਦਾਹਰਨ ਵਜੋਂ, ਕਿਸੇ ਵੀ ਮੁਲਕ ਦੇ ਸਕੂਲ ਲਾਇਬ੍ਰੇਰੀ ਕਾਨੂੰਨ, ਨੀਤੀਆਂ ਅਤੇ ਮਿਆਰਾਂ ਨੂੰ ਤਿਆਰ, ਵਿਕਸਤ ਅਤੇ ਲਾਗੂ ਕਰਨ ਦੀ ਜ਼ੁੰਮੇਵਾਰੀ ਉਸ ਮੁਲਕ ਦੇ ਸਿੱਖਿਆ ਜਾਂ ਸੱਭਿਆਚਾਰ ਵਿਭਾਗ ਦੀ ਹੋ ਸਕਦੀ ਹੈ, ਜਾਂ ਫਿਰ ਇਸ ਜ਼ੁੰਮੇਵਾਰੀ ਨੂੰ ਦੋਹਾਂ ਵਿਭਾਗਾਂ ਵਿਚ ਸਾਂਝਾ ਕੀਤਾ ਜਾ ਸਕਦਾ ਹੈ। ਸੰਸਾਰ ਭਰ ਦੇ ਕੁਝ ਮੁਲਕਾਂ ਨੇ ਸਕੂਲ ਲਾਇਬ੍ਰੇਰੀਆਂ ਦੀ ਪੂਰਨ ਜਾਂ ਅੰਸ਼ਿਕ ਜ਼ੁੰਮੇਵਾਰੀ ਆਪਣੇ ਮੁਲਕਾਂ ਦੇ ਪ੍ਰਾਂਤਾਂ, ਜਿਲ੍ਹਿਆਂ ਜਾਂ ਪੰਚਾਇਤਾਂ ਨੂੰ ਸੌਂਪੀ ਹੋਈ ਹੈ।

ਅਭਿਆਸ ਦੇ ਸਿਧਾਂਤ ਅਨੁਸਾਰ, ਸਕੂਲ ਲਾਇਬ੍ਰੇਰੀਆਂ ਸਮੇਂ ਨਾਲ ਆਪਣੇ ਆਪ ਨੂੰ ਉਸ ਕਾਨੂੰਨੀ ਤੇ ਸਿਆਸੀ ਪ੍ਰਬੰਧ ਅਨੁਸਾਰ ਢਾਲ਼ ਲੈਂਦੀਆਂ ਹਨ, ਜਿਹੜਾ ਵਿਦਿਅਕ ਮਾਹੌਲ ਪੈਦਾ ਕਰਦਿਆਂ ਸਕੂਲ ਲਾਇਬ੍ਰੇਰੀਆਂ ਨੂੰ ਬਹੁ-ਕਾਰਜੀ ਕੇਂਦਰ ਦੇ ਰੂਪ ਵਿਚ ਸਥਾਪਤ ਕਰਨ ਤੇ ਸਾਂਭਣ ਵਿਚ ਸਹਾਈ ਹੁੰਦਾ ਹੈ। ਵਿਦਿਆਰਥੀਆਂ ਦੇ ਸਰਬ-ਪੱਖੀ ਵਿਕਾਸ ਲਈ ਲੁੜੀਂਦੇ ਸੂਚਨਾ ਸਰੋਤਾਂ ਨੂੰ ਹਾਸਲ ਕਰਨ ਵਾਸਤੇ ਯੋਜਨਾਬੱਧ ਤੇ ਮਹੱਤਵਪੂਰਨ ਵਜੂਦ ਰੱਖਣ ਵਾਲੇ ਦਿਸ਼ਾ-ਨਿਰਦੇਸ਼ਾਂ ਦੀ ਹਮੇਸ਼ਾ ਲੋੜ ਹੁੰਦੀ ਹੈ।

## 2.3 ਨੈਤਿਕ ਅਧਾਰ ਅਤੇ ਮੁੱਦੇ

ਸਕੂਲ ਲਾਇਬ੍ਰੇਰੀ ਉਸ ਨੈਤਿਕ ਢਾਂਚੇ ਅਧੀਨ ਕੰਮ ਕਰਦੀ ਹੈ, ਜਿਹੜਾ ਵਿਦਿਆਰਥੀਆਂ, ਅਧਿਆਪਕਾਂ ਅਤੇ ਸਮੂਹ ਵਿਦਿਅਕ ਭਾਈਚਾਰੇ ਦੇ ਲੋਕਾਂ ਦੀਆਂ ਜ਼ੁੰਮੇਵਾਰੀਆਂ, ਹੱਕਾਂ ਅਤੇ ਰੁਚੀਆਂ ਬਾਰੇ ਸਦਾ ਵਿਚਾਰਸ਼ੀਲ ਰਹਿੰਦਾ ਹੈ। ਇਸ ਤਰ੍ਹਾਂ ਸਕੂਲ ਲਾਇਬ੍ਰੇਰੀ ਆਪਣੇ ਸਮੁੱਚੇ ਮੈਂਬਰਾਂ ਦਾ ਭਲਾ ਲੋਚਦਿਆਂ ਉਸ ਅਵਸਥਾ ਨੂੰ ਯਕੀਨਨ ਬਣਾਉਣ ਲਈ ਹਮੇਸ਼ਾ ਯਤਨ ਕਰਦੀ ਹੈ, ਜਿੱਥੇ ਸਭਿਆਚਾਰਕ, ਭਾਸ਼ਾਈ, ਸੁਦੇਸ਼ੀ ਅਤੇ ਹੋਰ ਅਨੇਕਾਂ ਸਮਾਜਕ ਤੱਤਾਂ ਨੂੰ ਬਗ਼ੈਰ ਕਿਸੇ ਭੇਦ-ਭਾਵ ਦੇ ਸਵੀਕਾਰਿਆ ਤੇ ਸਤਕਾਰਿਆ ਜਾਂਦਾ ਹੈ। ਗਿਆਨ ਭਰਪੂਰ ਸਰੋਤਾਂ ਤਕ ਖੁੱਲ੍ਹੀ ਪਹੁੰਚ ਅਤੇ ਸੂਚਨਾ ਤੇ ਬੌਧਿਕ ਸੁਤੰਤਰਤਾ ਸਬੰਧੀ ਨਿਰਪੱਖਤਾ ਦੀਆਂ ਮੂਲ ਕਦਰਾਂ-ਕੀਮਤਾਂ *ਮਨੁੱਖੀ ਅਧਿਕਾਰਾਂ ਦੀ ਆਲਮੀ ਘੋਸ਼ਣਾ* ਦੀ ਧਾਰਾ 19 ਤੇ ਇਫ਼ਲਾ ਦੀਆਂ ਕਦਰਾਂ-ਕੀਮਤਾਂ (www.ifla.org/about/more) ਵਿਚ ਪੜ੍ਹੀਆਂ ਜਾ ਸਕਦੀਆਂ ਹਨ। ਇਸ ਸੰਦਰਭ ਵਿਚ ਕੁਝ ਹੋਰ ਵਿਚਾਰਨਯੋਗ ਤੱਤ ਇਸ ਪ੍ਰਕਾਰ ਹਨ:

- ਅਧਿਕਾਰਾਂ ਦਾ ਲਾਇਬ੍ਰੇਰੀ ਬਿਲ (www.asla.org.au/policy/bill-of-rights.aspx)
- ਸੂਚਨਾ ਤੇ ਨਿੱਜਤਾ ਦੀ ਅਜ਼ਾਦੀ
- ਲਿਖਤ ਦੀ ਨਕਲ ਦੇ ਅਧਿਕਾਰ, ਬੌਧਿਕ ਜਾਇਦਾਦ ਤੇ ਸਾਹਿਤਕ ਚੋਰੀ ਸਬੰਧੀ ਬਿਆਨ
- ਬੱਚਿਆਂ ਦੇ ਅਧਿਕਾਰ (www.un.org/cyberschoolbus/humanrights/resources/child.asp)
- ਸੁਦੇਸ਼ੀ ਲੋਕਾਂ ਦੇ ਅਧਿਕਾਰ (www.ifla.org/indigenous-matters)

ਸਕੂਲ ਲਾਇਬ੍ਰੇਰੀ ਉਨ੍ਹਾਂ ਕਾਰਜਕ੍ਰਮਾਂ ਜ਼ਰੀਏ ਜ਼ੁੰਮੇਵਾਰ ਨਾਗਰਿਕਤਾ ਲਈ ਲੁੜੀਂਦੀਆਂ ਕੁਸ਼ਲਤਾਵਾਂ ਤੇ ਗਿਆਨ ਦਾ ਵਿਕਾਸ ਕਰਦੀ ਹੈ, ਜੋ ਵਿਦਿਆਰਥੀਆਂ ਸਮੇਤ ਸਮੁੱਚੇ ਵਿਦਿਅਕ ਭਾਈਚਾਰੇ ਨੂੰ ਸੂਚਨਾ ਦੀ ਖੁਲ੍ਹ, ਬੌਧਿਕ ਜਾਇਦਾਦ, ਤੇ ਸਾਹਿਤਕ ਚੋਰੀ ਵਰਗੇ ਨੈਤਿਕ ਮੁੱਦਿਆਂ ਬਾਬਤ ਸਿੱਖਿਅਤ ਕਰਦੇ ਹੋਣ।

## 2.4 ਸਕੂਲ ਲਾਇਬ੍ਰੇਰੀ ਵਿਕਾਸ ਲਈ ਲੁੜੀਂਦਾ ਬੁਨਿਆਦੀ ਢਾਂਚਾ

ਸਕੂਲ ਲਾਇਬ੍ਰੇਰੀ ਦੀ ਸਥਾਪਤੀ ਅਤੇ ਵਿਕਾਸ ਲਈ ਰਾਸ਼ਟਰੀ, ਖੇਤਰੀ ਜਾਂ ਸਥਾਨਕੀ ਪੱਧਰ ਉੱਤੇ ਸਿੱਖਿਆ ਪ੍ਰਤੀ ਜ਼ੁੰਮੇਵਾਰ ਪ੍ਰਬੰਧਕੀ ਇਕਾਈ ਅਧੀਨ ਸਹਿਯੋਗ ਦੀ ਵਿਵਸਥਾ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਸੇਵਾਵਾਂ ਤੇ ਸਰਗਰਮੀਆਂ ਦੇ ਮੁਢਲੇ ਪੱਧਰ ਨੂੰ ਪਰਭਾਸ਼ਿਤ ਤੇ ਲਾਗੂ ਕਰਨ ਲਈ ਸਾਰਥਕ ਯਤਨ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਵਿਦਿਆਰਥੀ ਤੇ ਅਧਿਆਪਕ ਸਕੂਲ ਲਾਇਬ੍ਰੇਰੀ ਨੂੰ ਇਕ ਸਿੱਖਣ-ਸਿਖਾਉਣ ਦੇ ਸਾਧਨ ਵਜੋਂ ਸਮਝਣ ਤੇ ਵਰਤਣ ਦੇ ਯੋਗ ਹੋ ਸਕਣ। ਉਪਰੋਕਤ ਵਿਦਿਅਕ ਸੇਵਾ ਕੇਂਦਰਾਂ ਦਾ ਧਿਆਨ ਮਹੱਤਵਪੂਰਨ ਸਿਖਿਆਤਮਕ ਮੁੱਦਿਆਂ ‘ਤੇ ਕੇਂਦਰਿਤ ਕੀਤਾ ਜਾ ਸਕਦਾ ਹੈ; ਜਿਵੇਂਕਿ, ਸਕੂਲ ਲਾਇਬ੍ਰੇਰੀਅਨਾਂ ਦੀ ਆਰੰਭਕ ਤੇ ਨਿਰੰਤਰ ਸਿੱਖਿਆ, ਪੇਸ਼ੇਵਰ ਸਲਾਹ-ਮਸ਼ਵਰਾ, ਖੋਜ ਅਧਿਐਨ, ਸਕੂਲ ਲਾਇਬ੍ਰੇਰੀਅਨਾਂ ਦੇ ਸਮੂਹਾਂ ਤੇ ਉਨ੍ਹਾਂ ਦੀਆਂ ਪੇਸ਼ੇਵਰ ਜਥੇਬੰਦੀਆਂ ਨਾਲ ਮਿਲਵਰਤਨ ਅਤੇ ਮਿਆਰਾਂ ਤੇ ਹਦਾਇਤਾਂ ਦਾ ਵਿਕਾਸ।

ਸਕੂਲ ਲਾਇਬ੍ਰੇਰੀ ਸੇਵਾਵਾਂ ਤੇ ਸਰਗਰਮੀਆਂ ਦਾ ਸੁਭਾਅ ਤੇ ਵਿਸਤਾਰ ਹਰੇਕ ਦੇਸ਼ ਤੇ ਸਕੂਲ ਵਿਚ ਵੱਖਰਾ ਹੁੰਦਾ ਹੈ। ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਵੱਧ ਰਹੀ ਗਤੀਸ਼ੀਲਤਾ ਦਾ ਅਰਥ ਹੈ ਕਿ ਸਕੂਲਾਂ ਦੀ ਇਕਸਾਰਤਾ ਤੇ ਸਕੂਲ ਲਾਇਬ੍ਰੇਰੀਆਂ ਦੀ ਖੁਲ੍ਹੀ ਪਹੁੰਚ ਸਕੂਲ ਭਾਈਚਾਰੇ ਦੀਆਂ ਵਿਭਿੰਨ ਲੋੜਾਂ ਦੀ ਪੂਰਤੀ ਲਈ ਵਿਦਿਅਕ ਪ੍ਰਣਾਲੀਆਂ ਦੀ ਸਮਰੱਥਾ ਦਾ ਵਿਕਾਸ ਕਰਦੀ ਹੈ।

> *ਉਦਾਹਰਨ*
>
> ਸੰਯੁਕਤ ਰਾਜ ਅਮਰੀਕਾ ਦੇ ਪ੍ਰਾਂਤ ਟੈਕਸਾਸ ਦੀ ਵਿਧਾਨ-ਸਭਾ ਨੇ ਸੰਨ 1967 ਈ. ਵਿਚ ਪ੍ਰਾਂਤ ਭਰ ਦੇ ਸਕੂਲ ਜ਼ਿਲ੍ਹਿਆਂ ਦੀ ਸਹਾਇਤਾ ਲਈ 20 ਖੇਤਰੀ ਵਿਦਿਅਕ ਸੇਵਾ ਕੇਂਦਰਾਂ ਦੀ ਇਕ ਪ੍ਰਣਾਲੀ ਸਥਾਪਤ ਕੀਤੀ। ਉਕਤ ਸੇਵਾ ਕੇਂਦਰ ਦਾ ਕੰਮ ਸਕੂਲ ਜ਼ਿਲ੍ਹਿਆਂ ਨਾਲ ਮਿਲ ਕੇ ਇਨ੍ਹਾਂ ਤਿੰਨ ਪ੍ਰਮੁੱਖ ਟੀਚਿਆਂ ਨੂੰ ਲਾਗੂ ਕਰਨਾ ਹੈ: ਵਿਦਿਆਰਥੀਆਂ ਦੇ ਵਿਦਿਅਕ ਪ੍ਰਦਰਸ਼ਨ ਨੂੰ ਸੁਧਾਰਨਾ; ਸਕੂਲ ਜ਼ਿਲ੍ਹਿਆਂ ਨੂੰ ਕੁਸ਼ਲਤਾਪੂਰਵਕ ਤੇ ਕਫਾਇਤੀ ਤੌਰ 'ਤੇ ਕੰਮ ਕਰਨ ਦੇ ਯੋਗ ਬਣਾਉਣਾ; ਅਤੇ ਵਿਧਾਨ-ਸਭਾ ਜਾਂ ਕਮਿਸ਼ਨਰ ਦੁਆਰਾ ਸੌਂਪੀਆਂ ਗਈਆਂ ਪਹਿਲ-ਕਦਮੀਆਂ ਨੂੰ ਲਾਗੂ ਕਰਨਾ। ਇਸ ਤੋਂ ਇਲਾਵਾ ਵਿਦਿਅਕ ਸੇਵਾ ਕੇਂਦਰ ਪ੍ਰਬੰਧਕਾਂ, ਸਕੂਲ ਲਾਇਬ੍ਰੇਰੀਅਨਾਂ ਅਤੇ ਅਧਿਆਪਕਾਂ ਦੀ ਮਦਦ ਲਈ ਪੇਸ਼ੇਵਰ ਵਿਕਾਸ, ਤਕਨੀਕੀ ਸਹਾਇਤਾ, ਤੇ ਸਿਖਿਆਤਮਕ ਕਾਰਜਕ੍ਰਮਾਂ ਦੇ ਪ੍ਰਬੰਧਨ ਵਰਗੀਆਂ ਸਹੂਲਤਾਂ ਵੀ ਮੁਹੱਈਆ ਕਰਦਾ ਹੈ।

## 2.5 ਨੀਤੀਆਂ

ਕਿਸੇ ਵੀ ਸਕੂਲ ਲਾਇਬ੍ਰੇਰੀ ਦਾ ਪ੍ਰਬੰਧ ਇਕ ਸਪਸ਼ਟ ਤੌਰ 'ਤੇ ਉਲੀਕੀ ਗਈ ਨੀਤੀ ਅਧੀਨ ਹੋਣਾ ਚਾਹੀਦਾ ਹੈ, ਜੋ ਸਕੂਲ ਲਾਇਬ੍ਰੇਰੀ ਨੂੰ ਪੁਸਤਕ ਸੱਭਿਆਚਾਰ, ਖੋਜ ਅਤੇ ਹੋਰ ਵਿਦਿਅਕ ਸਰਗਰਮੀਆਂ ਦੇ ਕੇਂਦਰ ਵਜੋਂ ਮਾਨਤਾ ਦਿੰਦੀ ਹੋਵੇ। ਵਰਣਨਯੋਗ ਹੈ ਕਿ ਇਸ ਨੀਤੀ ਦੇ ਢਾਂਚੇ ਨੂੰ ਤਿਆਰ ਕਰਦਿਆਂ ਸਕੂਲ ਦੀਆਂ ਅਸਲ ਲੋੜਾਂ ਤੇ ਵਿਆਪਕ ਨੀਤੀਆਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਇਹ ਨੀਤੀ ਸਕੂਲ ਦੇ ਕਾਰਜ ਉਦੇਸ਼,

ਮਨੋਰਥ ਅਤੇ ਟੀਚਿਆਂ ਨੂੰ ਵੀ ਬਿਆਨ ਕਰਦੀ ਹੋਣੀ ਚਾਹੀਦੀ ਹੈ।

ਇਸ ਨੀਤੀ ਵਿਚ ਇਹ ਵੀ ਸਪਸ਼ਟ ਕਰ ਦਿੱਤਾ ਜਾਣਾ ਚਾਹੀਦਾ ਹੈ ਕਿ ਸਕੂਲ ਲਾਇਬ੍ਰੇਰੀ ਸਾਰਿਆਂ ਦੀ ਸਾਂਝੀ ਹੈ। ਇਹ ਨੀਤੀ ਅਧਿਆਪਕਾਂ ਤੇ ਪ੍ਰਬੰਧਕਾਂ ਨਾਲ ਮਿਲ ਕੇ ਕੰਮ ਕਰਦੇ ਸਕੂਲ ਲਾਇਬ੍ਰੇਰੀਅਨ ਦੁਆਰਾ ਤਿਆਰ ਹੋਣੀ ਚਾਹੀਦੀ ਹੈ। ਸਰਵ-ਪ੍ਰਵਾਨਤਾ ਲਈ ਇਸ ਨੀਤੀ ਦੇ ਖਰੜੇ ਨੂੰ ਵਿਆਪਕ ਪੱਧਰ 'ਤੇ ਸਕੂਲ ਭਾਈਚਾਰੇ ਦੇ ਮੈਂਬਰਾਂ ਅੱਗੇ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਖਰੜੇ ਉੱਤੇ ਖੁੱਲ੍ਹੀ ਵਿਚਾਰ-ਚਰਚਾ ਹੋਣੀ ਚਾਹੀਦੀ ਹੈ। ਅੰਤ ਵਿਚ ਸੰਪੂਰਨ ਰੂਪ ‘ਚ ਤਿਆਰ ਕੀਤੀ ਗਈ ਨੀਤੀ ਨੂੰ ਸਮੁੱਚੇ ਸਕੂਲ ਭਾਈਚਾਰੇ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਦੇ ਅਭਿਆਸ ਤੇ ਵਿਕਾਸ ਲਈ ਲੁੜੀਂਦੇ ਫਲਸਫੇ, ਸੰਕਲਪਾਂ ਅਤੇ ਇਰਾਦਿਆਂ ਨੂੰ ਸਮਝਣ ਤੇ ਤਸਦੀਕ ਕਰਨ ਦੇ ਨਾਲ-ਨਾਲ ਅਮਲ ਵਿਚ ਲਿਆਉਣ ਲਈ ਵੀ ਤਿਆਰ ਕੀਤਾ ਜਾ ਸਕੇ। ਨੀਤੀ ਦਸਤਾਵੇਜ਼ ਤੇ ਇਸ ਦੇ ਅਧਾਰ ਉੱਤੇ ਵਿਕਸਿਤ ਹੋਈਆਂ ਯੋਜਨਾਵਾਂ ਵਿਚ ਨਿਮਨਲਿਖਤ ਤੱਤਾਂ ਦੇ ਸੰਦਰਭ ‘ਚ ਸਕੂਲ ਲਾਇਬ੍ਰੇਰੀ ਦੀ ਭੂਮਿਕਾ ਨਿਸ਼ਚਤ ਹੋਣੀ ਚਾਹੀਦੀ ਹੈ:

- ਸਕੂਲ ਦਾ ਰਸਮੀ ਤੇ ਗੈਰ-ਰਸਮੀ ਪਾਠਕ੍ਰਮ;
- ਸਕੂਲ ਵਿਚ ਸਿੱਖਿਆ ਗ੍ਰਹਿਣ ਕਰਨ ਦੇ ਢੰਗ;
- ਰਾਸ਼ਟਰੀ ਅਤੇ ਸਥਾਨਕੀ ਮਿਆਰ ਤੇ ਮੁਲਾਂਕਣ ਦੇ ਪੈਮਾਨੇ;
- ਵਿਦਿਆਰਥੀਆਂ ਦੀਆਂ ਵਿੱਦਿਆ ਤੇ ਨਿੱਜੀ ਵਿਕਾਸ ਸਬੰਧੀ ਲੋੜਾਂ;
- ਅਧਿਆਪਕਾਂ ਦੀਆਂ ਲੋੜਾਂ;
- ਅਕਾਦਮਕ ਪ੍ਰਾਪਤੀ ਦੇ ਪੱਧਰਾਂ ਨੂੰ ਉੱਚਾ ਚੁੱਕਣਾ;
- ਖੋਜ ਸਮਰੱਥਾਵਾਂ ਦਾ ਵਿਕਾਸ ਕਰਨਾ;
- ਪੁਸਤਕ ਸੱਭਿਆਚਾਰ ਨੂੰ ਪ੍ਰਫੁਲਿਤ ਤੇ ਉਤਸ਼ਾਹਿਤ ਕਰਨਾ; ਅਤੇ
- ਵਿਆਪਕ ਸੋਚ ਤੇ ਸਮਾਜਕ ਭਲਾਈ ਦਾ ਵਿਕਾਸ।

ਉਪਰੋਕਤ ਤੱਤ ਇਕ ਯਥਾਰਥਵਾਦੀ ਨੀਤੀ ਤੇ ਇਸ ਦੇ ਨਤੀਜੇ ਵਜੋਂ ਹੋਂਦ 'ਚ ਆਈ ਕਾਰਜ-ਯੋਜਨਾ ਲਈ ਮਹੱਤਵਪੂਰਨ ਹਨ। ਕਾਰਜ-ਯੋਜਨਾ ਵਿਚ ਲਾਇਬ੍ਰੇਰੀ ਉਦੇਸ਼ਾਂ, ਕਾਰਜਾਂ, ਨਿਯੰਤਰਨ ਅਤੇ ਮੁਲਾਂਕਣ ਦੇ ਨਿੱਤਨੇਮਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ। ਨੀਤੀ ਤੇ ਕਾਰਜ-ਯੋਜਨਾ ਦੇ ਪ੍ਰਭਾਵਸ਼ਾਲੀ ਦਸਤਾਵੇਜ਼ ਹੋਣੇ ਚਾਹੀਦੇ ਹਨ, ਜੋ ਨੇਮਬੱਧ ਮੁਲਾਂਕਣ ਲਈ ਤੁਰੰਤ ਵਰਤੇ ਜਾ ਸਕਣ।

## 2.6 ਯੋਜਨਾਬੰਦੀ

ਉਪਰੋਕਤ ਨੀਤੀ ਵਾਂਗ ਸਕੂਲ ਲਾਇਬ੍ਰੇਰੀ ਦੀ ਯੋਜਨਾਬੰਦੀ ਵਿਚ ਵੀ ਯੋਗ ਲਾਇਬ੍ਰੇਰੀਅਨ ਦੀ ਬਹੁਤ ਲੋੜ ਹੁੰਦੀ ਹੈ। ਲਾਇਬ੍ਰੇਰੀ ਦੀ ਯੋਜਨਾ ਪ੍ਰਕਿਰਿਆ ਵਿਚ ਨਿਮਨਲਿਖਤ ਮਹੱਤਵਪੂਰਨ ਪਹਿਲੂਆਂ ‘ਤੇ ਵਿਚਾਰ-ਚਰਚਾ ਹੋਣੀ ਚਾਹੀਦੀ ਹੈ:

- ਕੌਮੀ ਤੇ ਕੌਮਾਂਤਰੀ ਸੰਸਥਾਵਾਂ ਦੁਆਰਾ ਭਵਿਖਮੁਖੀ ਅਧਿਐਨ ਤਹਿਤ ਪੇਸ਼ ਕੀਤੇ ਗਏ ਆਰਥਕ ਵਿਕਾਸ ਦੇ ਟੀਚੇ;
- ਰਾਸ਼ਟਰੀ ਤੇ ਸਕੂਲ ਪੱਧਰੀ ਸਿੱਖਿਆ ਦਾ ਕਾਰਜ-ਉਦੇਸ਼, ਫਲਸਫਾ, ਮਨੋਰਥ ਅਤੇ ਟੀਚੇ;
- ਦੂਰ-ਅੰਦੇਸ਼ੀ ਬਿਆਨ, ਜੋ ਸਕੂਲ ਵਿਚ ਲਾਇਬ੍ਰੇਰੀ ਦੇ ਮਹੱਤਵ ਤੇ ਵਿਦਿਅਕ ਪ੍ਰਕਿਰਿਆ ਵਿਚ ਸਮੱਰਥਕਾਂ, ਸਭਿਆਚਾਰਕ ਭਾਈਵਾਲਾਂ ਅਤੇ ਵਿੱਤੀ ਸਹਾਇਤਾ ਦੇਣ ਵਾਲੇ ਸਹਿਯੋਗੀਆਂ ਦੀ ਭੂਮਿਕਾ ਨੂੰ ਪ੍ਰਗਟ ਕਰਦਾ ਹੋਵੇ;
- ਲੋੜਾਂ ਦਾ ਲੇਖਾ-ਜੋਖਾ, ਜੋ ਸਕੂਲ ਲਾਇਬ੍ਰੇਰੀ ਦੇ ਮੌਜੂਦਾ ਕਰਤੱਵ ਨੂੰ ਪਛਾਣਦੇ ਹੋਏ ਇੱਛਾ ਮੂਲਿਕ ਭਵਿਖਤ ਸਥਿਤੀ ਨੂੰ ਬਿਆਨ ਕਰਦਾ ਹੋਵੇ;
- ਇਕ ਮਹੱਤਵਪੂਰਨ ਯੋਜਨਾ, ਜਿਹੜੀ ਸਕੂਲ ਭਾਈਚਾਰੇ ਦੇ ਸਮੁੱਚੇ ਮੈਂਬਰਾਂ ਨੂੰ ਗੁਣਵੱਤਾ ਭਰਪੂਰ ਵੱਖ-ਵੱਖ ਸਰੋਤਾਂ, ਸਹੂਲਤਾਂ ਅਤੇ ਸਿਖਿਆਤਮਕ ਮਾਹੌਲ ਨਾਲ ਜੋੜਦੀ ਹੋਵੇ;
- ਤਕਨਾਲੋਜੀ ਦੀ ਯੋਜਨਾ, ਜੋ ਭਵਿਖ ਵਿਚ ਤਕਨਾਲੋਜੀ ਨੂੰ ਵਧਾਉਣ ਤੇ ਸੂਚਨਾ ਤੇ ਸੇਵਾਵਾਂ ਦੀ ਸਪੁਰਦਗੀ ਲਈ ਸੰਭਾਵੀ ਤਬਦੀਲੀਆਂ ਸਬੰਧੀ ਹੋਵੇ;
- ਵਿਦਿਆਰਥੀਆਂ ਤੇ ਸਕੂਲ ਭਾਈਚਾਰੇ ਦੀਆਂ ਸਰਗਰਮੀਆਂ 'ਤੇ ਕੇਂਦਰਿਤ ਹੋਣ ਵਾਲੀ ਗਤੀਸ਼ੀਲ ਯੋਜਨਾ;

- ਸਕੂਲ ਲਾਇਬ੍ਰੇਰੀ ਕਰਮਚਾਰੀਆਂ ਦੀਆਂ ਪੇਸ਼ੇਵਰ ਯੋਗਤਾਵਾਂ ਦੇ ਵਿਕਾਸ ਸਬੰਧੀ ਵਿਓਂਤ; ਅਤੇ
- ਮੁਲਾਂਕਣ ਯੋਜਨਾ, ਜੋ ਤੱਥ-ਅਧਾਰਤ ਖੋਜ ਦੇ ਮਾਧਿਅਮ ਰਾਹੀਂ ਲਾਇਬ੍ਰੇਰੀ ਦੇ ਨਿਰੰਤਰ ਸੁਧਾਰ ਲਈ ਲੁੜੀਂਦੇ ਅੰਕੜੇ ਪ੍ਰਦਾਨ ਕਰੇ।

*ਉਦਾਹਰਨ*

ਇੰਡੋਨੇਸ਼ੀਆ ਦੇ ਇਕ ਪੇਂਡੂ ਖੇਤਰ ਵਿਚ ਸਕੂਲ ਲਾਇਬ੍ਰੇਰੀ ਦੇ ਮਾਡਲ ਨੂੰ ਵਿਕਸਤ ਕਰਨ ਲਈ ਸਕੂਲ ਕਰਮਚਾਰੀ ਲਾਇਬ੍ਰੇਰੀ ਤੇ ਸੂਚਨਾ ਵਿਗਿਆਨ ਦੇ ਵਿਭਾਗ ਵਿਚਲੇ ਅਧਿਆਪਕਾਂ, ਸਰਕਾਰੀ ਵਿਭਾਗਾਂ ਅਤੇ ਵਿਕਾਸ ਲਈ ਜ਼ੁੰਮੇਵਾਰ ਕੌਮਾਂਤਰੀ ਸੰਸਥਾਵਾਂ ਨਾਲ ਮਿਲ ਕੇ ਯੋਜਨਾਬੰਦੀ ਕਰਦੇ ਹਨ।

## 2.7 ਵਿੱਤੀ ਸਹਾਇਤਾ

ਸਕੂਲ ਲਾਇਬ੍ਰੇਰੀ ਦੇ ਨਿਰਵਿਘਨ ਸੰਚਾਲਨ ਲਈ ਸਥਾਨਕ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਢੁੱਕਵੇਂ ਤੇ ਟਿਕਾਊ ਬਜਟ ਦੀ ਲੋੜ ਹੁੰਦੀ ਹੈ। ਇਸ ਬਜਟ ਦੇ ਖਰਚਿਆਂ ਦਾ ਸਬੰਧ ਉਪਰੋਕਤ ਸਕੂਲ ਨੀਤੀ ਨਾਲ ਹੋਣਾ ਚਾਹੀਦਾ ਹੈ। ਇਸ ਵਿਚਲੇ ਪੂੰਜੀ ਨਿਵੇਸ਼ ਨੂੰ ਲਾਇਬ੍ਰੇਰੀ, ਵਿਦਿਆਰਥੀਆਂ, ਅਧਿਆਪਕਾਂ, ਕਰਮਚਾਰੀਆਂ ਆਦਿ ਦੇ ਸਰਬ-ਪੱਖੀ ਵਿਕਾਸ ਲਈ ਵਰਤਿਆ ਜਾਣਾ ਚਾਹੀਦਾ ਹੈ।

ਬਜਟ ਦੀ ਤਿਆਰੀ ਲਈ ਸਕੂਲ ਲਾਇਬ੍ਰੇਰੀਅਨ ਉੱਚ ਪ੍ਰਬੰਧਕਾਂ ਨਾਲ ਮਿਲ ਕੇ ਕੰਮ ਕਰਦਾ ਹੈ। ਇਸ ਤੋਂ ਇਲਾਵਾ ਉਹ ਵਿਆਪਕ ਸਕੂਲ ਭਾਈਚਾਰੇ ਨੂੰ ਗੁਣਵੱਤਾ ਭਰਪੂਰ ਸਰੋਤਾਂ ਤੇ ਸੇਵਾਵਾਂ ਦੀ ਸਪੁਰਦਗੀ ਲਈ ਢੁੱਕਵੇਂ ਬਦਲਾਂ ਦੀ ਖੋਜ ਵੀ ਕਰਦਾ ਹੈ। ਸਕੂਲ ਲਾਇਬ੍ਰੇਰੀ ਲਈ ਲੁੜੀਂਦੀ ਵਿੱਤੀ ਸਹਾਇਤਾ ਨਿਮਨਲਿਖਤ ਖੋਜ ਤੱਤਾਂ 'ਤੇ ਚਾਨਣਾ ਪਾਉਂਦੀ ਹੈ:

- ਸਕੂਲ ਲਾਇਬ੍ਰੇਰੀ ਦੇ ਸਹਿਯੋਗੀ ਕਰਮਚਾਰੀਆਂ ਤੇ ਇਸ ਦੇ ਸੰਗ੍ਰਹਿਆਂ ਦਾ ਆਕਾਰ ਤੇ ਗੁਣਵੱਤਾ ਅਕਾਦਮਕ ਪ੍ਰਾਪਤੀ ਲਈ ਉੱਤਮ ਪੂਰਵ ਸੂਚਕ ਯੰਤਰ ਹੁੰਦੇ ਹਨ।
- ਆਮ ਤੌਰ 'ਤੇ ਇਹ ਵੀ ਮਹਿਸੂਸ ਕੀਤਾ ਗਿਆ ਹੈ ਕਿ ਜੋ ਵਿਦਿਆਰਥੀ ਮਿਆਰੀ ਪ੍ਰੀਖਿਆਵਾਂ ਵਿਚ ਉੱਚ ਦਰਜੇ ਪ੍ਰਾਪਤ ਕਰਦੇ ਹਨ, ਉਹ ਬਿਜਾਏ ਕਿਸੇ ਆਰਥਕ ਜਾਂ ਹੋਰ ਪਿਛੋਕੜ ਦੇ ਸਕੂਲ ਲਾਇਬ੍ਰੇਰੀ ਦੀਆਂ ਸੇਵਾਵਾਂ ਤੇ ਸਰੋਤਾਂ (ਪੁਸਤਕਾਂ, ਰਸਾਲੇ ਅਤੇ ਆਨਲਾਈਨ ਸਮੱਗਰੀ) ਦੀ ਵੱਧ ਵਰਤੋਂ ਕਰਦੇ ਹਨ। (ਉਦਾਹਰਨ ਲਈ 2013 ਵਿਚ ਕੈਚਲ ਤੇ ਲੈਂਸ ਦੁਆਰਾ ਲਿਖਤ IASL ਖੋਜ ਦਾ ਸਾਰਾਂਸ਼ ਵੇਖਿਆ ਜਾ ਸਕਦਾ ਹੈ www.iasl-online.org/research/abstracts)

ਪੂਰੇ ਸਾਲ ਲਈ ਬਜਟ ਖਰਚਨ ਦੀ ਪ੍ਰਕਿਰਿਆ ਯੋਜਨਾਬੱਧ ਢੰਗ ਨਾਲ ਲਾਗੂ ਹੋਣੀ ਚਾਹੀਦੀ ਹੈ। ਇਸ ਦੇ ਖਰਚਿਆਂ ਦਾ ਉਪਰੋਕਤ ਸਕੂਲ ਨੀਤੀ ਨਾਲ ਗੂੜ੍ਹਾ ਸਬੰਧ ਹੋਣਾ ਚਾਹੀਦਾ ਹੈ। ਬਜਟ ਯੋਜਨਾ ਦੇ ਮਹੱਤਵਪੂਰਨ ਤੱਤ ਅੰਤਿਕਾ-ਅ ਵਿਚ ਦਿੱਤੇ ਗਏ ਹਨ। ਸਲਾਨਾ ਰਿਪੋਟਾਂ ਇਸ ਤੱਥ 'ਤੇ ਚਾਨਣਾ ਪਾਉਂਦੀਆਂ ਹਨ ਕਿ ਪਿਛਲੇ ਸਾਲ ਲਾਇਬ੍ਰੇਰੀ ਬਜਟ ਕਿਵੇਂ ਵਰਤਿਆ ਗਿਆ ਸੀ। ਕੀ ਉਸ ਬਜਟ ਵਿਚ ਨਿਰਧਾਰਤ ਕੀਤੀ ਗਈ ਧਨ ਰਾਸ਼ੀ ਲਾਇਬ੍ਰੇਰੀ ਦੇ ਕਾਰਜਕ੍ਰਮਾਂ, ਸਰੋਤਾਂ ਅਤੇ ਉਕਤ ਨੀਤੀ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਕਾਫੀ ਸੀ। ਇਨ੍ਹਾਂ ਰਿਪੋਟਾਂ ਵਿਚ ਲਾਇਬ੍ਰੇਰੀ ਸੇਵਾਵਾਂ ਤੇ ਕਾਰਜਕ੍ਰਮਾਂ ਦੀ ਗੁਣਵੱਤਾ ਤੇ ਇਨ੍ਹਾਂ ਦੇ ਸਿੱਖਣ-ਸਿਖਾਉਣ ਦੇ ਕਾਰਜ ਉੱਤੇ ਪਏ ਪ੍ਰਭਾਵ ਸਬੰਧੀ ਪ੍ਰਮਾਣ ਵੀ ਸ਼ਾਮਲ ਹੋਣੇ ਚਾਹੀਦੇ ਹਨ। ਹਥਲੇ ਦਸਤਾਵੇਜ਼ ਦਾ ਅਧਿਆਇ-6 ਸਕੂਲ ਲਾਇਬ੍ਰੇਰੀ ਪ੍ਰਬੰਧਨ ਵਿਚ ਮੁਲਾਂਕਣ ਤੇ ਇਸਦੀ ਉਪਯੋਗਤਾ ਦਾ ਵਰਣਨ ਬੜੇ ਡੂੰਘੇ ਅਰਥਾਂ ਵਿਚ ਪੇਸ਼ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ

American Association of School Librarians. (2011). *Standards for the 21st century learner*. Retrieved from www.ala.org/aasl/standards-guidelines/learning-standards

American Library Association. (2010). *Intellectual Freedom Manual* (8th ed.). Retrieved from www.ala.org/advocacy/intfreedom/iftoolkits/ifmanual/intellectual

American Library Association. (1996). *Library Bill of Rights*. Retrieved from www.ala.org/advocacy/intfreedom/librarybill

Australian School Library Association. (2000). *School Library Bill of Rights*. Retrieved from www.asla.org.au/policy/bill-of-rights.aspx

Hay, L. & Todd, R. J. (2010). *School libraries 21C*. NSW Department of Education and Training. Retrieved from www.curriculumsupport.education.nsw.gov.au/schoollibraries/assets/pdf/21c_report.pdf

International Federation of Library Associations. (2015). *Indigenous Matters Special Interest Group*. Retrieved from www.ifla.org/indigenous-matters

International Federation of Library Associations. (2015). *Lesbian, Gay, Bisexual, Transgender and Queer/Questioning Users Special Interest Group*. Retrieved from www.ifla.org/lgbtq

International Federation of Library Associations. (2015). *IFLA/UNESCO Multicultural Library Manifesto*. Retrieved from www.ifla.org/node/8976

Kachel, D. E., & Lance, K. C. (2013). Latest study: A full-time school librarian makes a critical difference in boosting student achievement. *School Library Journal, 59*(3), 28.

# ਅਧਿਆਇ 3
# ਸਕੂਲ ਲਾਇਬ੍ਰੇਰੀ ਅਮਲਾ

*"ਸਕੂਲ ਲਾਇਬ੍ਰੇਰੀਅਨ ਪੇਸ਼ੇਵਰ ਤੌਰ 'ਤੇ ਇਕ ਅਜਿਹਾ ਯੋਗ ਕਰਮਚਾਰੀ ਹੈ, ਜੋ ਸਕੂਲ ਲਾਇਬ੍ਰੇਰੀ ਦੀ ਨੀਤੀ, ਵਿਓਂਤਬੰਦੀ ਅਤੇ ਪ੍ਰਬੰਧਨ ਲਈ ਜੁੰਮੇਵਾਰ ਹੁੰਦਾ ਹੈ। ਉਹ ਲਾਇਬ੍ਰੇਰੀ ਵਿਚਲੇ ਹੋਰ ਕਰਮਚਾਰੀਆਂ ਦੇ ਸਹਿਯੋਗ ਸਦਕਾ, ਵਿਆਪਕ ਸਕੂਲ ਭਾਈਚਾਰੇ ਦੇ ਸਮੁੱਚੇ ਵਿਦਿਅਕ ਲੋਕਾਂ ਨਾਲ ਇਕਜੁੱਟ ਹੋ ਕੇ ਕਾਰਜ ਕਰਦਿਆਂ, ਲਾਇਬ੍ਰੇਰੀ ਵਰਤੋਂਕਾਰਾਂ ਦੀਆਂ ਵਿਭਿੰਨ ਸੂਚਨਾਤਮਕ ਲੋੜਾਂ ਦੀ ਸੰਤੁਸ਼ਟੀ ਲਈ ਜਨਤਕ ਲਾਇਬ੍ਰੇਰੀਆਂ ਤੇ ਹੋਰ ਅਜਿਹੇ ਅਦਾਰਿਆਂ ਨਾਲ ਸਿਰਜਣਾਤਮਕ ਸਬੰਧ ਉਸਾਰਦਾ ਹੈ।"*–ਸਕੂਲ ਲਾਇਬ੍ਰੇਰੀ ਘੋਸ਼ਣਾ-ਪੱਤਰ

## 3.1 ਭੂਮਿਕਾ

ਸਕੂਲ ਲਾਇਬ੍ਰੇਰੀ ਦਾ ਬੁਨਿਆਦੀ ਕਾਰਜ ਢੁੱਕਵੇਂ ਰੂਪ ਵਿਚ ਸਮੇਂ ਸਿਰ ਲੁੜੀਂਦੀ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਦੀਆਂ ਸੇਵਾਵਾਂ ਤੇ ਕਾਰਜਕ੍ਰਮਾਂ ਦੀ ਗੁਣਵੱਤਾ ਅੰਦਰੂਨੀ ਤੇ ਬਾਹਰੀ ਤੌਰ 'ਤੇ ਮੌਜੂਦ ਕਰਮਚਾਰੀਆਂ 'ਤੇ ਨਿਰਭਰ ਕਰਦੀ ਹੈ। ਇਸ ਵਿਚ ਸਕੂਲ ਭਾਈਚਾਰੇ ਦੀਆਂ ਸਿੱਖਣ ਤੇ ਸਿਖਾਉਣ ਦੀਆਂ ਲੋੜਾਂ ਦੀ ਸੰਤੁਸ਼ਟੀ ਲਈ ਯੋਗ, ਸਿਖਲਾਈ ਪ੍ਰਾਪਤ ਅਤੇ ਉਤਸਾਹੀ ਕਰਮਚਾਰੀਆਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਦੀ ਸੰਖਿਆ ਸਕੂਲ ਦੇ ਆਕਾਰ ਤੇ ਇਸ ਦੀਆਂ ਸਾਰਥਕ ਲੋੜਾਂ ਅਨੁਸਾਰ ਹੋਣੀ ਚਾਹੀਦੀ ਹੈ। ਇਸ ਵਿਚਲੇ ਹਰੇਕ ਕਰਮਚਾਰੀ ਨੂੰ ਲਾਇਬ੍ਰੇਰੀ ਸੇਵਾਵਾਂ, ਕਾਰਜਕ੍ਰਮਾਂ, ਨੀਤੀਆਂ, ਪ੍ਰਭਾਸ਼ਿਤ ਕਰਤੱਵਾਂ ਤੇ ਜੁੰਮੇਵਾਰੀਆਂ ਅਤੇ ਰੁਜ਼ਗਾਰ ਤੇ ਮੁਆਵਜ਼ੇ ਦੀਆਂ ਸ਼ਰਤਾਂ ਦੀ ਸਮਝ ਹੋਣੀ ਚਾਹੀਦੀ ਹੈ।

## 3.2 ਸਕੂਲ ਲਾਇਬ੍ਰੇਰੀ ਅਮਲੇ ਦੀਆਂ ਭੂਮਿਕਾਵਾਂ ਅਤੇ ਤਰਕਪੂਰਨ ਅਧਾਰ

ਸਕੂਲ ਲਾਇਬ੍ਰੇਰੀ ਸੇਵਾਵਾਂ ਤੇ ਕਾਰਜਕ੍ਰਮਾਂ ਦਾ ਨਿਭਾਅ ਪੇਸ਼ੇਵਰ ਕਰਮਚਾਰੀਆਂ ਦੇ ਨਿਰਦੇਸ਼ਨ ਅਧੀਨ ਹੋਣਾ ਚਾਹੀਦਾ ਹੈ। ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਸਕੂਲੀ ਮਸਲਿਆਂ ਵਿਚ ਲਾਇਬ੍ਰੇਰੀਅਨ ਪਾਸੋਂ ਅਗਵਾਈ ਦੀ ਆਸ ਕੀਤੀ ਜਾਂਦੀ ਹੈ। ਇਸ ਲਈ ਸਕੂਲ ਲਾਇਬ੍ਰੇਰੀਅਨ ਦੀ ਸਿੱਖਿਆ ਤੇ ਸਿਖਲਾਈ ਦਾ ਪੱਧਰ ਸਕੂਲ ਵਿਚਲੇ ਦੂਜੇ ਅਧਿਆਪਕਾਂ ਤੇ ਪ੍ਰਬੰਧਕਾਂ ਦੇ ਮੁਕਾਬਲਤਨ ਬਰਾਬਰ ਹੋਣਾ ਚਾਹੀਦਾ ਹੈ। ਸਕੂਲ ਲਾਇਬ੍ਰੇਰੀ ਦਾ ਕੰਮ-ਕਾਜ ਸਿਖਲਾਈ ਪ੍ਰਾਪਤ ਕਲਰਕਾਂ ਤੇ ਤਕਨੀਕੀ ਕਰਮਚਾਰੀਆਂ ਦੁਆਰਾ ਸਾਂਭਿਆ ਜਾਂਦਾ ਹੈ ਤਾਂ ਜੋ ਸਕੂਲ ਲਾਇਬ੍ਰੇਰੀਅਨ ਨੂੰ ਸਿੱਖਿਆ, ਪ੍ਰਬੰਧਨ, ਤਾਲਮੇਲ ਅਤੇ ਮਾਰਗ-ਦਰਸ਼ਨ ਦੀਆਂ ਪੇਸ਼ੇਵਰ ਭੂਮਿਕਾਵਾਂ ਦੇ ਸੰਚਾਲਨ ਲਈ ਲੁੜੀਂਦਾ ਸਮਾਂ ਪ੍ਰਦਾਨ ਕੀਤਾ ਜਾ ਸਕੇ।

## 3.3 ਸਕੂਲ ਲਾਇਬ੍ਰੇਰੀਅਨ ਦੀ ਪਰਿਭਾਸ਼ਾ

ਸਕੂਲ ਲਾਇਬ੍ਰੇਰੀਅਨ ਸਕੂਲ ਦੇ ਅਜਿਹੇ ਭੌਤਿਕ ਤੇ ਡਿਜੀਟਲ ਵਿਦਿਅਕ ਕੇਂਦਰ ਦੇ ਪ੍ਰਬੰਧਨ ਲਈ ਜੁੰਮੇਵਾਰ ਵਿਅਕਤੀ ਹੁੰਦਾ ਹੈ, ਜਿੱਥੇ ਪਠਨ, ਖੋਜ, ਸੋਚ, ਕਲਪਨਾ ਅਤੇ ਸਿਰਜਨਾ ਵਰਗੀਆਂ ਗਤੀਵਿਧੀਆਂ ਸਿੱਖਣ ਤੇ ਸਿਖਾਉਣ ਦੇ ਕਾਰਜਾਂ ਉੱਤੇ ਕੇਂਦਰਿਤ ਹੁੰਦੀਆਂ ਹਨ। ਲਾਇਬ੍ਰੇਰੀਅਨ ਦੀ ਇਹ ਭੂਮਿਕਾ ਕਈ ਨਾਵਾਂ ਨਾਲ ਜਾਣੀ ਜਾਂਦੀ ਹੈ; ਜਿਵੇਂਕਿ, ਸਕੂਲ ਲਾਇਬ੍ਰੇਰੀਅਨ, ਸਕੂਲ ਲਾਇਬ੍ਰੇਰੀ ਸੰਚਾਰ ਮਾਧਿਅਮ ਮਾਹਰ, ਅਧਿਆਪਕ ਲਾਇਬ੍ਰੇਰੀਅਨ ਅਤੇ ਦਸਤਾਵੇਜ਼ੀ ਪ੍ਰੋਫੈਸਰ ਪਰ ਇਨ੍ਹਾਂ ਵਿਚੋਂ ਸਕੂਲ ਲਾਇਬ੍ਰੇਰੀਅਨ ਹੀ ਮਹਿਜ਼ ਅਜਿਹਾ ਸ਼ਬਦ ਹੈ, ਜੋ ਸਭ ਤੋਂ ਜਿਆਦਾ ਵਰਤਿਆ ਜਾਂਦਾ ਹੈ। ਦੁਨੀਆਂ ਭਰ ਵਿਚ ਸਕੂਲ ਲਾਇਬ੍ਰੇਰੀਅਨਾਂ ਦੀਆਂ ਯੋਗਤਾਵਾਂ ਵੱਖ-ਵੱਖ ਹੁੰਦੀਆਂ ਹਨ। ਇਨ੍ਹਾਂ ਵਿਚ ਅਧਿਆਪਕ ਸਿਖਲਾਈ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ ਪਰ ਕਈ ਥਾਂਵਾਂ 'ਤੇ ਲਾਇਬ੍ਰੇਰੀਅਨ ਦੀ ਯੋਗਤਾ ਅਧਿਆਪਕ ਸਿਖਲਾਈ ਤੋਂ ਮੁਕਤ ਹੁੰਦੀ ਹੈ ਤੇ ਇਸ ਦੀ ਜਗ੍ਹਾ 'ਤੇ ਲਾਇਬ੍ਰੇਰੀ ਦੀਆਂ ਹੋਰ ਵਿਸ਼ੇਸ਼ਤਾਵਾਂ ਦੀ ਸਿਖਲਾਈ ਨੂੰ ਥਾਂ ਦਿੱਤੀ ਜਾਂਦੀ ਹੈ।

ਆਲਮੀ ਪੱਧਰ 'ਤੇ ਸਕੂਲ ਲਾਇਬ੍ਰੇਰੀਆਂ ਨੂੰ ਵੱਖਰੇ ਤੌਰ 'ਤੇ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਇਸ ਦੀ ਪਰਿਭਾਸ਼ਾ ਦੇ ਘੇਰੇ ਵਿਚ ਜਨਤਕ ਲਾਇਬ੍ਰੇਰੀ ਦੀ ਸੇਵਾ ਵੀ ਸ਼ਾਮਲ ਹੋ ਸਕਦੀ ਹੈ। ਸਕੂਲ ਲਾਇਬ੍ਰੇਰੀ ਕਰਮਚਾਰੀਆਂ ਦੀਆਂ ਕਿਸਮਾਂ, ਸੰਖਿਆ, ਯੋਗਤਾਵਾਂ ਅਤੇ ਕੰਮ ਸਰਕਾਰੀ ਕਾਨੂੰਨ, ਆਰਥਕ ਵਿਕਾਸ, ਵਿਦਿਅਕ ਢਾਂਚੇ ਅਦਿ ਦੇ ਮੱਦੇ ਨਜ਼ਰ ਸਥਾਨਕ ਲੋੜਾਂ ਦੀ ਮੰਗ ਅਨੁਸਾਰ ਬਦਲਦੇ ਰਹਿੰਦੇ ਹਨ; ਜਿਵੇਂ ਕਿ, 50 ਵਰ੍ਹਿਆਂ ਤੋਂ ਵੱਧ ਦੀ ਕੌਮਾਂਤਰੀ ਖੋਜ ਦੱਸਦੀ ਹੈ ਕਿ

ਸਿੱਖਿਆ, ਪਠਨ ਤੇ ਸਾਖਰਤਾ ਦੇ ਵਿਕਾਸ, ਸਕੂਲ ਲਾਇਬ੍ਰੇਰੀ ਦੇ ਪ੍ਰਬੰਧਨ, ਅਧਿਆਪਕਾਂ ਨਾਲ ਤਾਲਮੇਲ ਅਤੇ ਵਿਦਿਅਕ ਭਾਈਚਾਰੇ ਵਿਚ ਵਿਚਰਨ ਦੀਆਂ ਪੇਚੀਦਾ ਭੂਮਿਕਾਵਾਂ ਦੇ ਸੰਚਾਲਨ ਲਈ ਉਨ੍ਹਾਂ ਮਹਾਰਤੀ ਸਕੂਲ ਲਾਇਬ੍ਰੇਰੀਅਨਾਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨੂੰ ਲਾਇਬ੍ਰੇਰੀ ਵਿਗਿਆਨ ਦੀ ਸਿੱਖਿਆ ਤੇ ਸਿਖਲਾਈ ਦੇ ਨਾਲ-ਨਾਲ ਅਧਿਆਪਨ ਦਾ ਵੀ ਇਲਮ ਹੋਵੇ।

*ਉਦਾਹਰਨ*

ਫਰਾਂਸ ਵਿਚ ਛੋਟੇ ਤੇ ਵੱਡੇ ਸਕੂਲਾਂ ਵਿਚ ਕੰਮ ਕਰਦੇ ਸਕੂਲ ਲਾਇਬ੍ਰੇਰੀਅਨਾਂ, ਜਿਨ੍ਹਾਂ ਨੂੰ ਦਸਤਾਵੇਜ਼ੀ ਪ੍ਰੋਫ਼ੈਸਰ ਕਿਹਾ ਜਾਂਦਾ ਹੈ, ਦੀ ਭਰਤੀ ਤੇ ਸਿਖਲਾਈ ਲਈ ਸਿੱਖਿਆ ਤੇ ਰੁੱਤਬੇ ਦੀ ਹੈਸੀਅਤ ਦਾ ਪੱਧਰ ਸਕੂਲਾਂ ਵਿਚਲੇ ਦੂਜੇ ਅਧਿਆਪਕਾਂ ਦੇ ਬਰਾਬਰ ਦਾ ਹੁੰਦਾ ਹੈ।

*ਉਦਾਹਰਨ*

ਇਟਲੀ ਦੇ ਦੱਖਣੀ ਟਾਈਰੋਲ ਵਿਚ K-13 ਪੱਧਰ ਦੇ ਸਕੂਲਾਂ ਵਿਚ ਕੰਮ ਕਰਨ ਵਾਲੇ ਲਾਇਬ੍ਰੇਰੀਅਨਾਂ ਦੀ ਭਰਤੀ ਲਾਇਬ੍ਰੇਰੀ ਤੇ ਸੂਚਨਾ ਵਿਗਿਆਨ ਦੇ ਵਿਸ਼ੇ ਦੀ ਸਿੱਖਿਆ ਤੇ ਸਿਖਲਾਈ ਮੁਤਾਬਕ ਬੋਜ਼ਿਨ ਪ੍ਰਾਂਤ ਦੁਆਰਾ ਕੀਤੀ ਜਾਂਦੀ ਹੈ (ਬੋਜ਼ਿਨ ਪ੍ਰਾਂਤ ਦਾ ਕਾਨੂੰਨ ਨੰ. 17/1990; ਬੋਜ਼ਿਨ ਪ੍ਰਾਂਤ ਦਾ ਸਮੂਹਕ ਕਿਰਤ ਸਮਝੌਤਾ, ਮਾਰਚ 4, 2006)। ਇਸ ਕਾਨੂੰਨ ਤੇ ਸਮਝੌਤੇ ਅਨੁਸਾਰ ਸਕੂਲ ਲਾਇਬ੍ਰੇਰੀ ਸਹਾਇਕ ਦੀ ਨਿਯੁਕਤੀ ਲਈ ਸਕੂਲ ਪੱਧਰ ਦੀ ਪੜ੍ਹਾਈ ਦੇ ਨਾਲ-ਨਾਲ ਘੱਟ ਤੋਂ ਘੱਟ ਇਕ ਸਾਲ ਦਾ ਪ੍ਰਮਾਣ ਪੱਤਰ ਹੋਣਾ ਚਾਹੀਦਾ ਹੈ, ਜਿਸ ਦਾ ਸਬੰਧ ਲਾਇਬ੍ਰੇਰੀ ਵਿਸ਼ੇ ਦੇ ਸਿਧਾਂਤ ਤੇ ਅਭਿਆਸ ਵਿਚ ਕੀਤੀ ਪੜ੍ਹਾਈ ਨਾਲ ਹੁੰਦਾ ਹੈ। ਇਸੇ ਤਰ੍ਹਾਂ ਇਕ ਯੋਗ ਸਕੂਲ ਲਾਇਬ੍ਰੇਰੀਅਨ ਦੀ ਭਰਤੀ ਲਈ ਉੱਚ ਦਰਜ਼ੇ ਦੀ ਵਿੱਦਿਆ (ਘੱਟ ਤੋਂ ਘੱਟ ਤਿੰਨ ਸਾਲਾ-ਡਿਗਰੀ) ਦਾ ਹੋਣਾ ਜ਼ਰੂਰੀ ਹੈ (www.provinz.bz.it/kulturabteilung/bibliotheken/1459.asp)।

*ਉਦਾਹਰਨ*

ਸਾਲ 2009 ਤੋਂ ਪੁਰਤਗਾਲ ਵਿਚ ਸਕੂਲ ਲਾਇਬ੍ਰੇਰੀਅਨ, ਜਿਸ ਨੂੰ ਪ੍ਰੋਫ਼ੈਸਰ ਬਿਬਲੀਓਟੇਕਾਰੀਓ ਕਿਹਾ ਜਾਂਦਾ ਹੈ, ਇਕ ਸਕੂਲ ਅਧਿਆਪਕ ਹੀ ਹੁੰਦਾ ਹੈ, ਜਿਸ ਨੇ ਅਧਿਆਪਨ ਦੀ ਵਿੱਦਿਆ ਤੇ ਸਿਖਲਾਈ ਦੇ ਨਾਲ-ਨਾਲ ਲਾਇਬ੍ਰੇਰੀ ਤੇ ਸੂਚਨਾ ਵਿਗਿਆਨ ਦੇ ਵਿਸ਼ੇ ਵਿਚ ਵੀ ਮਹਾਰਤ ਹਾਸਲ ਕੀਤੀ ਹੁੰਦੀ ਹੈ। ਵਿਦਿਅਕ ਯੋਗਤਾ ਲਈ ਵੇਖੋ, www.rbe.mec.pt/np4/programa.html

## 3.4 ਸਕੂਲ ਲਾਇਬ੍ਰੇਰੀਅਨ ਦੀ ਵਿਦਿਅਕ ਯੋਗਤਾ ਅਤੇ ਸਮਰੱਥਾਵਾਂ

ਇਕ ਪੇਸ਼ੇਵਰ ਸਕੂਲ ਲਾਇਬ੍ਰੇਰੀਅਨ ਦੀਆਂ ਕੁਸ਼ਲਤਾਵਾਂ ਇਸ ਪ੍ਰਕਾਰ ਹੋਣੀਆਂ ਚਾਹੀਦੀਆਂ ਹਨ:

- ਸਿੱਖਣ-ਸਿਖਾਉਣ ਤੇ ਪਾਠਕ੍ਰਮ-ਅਧਾਰਤ ਸਿਖਿਆਤਮਕ ਕਾਰਜਕ੍ਰਮਾਂ ਆਦਿ ਸਬੰਧੀ ਰੂਪ-ਰੇਖਾ ਨੂੰ ਉਲੀਕਣਾ ਤੇ ਲਾਗੂ ਕਰਨਾ;
- ਕਾਰਜਕ੍ਰਮ ਦਾ ਪ੍ਰਬੰਧ ਕਰਨਾ – ਯੋਜਨਾਬੰਦੀ, ਅਮਲ ਅਤੇ ਮੁਲਾਂਕਣ;
- ਪੁਸਤਕ ਸੰਗ੍ਰਹਿ ਵਿਕਾਸ, ਇਸ ਦੀ ਤਕਨੀਕੀ ਪ੍ਰਕਿਰਿਆ ਤੇ ਕ੍ਰਮਬੱਧ ਭੰਡਾਰ ਅਤੇ ਲੁੜੀਂਦੀ ਜਾਣਕਾਰੀ ਦੀ ਪ੍ਰਾਪਤੀ ਨਾਲ ਸਬੰਧਤ ਗਤੀਵਿਧੀਆਂ ਦਾ ਗਿਆਨ ਹੋਣਾ;
- ਸੂਚਨਾ ਪ੍ਰਕਿਰਿਆਵਾਂ ਤੇ ਵਿਹਾਰ ਦੀਆਂ ਯੋਗਤਾਵਾਂ ਸਬੰਧੀ ਕਾਬਲੀਅਤ ਦਾ ਹੋਣਾ– ਸਾਖਰਤਾ, ਸੂਚਨਾ ਸਾਖਰਤਾ, ਡਿਜੀਟਲ ਸਾਖਰਤਾਵਾਂ;
- ਤਤਕਾਲੀ ਤੇ ਭੂਤਕਾਲੀ ਬਾਲ ਤੇ ਬਾਲਗ਼ ਸਾਹਿਤ ਦਾ ਗਿਆਨ ਹੋਣਾ;
- ਪੁਸਤਕ ਸੱਭਿਆਚਾਰ ਦਾ ਵਿਕਾਸ ਕਰਨਾ;
- ਉਨ੍ਹਾਂ ਦਿੱਕਤਾਂ ਦਾ ਇਲਮ ਹੋਣਾ, ਜੋ ਪੁਸਤਕ ਸੱਭਿਆਚਾਰ ਦੇ ਵਿਕਾਸ ਦੇ ਰਸਤੇ ਵਿਚ ਆਉਂਦੀਆਂ ਹਨ ਜਾਂ ਆ ਸਕਦੀਆਂ ਹਨ;

- ਸੰਚਾਰ ਤੇ ਪਰਸਪਰ ਸਹਿਯੋਗ ਦੀਆਂ ਯੋਗਤਾਵਾਂ ਤੋਂ ਵਾਕਫ਼ ਹੋਣਾ;
- ਸੰਚਾਰ ਦੇ ਡਿਜੀਟਲ ਮਾਧਿਅਮਾਂ ਦੀਆਂ ਕੁਸ਼ਲਤਾਵਾਂ ਦੀ ਸਮਝ ਦਾ ਹੋਣਾ;
- ਪੇਸ਼ੇਵਰ ਨੈਤਿਕਤਾ ਤੇ ਸਮਾਜਕ ਜ਼ੁੰਮੇਵਾਰੀ ਪ੍ਰਤੀ ਗਿਆਨ ਦਾ ਹੋਣਾ;
- ਨਿਰੰਤਰ ਪੇਸ਼ੇਵਰ ਵਿਕਾਸ ਜ਼ਰੀਏ ਤਾ-ਉਮਰ ਸਿੱਖਿਆ ਪ੍ਰਤੀ ਵਚਨਬੱਧ ਹੋਣਾ; ਅਤੇ
- ਲਾਇਬ੍ਰੇਰੀਅਨ ਪੇਸ਼ੇ ਦੇ ਖੇਤਰ ਤੇ ਇਸ ਦੇ ਇਤਿਹਾਸ ਤੇ ਕੀਮਤਾਂ ਦਾ ਸਮਾਜੀਕਰਨ ਕਰਨਾ।

ਸਕੂਲ ਲਾਇਬ੍ਰੇਰੀਅਨ ਦੀਆਂ ਉਪਰੋਕਤ ਪੇਸ਼ੇਵਰ ਸਮਰੱਥਾਵਾਂ ਦਾ ਵਿਕਾਸ ਅਨੇਕਾਂ ਤਰੀਕਿਆਂ ਰਾਹੀਂ ਕੀਤਾ ਜਾ ਸਕਦਾ ਹੈ; ਜਿਵੇਂਕਿ, ਸਕੂਲ ਲਾਇਬ੍ਰੇਰੀ ਦੀ ਕਿਸੇ ਖਾਸ ਵਿਸ਼ੇਸ਼ਤਾ ਵਿਚ ਡਿਪਲੋਮਾ ਜਾਂ ਡਿਗਰੀ ਦੀ ਪ੍ਰਾਪਤੀ ਜਾਂ ਲਾਇਬ੍ਰੇਰੀਅਨ ਪੇਸ਼ੇ ਦੀ ਪੜ੍ਹਾਈ ਤੋਂ ਬਾਅਦ ਕੀਤੇ ਗਏ ਨਿਰੰਤਰ ਪੇਸ਼ੇਵਰ ਵਿਕਾਸ ਦੇ ਕਾਰਜਾਂ ਆਦਿ ਜ਼ਰੀਏ। ਅਸਲ ਵਿਚ ਲਾਇਬ੍ਰੇਰੀਅਨ ਖੇਤਰ ਦੀ ਵਿੱਦਿਆ ਹੀ ਆਪਣੇ ਆਪ ਵਿਚ ਅਧਿਆਪਨ ਤੇ ਲਾਇਬ੍ਰੇਰੀਅਨ ਪੇਸ਼ੇ ਦੀਆਂ ਨਿਪੁੰਨਤਾਵਾਂ ਸਮੋਈ ਬੈਠੀ ਹੈ।

ਜਿਨ੍ਹਾਂ ਦੇਸ਼ਾਂ ਵਿਚ ਸਕੂਲ ਲਾਇਬ੍ਰੇਰੀਅਨ ਦੀ ਸਿੱਖਿਆ ਨਿਸ਼ਚਤ ਹੁੰਦੀ ਹੈ, ਓਥੇ ਪਾਠਕ੍ਰਮ ਵਿਚ ਲਾਇਬ੍ਰੇਰੀਅਨ ਖੇਤਰ ਦੀਆਂ ਮੂਲ ਸਮਰੱਥਾਵਾਂ ਤੋਂ ਅਲਹਿਦਾ ਅਧਿਆਪਨ ਦੇ ਢੰਗ-ਤਰੀਕੇ, ਡਿਜੀਟਲ ਤਕਨਾਲੋਜੀ ਤੇ ਸ਼ੋਸ਼ਲ ਮੀਡੀਆ ਅਤੇ ਨੌਜਵਾਨੀ, ਸੱਭਿਆਚਾਰ ਅਤੇ ਸਾਖਰਤਾਵਾਂ ਦੀ ਸਮਝ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸਮੂਹਕ ਰੂਪ ਵਿਚ ਪਾਠਕ੍ਰਮ ਦੇ ਉਪਰੋਕਤ ਤੱਤਾਂ ਨੂੰ ਇਕ ਸਿਰਜਣਾਤਮਕ ਸੋਚ ਤੇ ਮੁਸੀਬਤ ਹੱਲ ਦੇ ਪਰਿਪੇਖ ਅਧੀਨ ਸੂਚਨਾ ਸਾਖਰਤਾ ਸਬੰਧੀ ਡੂੰਘੀ ਤੇ ਮੁਕੰਮਲ ਸਮਝ ਦਾ ਵਿਕਾਸ ਕਰਨਾ ਚਾਹੀਦਾ ਹੈ। ਸਕੂਲ ਲਾਇਬ੍ਰੇਰੀਅਨ ਦੀ ਸਿੱਖਿਆ ਦੇ ਪਾਠਕ੍ਰਮ ਵਿਚ ਇਕ ਪੇਸ਼ੇਵਰ ਸਕੂਲ ਲਾਇਬ੍ਰੇਰੀਅਨ ਦੀ ਭੂਮਿਕਾ ਨੂੰ ਵੀ ਬਿਆਨ ਕੀਤਾ ਜਾਣਾ ਚਾਹੀਦਾ ਹੈ; ਜਿਵੇਕਿ, ਲਾਇਬ੍ਰੇਰੀ ਦਾ ਮਾਰਗ-ਦਰਸ਼ਕ, ਤਬਦੀਲੀ ਦਾ ਪ੍ਰਤੀਨਿਧ ਜਾਂ ਉਤਪ੍ਰੇਰਕ ਅਤੇ ਲਾਇਬ੍ਰੇਰੀ ਭਾਈਚਾਰੇ ਦਾ ਮੈਂਬਰ।

> *ਉਦਾਹਰਨ*
>
> ਫਰਾਂਸ ਵਿਚ ਅਧਿਆਪਕਾਂ ਲਈ ਨਿਪੁੰਨਤਾ ਦਾ ਇਕ ਢਾਂਚਾ ਹੈ, ਜੋ ਵਿਦਿਅਕ ਨਿਪੁੰਨਤਾਵਾਂ ਦੀ ਇਕ ਸੂਚੀ ਨੂੰ ਪੇਸ਼ ਕਰਦਿਆਂ ਇਹ ਯਕੀਨੀ ਬਣਾਉਂਦਾ ਹੈ ਕਿ ਸਕੂਲ ਲਾਇਬ੍ਰੇਰੀਅਨ ਸਹਿਤ ਹਰੇਕ ਅਧਿਆਪਕ ਦੀ ਇਸ ਵਿਚ ਮਹਾਰਤ ਹੋਵੇ। ਇਸ ਸੂਚੀ ਵਿਚ ਲਾਇਬ੍ਰੇਰੀ ਤੇ ਸੂਚਨਾ ਵਿਗਿਆਨ ਦੀਆਂ ਉਹ ਨਿਸ਼ਚਤ ਨਿਪੁੰਨਤਾਵਾਂ ਸ਼ਾਮਲ ਹਨ, ਜਿਹੜੀਆਂ ਸਕੂਲ ਲਾਇਬ੍ਰੇਰੀਅਨਾਂ ਲਈ ਅਤਿ ਜ਼ਰੂਰੀ ਹਨ। ਇਸ ਢਾਂਚੇ ਤਹਿਤ ਸੂਚਨਾ ਸਾਖਰਤਾ ਦੀਆਂ ਨਿਪੁੰਨਤਾਵਾਂ ਵਿਦਿਅਕ ਭਾਈਚਾਰੇ ਦੇ ਹਰੇਕ ਮੈਂਬਰ ਲਈ ਲੁੜੀਂਦੀਆਂ ਹਨ: ਇਹ ਸਾਂਝਾ ਗਿਆਨ ਕਿਸੇ ਵੀ ਨਿਪੁੰਨ ਸਿਖਿਆਤਮਕ ਤਾਲਮੇਲ ਲਈ ਇਕ ਮੁੱਢਲੀ ਸ਼ਰਤ ਹੈ।

## 3.5 ਸਕੂਲ ਲਾਇਬ੍ਰੇਰੀਅਨ ਦੇ ਕੰਮ

ਇਕ ਪੇਸ਼ੇਵਰ ਸਕੂਲ ਲਾਇਬ੍ਰੇਰੀਅਨ ਦੀਆਂ ਭੂਮਿਕਾਵਾਂ ਦੇ ਘੇਰੇ ਵਿਚ ਸਿੱਖਿਆ, ਪ੍ਰਬੰਧਨ, ਅਗਵਾਈ ਤੇ ਮਿਲਵਰਤਨ, ਭਾਈਚਾਰਕ ਸਾਂਝ ਅਤੇ ਲਾਇਬ੍ਰੇਰੀ ਸੇਵਾਵਾਂ ਤੇ ਕਾਰਜਕ੍ਰਮਾਂ ਨੂੰ ਉੱਨਤ ਕਰਨ ਦੀਆਂ ਮਹੱਤਵਪੂਰਨ ਸਰਗਰਮੀਆਂ ਸ਼ਾਮਲ ਹੁੰਦੀਆਂ ਹਨ। ਲਾਇਬ੍ਰੇਰੀਅਨ ਦੇ ਇਨ੍ਹਾਂ ਕੰਮਾਂ ਦੀ ਵਿਸਥਾਰ ਸਹਿਤ ਚਰਚਾ ਇਸ ਪ੍ਰਕਾਰ ਹੈ:

### 3.5.1 ਸਿੱਖਿਆ

ਸਕੂਲ ਲਾਇਬ੍ਰੇਰੀਅਨ ਦੀ ਇਸ ਭੂਮਿਕਾ ਵਿਚ ਵਿਅਕਤੀਗਤ ਵਿਦਿਆਰਥੀਆਂ, ਵਿਦਿਆਰਥੀਆਂ ਦੀਆਂ ਛੋਟੀਆਂ-ਵੱਡੀਆਂ ਟੋਲੀਆਂ ਤੇ ਜਮਾਤਾਂ ਨੂੰ ਲਾਇਬ੍ਰੇਰੀ ਦੀ ਜ਼ੁੰਮੇਵਾਰ ਵਰਤੋਂ ਬਾਬਤ ਸਿੱਖਿਅਤ ਕਰਨ ਵਰਗੇ ਕਾਰਜ ਦੇ ਨਾਲ-ਨਾਲ ਅਧਿਆਪਕ ਸਾਥੀਆਂ ਦੇ ਰਸਮੀਂ ਤੇ ਗੈਰ-ਰਸਮੀਂ ਪੇਸ਼ੇਵਰ ਵਿਕਾਸ ਦੇ ਕੰਮ ਵੀ ਸ਼ਾਮਲ ਹੁੰਦੇ ਹਨ। ਸਕੂਲ ਲਾਇਬ੍ਰੇਰੀਅਨ ਦੀਆਂ ਸਿਖਿਆਤਮਕ ਸਰਗਰਮੀਆਂ ਇਸ ਪ੍ਰਕਾਰ ਹਨ:

- ਸਾਖਰਤਾ ਤੇ ਪੁਸਤਕ ਸੱਭਿਆਚਾਰ ਦਾ ਵਿਕਾਸ ਕਰਨਾ;
- ਸੂਚਨਾ ਤੇ ਡਿਜੀਟਲ ਸਾਖਰਤਾਵਾਂ ਸਬੰਧੀ ਯੋਗਤਾਵਾਂ ਦੀ ਉੱਨਤੀ ਕਰਨਾ;

- ਖੋਜ-ਅਧਾਰਤ ਸਿੱਖਿਆ ਦੇ ਢੰਗ ਸਿਖਾਉਣੇ;
- ਤਕਨਾਲੋਜੀ ਦਾ ਏਕੀਕਰਨ ਕਰਨਾ; ਅਤੇ
- ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਵਿਚ ਯੋਗਦਾਨ ਪਾਉਣਾ।

*ਉਦਾਹਰਨ*

ਆਲਮੀ ਪੱਧਰ ਉੱਤੇ ਅਧਿਆਪਕਾਂ ਨੂੰ ਸੇਧ ਦੇਣ ਲਈ ਵੱਖ-ਵੱਖ ਸਿਖਿਆਤਮਕ ਢਾਂਚੇ ਮੌਜੂਦ ਹਨ: ਫਰਾਂਸ ਵਿਚ, ਸੂਚਨਾ ਸੱਭਿਆਚਾਰ ਨੂੰ ਜਾਂਦੇ ਸਿਖਿਆਤਮਕ ਰਾਹ ਨੂੰ ਲਾਗੂ ਕਰਵਾਉਣ ਦੇ ਮਿਆਰ (*Benchmarks for the implementation of the learning path to an information culture*); ਬੈਲਜ਼ੀਅਮ ਵਿਚ, ਸੰਚਾਰ ਮਾਧਿਅਮ ਸਾਖਰਤਾ ਦੀਆਂ ਕੁਸ਼ਲਤਾਵਾਂ: ਇਕ ਵੱਡੀ ਵਿਦਿਅਕ ਚਣੌਤੀ (*Media literacy skills: A major educational challenge*); ਅਤੇ ਯੂਨੈਸਕੋ ਤੋਂ, ਸੰਚਾਰ ਮਾਧਿਅਮ ਤੇ ਸੂਚਨਾ ਸਾਖਰਤਾ: ਅਧਿਆਪਕਾਂ ਲਈ ਇਕ ਸਿਖਲਾਈ ਕਾਰਜਕ੍ਰਮ (*Media and information literacy: A training program for teachers*)।

### 3.5.2 ਪ੍ਰਬੰਧਨ

ਇਕ ਪੇਸ਼ੇਵਰ ਸਕੂਲ ਲਾਇਬ੍ਰੇਰੀਅਨ ਦੀ ਇਸ ਭੂਮਿਕਾ ਵਿਚ ਸੂਚਨਾ ਸਰੋਤਾਂ ਦੀ ਵਿਵਸਥਾ ਸਮੇਤ ਉਹ ਸਾਰੀਆਂ ਪ੍ਰਕਿਰਿਆਵਾਂ ਸ਼ਾਮਲ ਹੁੰਦੀਆਂ ਹਨ, ਜਿਨ੍ਹਾਂ ਦੇ ਮਾਧਿਅਮ ਰਾਹੀਂ ਉਹ ਸਕੂਲ ਲਾਇਬ੍ਰੇਰੀ ਦਾ ਵੱਧ ਤੋਂ ਵੱਧ ਸਦਉਪਯੋਗ ਕਰਵਾ ਸਕਦਾ ਹੈ। ਇਨ੍ਹਾਂ ਸਰਗਰਮੀਆਂ ਵਿਚ ਲਾਇਬ੍ਰੇਰੀ ਸਹੂਲਤਾਂ (ਭੌਤਿਕ ਤੇ ਡਿਜੀਟਲ ਵਾਤਾਵਰਨ), ਸਰੋਤ ਸਮੱਗਰੀ (ਭੌਤਿਕ ਤੇ ਡਿਜੀਟਲ) ਅਤੇ ਸਿੱਖਿਆ ਸਬੰਧੀ ਕਾਰਜਕ੍ਰਮ ਤੇ ਸੇਵਾਵਾਂ (ਭੌਤਿਕ ਤੇ ਡਿਜੀਟਲ) ਸ਼ਾਮਲ ਹੁੰਦੀਆਂ ਹਨ। ਲਾਇਬ੍ਰੇਰੀ ਅਮਲੇ ਦਾ ਪ੍ਰਬੰਧਨ ਵੀ ਇਸ ਭੂਮਿਕਾ ਦਾ ਹਿੱਸਾ ਹੋ ਸਕਦਾ ਹੈ—ਸਹਿਯੋਗੀ ਲਾਇਬ੍ਰੇਰੀ ਕਰਮਚਾਰੀਆਂ ਦੀ ਚੋਣ, ਭਰਤੀ, ਸਿਖਲਾਈ, ਨਿਰੀਖਣ ਅਤੇ ਮੁਲਾਂਕਣ ਦੇ ਕਾਰਜ।

### 3.5.3 ਅਗਵਾਈ ਅਤੇ ਮਿਲਵਰਤਨ

ਸਕੂਲ ਲਾਇਬ੍ਰੇਰੀਅਨ ਸਕੂਲ ਦੇ ਮਨੋਰਥ ਤੇ ਟੀਚਿਆਂ ਦੀ ਪ੍ਰਾਪਤੀ ਵਿਚ ਇਕ ਵੱਡਮੁਲਾ ਯੋਗਦਾਨ ਪਾਉਂਦਾ ਹੈ। ਉਹ ਸਕੂਲ ਪ੍ਰਬੰਧਕਾਂ ਤੇ ਅਧਿਆਪਕਾਂ ਨਾਲ ਇੱਕਜੁਟ ਹੋ ਕੇ ਉਨ੍ਹਾਂ ਪਾਠਕ੍ਰਮ-ਅਧਾਰਤ ਸੇਵਾਵਾਂ ਤੇ ਕਾਰਜਕ੍ਰਮਾਂ ਨੂੰ ਵਿਕਸਤ ਤੇ ਲਾਗੂ ਕਰਦਾ ਹੈ, ਜੋ ਸਕੂਲ ਭਾਈਚਾਰੇ ਦੇ ਸਮੁੱਚੇ ਮੈਂਬਰਾਂ ਦੀਆਂ ਸਿੱਖਣ ਤੇ ਸਿਖਾਉਣ ਦੀਆਂ ਲੋੜਾਂ ਦੀ ਪੂਰਤੀ ਕਰਦੀਆਂ ਹੋਣ। ਉਹ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਤਸੱਲੀ ਲਈ ਅਨੇਕਾਂ ਤਰ੍ਹਾਂ ਦੀਆਂ ਸਰਗਰਮੀਆਂ; ਜਿਵੇਂਕਿ, ਖੋਜ ਪ੍ਰਾਜੈਕਟ, ਸਮੱਸਿਆ ਸੁਲਝਾਉਣ, ਸਾਖਰਤਾ ਤੇ ਪੁਸਤਕ ਸੱਭਿਆਚਾਰ ਦਾ ਵਿਕਾਸ ਅਤੇ ਸੱਭਿਆਚਾਰਕ ਗਤੀਵਿਧੀਆਂ ਵਾਸਤੇ ਸਰੋਤਾਂ ਦੀ ਵਰਤੋਂ ਤੇ ਸੂਚਨਾ ਪ੍ਰਬੰਧ ਦੇ ਢੰਗਾਂ ਤੋਂ ਜਾਣੂ ਕਰਵਾਉਂਦਾ ਹੈ। ਉਹ ਇਕੱਲਿਆਂ ਜਾਂ ਸਕੂਲ ਵਿਚਲੇ ਦੂਜੇ ਮਾਹਰਾਂ ਦੇ ਤਾਲਮੇਲ ਨਾਲ, ਤਕਨਾਲੋਜੀ ਦੇ ਏਕੀਕਰਨ ਤੇ ਅਧਿਆਪਕਾਂ ਤੇ ਪ੍ਰਬੰਧਕਾਂ ਦੇ ਪੇਸ਼ੇਵਰ ਵਿਕਾਸ ਦੇ ਪ੍ਰਬੰਧ ਵਿਚ ਆਪਣੀ ਭੂਮਿਕਾ ਨਿਭਾ ਸਕਦਾ ਹੈ।

ਮਿਲਵਰਤਨ ਸਕੂਲ ਲਾਇਬ੍ਰੇਰੀਅਨ ਦੇ ਕੰਮ ਦਾ ਅਹਿਮ ਹਿੱਸਾ ਹੈ। ਲਾਇਬ੍ਰੇਰੀਅਨ ਦੀਆਂ ਉਪਰੋਕਤ ਭੂਮਿਕਾਵਾਂ ਨੂੰ ਵੇਖਦੇ ਹੋਏ ਉਸ ਦੀ ਸਿੱਧੇ ਤੌਰ 'ਤੇ ਸਕੂਲ ਪ੍ਰਿੰਸੀਪਲ, ਮੁੱਖ ਅਧਿਆਪਕ ਜਾਂ ਉੱਪ ਪ੍ਰਿੰਸੀਪਲ ਪ੍ਰਤੀ ਜਵਾਬਦੇਹੀ ਹੋਣੀ ਚਾਹੀਦੀ ਹੈ। ਸਕੂਲ ਪੱਧਰ ਦੀ ਯੋਜਨਾਬੰਦੀ, ਅਗਵਾਈ ਅਤੇ ਹੋਰ ਇਕੱਠਿਆਂ ਰਲ ਕੇ ਕਰਨ ਵਾਲੇ ਕੰਮਾਂ ਵਿਚ ਉਸ ਦੀ ਹਾਜ਼ਰੀ ਯਕੀਨੀ ਹੋਣੀ ਚਾਹੀਦੀ ਹੈ। ਸਕੂਲ ਭਾਈਚਾਰੇ ਦੇ ਸੰਪੂਰਨ ਵਿਕਾਸ ਲਈ ਉਸ ਨੂੰ ਪਾਠਕ੍ਰਮ ਤੋਂ ਬਾਹਰੀ ਖੋਜ ਪ੍ਰਾਜੈੱਕਟਾਂ ਤੇ ਅੰਤਰ-ਅਨੁਸ਼ਾਸਨੀ ਸਿਖਿਆਤਮਕ ਇਕਾਈਆਂ ਦੇ ਮਾਧਿਅਮ ਰਾਹੀਂ ਨਿਰੰਤਰ ਮਿਲ ਕੇ ਕੰਮ ਕਰਦੇ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਆਪਣੇ ਪੇਸ਼ੇਵਰ ਗਿਆਨ ਨੂੰ ਲਗਾਤਾਰ ਵਧਾਉਣ ਲਈ ਉਸ ਨੂੰ ਦੂਸਰੇ ਸਕੂਲਾਂ ਦੇ ਲਾਇਬ੍ਰੇਰੀਅਨਾਂ ਨਾਲ ਤਾਲਮੇਲ ਰੱਖਣਾ ਚਾਹੀਦਾ ਹੈ।

*ਉਦਾਹਰਨ*

ਸੰਯੁਕਤ ਰਾਜ ਅਮਰੀਕਾ ਦੇ ਉੱਤਰੀ ਟੈਕਸਾਸ ਵਿਚ, ਕਈ ਸਕੂਲ ਲਾਇਬ੍ਰੇਰੀਆਂ ਦੇ ਸੰਚਾਲਕ (ਲਾਇਬ੍ਰੇਰੀਅਨ) ਆਪਣੇ ਵਿਚਾਰਾਂ ਨੂੰ ਸਾਂਝਾ ਕਰਨ ਲਈ ਮਹੀਨੇਵਾਰ ਮਿਲਣੀ ਕਰਦੇ ਹਨ।

*ਉਦਾਹਰਨ*

ਯੂ. ਕੇ. ਵਿਚ, ਸਕੂਲ ਲਾਇਬ੍ਰੇਰੀਅਨਾਂ ਦੇ ਖੇਤਰੀ ਪੱਧਰ 'ਤੇ ਸਥਾਪਤ ਵਧੀਆ ਸੰਗਠਨ ਹਨ, ਜੋ ਹਰੇਕ ਅਕਾਦਮਕ ਵਰ੍ਹੇ ਵਿਚ ਸਿਖਲਾਈ ਤੇ ਮਿਲਵਰਤਨ ਦੇ ਮੌਕਿਆ ਲਈ ਮਿਲਦੇ ਹਨ।

### 3.5.4 ਭਾਈਚਾਰਕ ਸਾਂਝ

ਇਸ ਭੂਮਿਕਾ ਤਹਿਤ ਸਕੂਲ ਲਾਇਬ੍ਰੇਰੀਅਨ ਵਿਆਪਕ ਵਿਦਿਅਕ ਭਾਈਚਾਰੇ ਦੇ ਸਮੁੱਚੇ ਲੋਕਾਂ (ਵਿਦਿਆਰਥੀਆਂ, ਅਧਿਆਪਕਾਂ, ਪ੍ਰਬੰਧਕਾਂ, ਸਮੱਰਥਕਾਂ ਅਤੇ ਸਹਿਯੋਗੀਆਂ) ਨਾਲ ਨਿਰਪੱਖ ਹੋ ਕੇ ਵਿਚਰਦਿਆਂ ਸਾਂਝੇ ਤੌਰ 'ਤੇ ਕੰਮ ਕਰਦਾ ਹੈ। ਉਹ ਭਾਈਚਾਰਕ ਵਿਭਿੰਨਤਾ ਤੇ ਵਖਰੇਵਿਆਂ (ਸੱਭਿਆਚਾਰਕ, ਭਾਸ਼ਾਈ, ਰੰਗ, ਨਸਲ, ਲਿੰਗ ਆਦਿ) ਦਾ ਸਤਿਕਾਰ ਕਰਦਾ ਹੈ। ਉਹ ਸਕੂਲ ਭਾਈਚਾਰੇ ਦੇ ਹਰੇਕ ਮੈਂਬਰ ਦੀਆਂ ਸੂਚਨਾਤਮਕ ਲੋੜਾਂ ਦੀ ਪੂਰਤੀ ਕਰਦਿਆਂ ਸਿੱਖਣ-ਸਿਖਾਉਣ ਦੀਆਂ ਗਤੀਵਿਧੀਆਂ ਵਿਚ ਅਹਿਮ ਯੋਗਦਾਨ ਪਾਉਂਦਾ ਹੈ।

ਸਕੂਲ ਲਾਇਬ੍ਰੇਰੀਅਨ ਨੂੰ ਵਿਆਪਕ ਲਾਇਬ੍ਰੇਰੀ ਭਾਈਚਾਰੇ ਨਾਲ ਸਹਿਯੋਗੀ ਭਾਵਨਾ ਰੱਖਣੀ ਚਾਹੀਦੀ ਹੈ। ਸਿਖਿਆਤਮਕ ਭਾਈਚਾਰੇ ਦੇ ਮੈਂਬਰਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਦੇ ਨਿਰੰਤਰ ਸੁਧਾਰ ਲਈ ਸਕੂਲ ਤੇ ਜਨਤਕ ਲਾਇਬ੍ਰੇਰੀਆਂ ਨੂੰ ਪਰਸਪਰ ਸਹਾਇਤਾ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਆਪਸੀ ਸਹਿਯੋਗ ਦਾ ਇਕ ਲਿਖਤੀ ਸਮਝੌਤਾ ਵੀ ਹੋਣਾ ਚਾਹੀਦਾ ਹੈ, ਜਿਸ ਵਿਚ ਅਜਿਹੇ ਤੱਤ ਸ਼ਾਮਲ ਕੀਤੇ ਜਾ ਸਕਦੇ ਹਨ: ਸਹਿਯੋਗ ਦੇ ਸਾਂਝੇ ਪੈਮਾਨੇ; ਸਹਿਕਾਰੀ ਖੇਤਰਾਂ ਦੀ ਨਿਸ਼ਚਤਤਾ ਤੇ ਪਰਿਭਾਸ਼ਾ; ਆਰਥਕ ਅਮਲਾਂ ਤੇ ਖਰਚਿਆਂ ਨੂੰ ਕਿਵੇਂ ਸਾਂਝਾ ਕੀਤਾ ਜਾਣਾ ਹੈ ਸਬੰਧੀ ਸਪਸ਼ਟੀਕਰਨ; ਅਤੇ ਸਹਿਯੋਗ ਲਈ ਯੋਜਨਾਬੱਧ ਸਮੇਂ ਦੀ ਮਿਆਦ। ਇਸ ਤੋਂ ਇਲਾਵਾ ਸਹਿਯੋਗਾਤਮਕ ਖੇਤਰਾਂ ਦੀਆਂ ਉਦਾਹਰਨਾਂ ਵਿਚ ਸ਼ਾਮਲ ਕੀਤੇ ਜਾਣ ਵਾਲੇ ਵਿਸ਼ੇਸ਼ ਭਾਗ ਇਸ ਪ੍ਰਕਾਰ ਹਨ: ਲਾਇਬ੍ਰੇਰੀ ਅਮਲੇ ਦੀ ਸਾਂਝੀ ਸਿਖਲਾਈ; ਲਾਇਬ੍ਰੇਰੀ ਵਿਚਲੇ ਪੁਸਤਕ-ਭੰਡਾਰ ਦੇ ਵਿਕਾਸ ਤੇ ਕਾਰਜਕ੍ਰਮ ਦਾ ਸਹਿਕਾਰੀ ਹੋਣਾ; ਬਿਜ-ਸੇਵਾਵਾਂ ਤੇ ਨੈੱਟਵਰਕਾਂ ਵਿਚ ਮਿਲਵਰਤਨ; ਜਨਤਕ ਲਾਇਬ੍ਰੇਰੀਆਂ ਵਿਚ ਸਕੂਲੀ ਬੱਚਿਆਂ ਦੀਆਂ ਫੇਰੀਆਂ; ਅਤੇ ਪੁਸਤਕ ਸੱਭਿਆਚਾਰ ਤੇ ਸਾਖਰਤਾ ਦੀ ਉੱਨਤੀ ਲਈ ਸਾਂਝ।

*ਉਦਾਹਰਨ*

ਨਾਰਵੇ ਮੁਲਕ ਦੀ ਰਾਜਧਾਨੀ ਓਸਲੋ ਵਿਚ, 120 ਸਕੂਲ ਲਾਇਬ੍ਰੇਰੀਆਂ ਸਬੰਧੀ ਮੁੱਦਿਆਂ 'ਤੇ ਵਿਚਾਰ ਚਰਚਾ ਕਰਨ ਲਈ ਸਕੂਲ ਪ੍ਰਬੰਧਕ ਤੇ ਜਨਤਕ ਲਾਇਬ੍ਰੇਰੀਆਂ ਦੇ ਲੋਕ ਅਕਸਰ ਇਕੱਠੇ ਮਿਲ ਬੈਠਦੇ ਹਨ। ਜਨਤਕ ਲਾਇਬ੍ਰੇਰੀਆਂ ਦੇ ਜ਼ੁੰਮੇ ਸਕੂਲੀ ਸੇਵਾ ਲਾਈ ਗਈ, ਜਿਸ ਰਾਹੀਂ ਉਹ ਸਕੂਲਾਂ ਨੂੰ ਸਲਾਹ ਤੇ ਪਾਠਕ੍ਰਮ ਤੋਂ ਇਲਾਵਾ ਹੋਰ ਪਠਨ ਸਮੱਗਰੀ ਦਾ ਉਧਾਰ ਪ੍ਰਦਾਨ ਕਰਦੀ ਹੈ। ਇਹ ਸਲਾਹ ਪੁਸਤਕ ਸੱਭਿਆਚਾਰ ਤੇ ਸਾਖਰਤਾ ਦੇ ਬੜ੍ਹਾਵੇ, ਸਕੂਲ ਲਾਇਬ੍ਰੇਰੀ ਵਿਚਲੇ ਪੁਸਤਕ-ਭੰਡਾਰ ਦੇ ਵਿਕਾਸ, ਲਾਇਬ੍ਰੇਰੀ ਦੀ ਅੰਦਰੂਨੀ ਥਾਂ ਆਦਿ ਨੂੰ ਵਿਵਸਥਿਤ ਕਰਨ ਵਰਗੇ ਵਿਸ਼ਿਆਂ ਵਿਚ ਦਿੱਤੀ ਜਾਂਦੀ ਹੈ। ਸਕੂਲ ਲਾਇਬ੍ਰੇਰੀਅਨ ਤੇ ਅਧਿਆਪਕ ਬਿਜ-ਡਾਕ (e-mail) ਜਾਂ ਟੈਲੀਫੋਨ ਰਾਹੀਂ ਜਨਤਕ ਲਾਇਬ੍ਰੇਰੀ ਦੀ ਇਸ ਸਕੂਲੀ ਸੇਵਾ ਤੋਂ ਮਦਦ ਹਾਸਲ ਕਰ ਸਕਦੇ ਹਨ। ਉਸ ਪਠਨ ਸਮੱਗਰੀ ਨੂੰ ਸਕੂਲ ਲਾਇਬ੍ਰੇਰੀ ਜਾਂ ਜਮਾਤਾਂ ਵਿਚ ਸਿੱਧੇ ਤੌਰ 'ਤੇ ਭੇਜਿਆ ਜਾ ਸਕਦਾ ਹੈ, ਜਿਸ ਨੂੰ ਖਰੀਦਣ ਦੀ ਸਕੂਲਾਂ ਕੋਲ ਸਮਰੱਥਾ ਨਹੀਂ ਹੁੰਦੀ ਜਾਂ ਜਿਸ ਨੂੰ ਜਨਤਕ ਲਾਇਬ੍ਰੇਰੀਆਂ ਰੋਜਾਨਾ ਨਹੀਂ ਵਰਤਦੀਆਂ ਪਰ ਸਕੂਲਾਂ ਵਿਚ ਕੰਮ ਆ ਸਕਦੀ ਹੈ।

*ਉਦਾਹਰਨ*

ਪੂਰਬੀ ਪੰਜਾਬ (ਭਾਰਤ) ਦੇ ਬੁਹਤ ਸਾਰੇ ਪੇਂਡੂ ਖੇਤਰਾਂ ਵਿਚ ਪਰਵਾਸੀ ਪੰਜਾਬੀਆਂ ਦੁਆਰਾ ਅਨੇਕਾਂ ਦਿਹਾਤੀ ਲੋਕ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਗਈਆਂ ਹਨ, ਜਿੱਥੇ ਗਿਆਨ ਦੇ ਬਹੁਮੁੱਲੇ ਸਰੋਤਾਂ ਸਮੇਤ ਆਧੁਨਿਕ ਤਕਨਾਲੋਜੀ ਦੇ ਕਈ ਉਪਕਰਨ ਅਤੇ ਸਹੂਲਤਾ ਵੀ ਮੌਜੂਦ ਹਨ। ਇਸ ਤੋਂ ਅਲਾਹਿਦਾ, ਇਨ੍ਹਾ ਲਾਇਬ੍ਰੇਰੀਆਂ ਵਿਚ ਆਧੁਨਿਕ ਕੁਸ਼ਲਤਾਵਾਂ ਨੂੰ ਵਿਕਸਤ ਕਰਨ ਲਈ ਛੋਟੇ ਹੁਨਰ ਵਿਕਾਸ ਕੇਂਦਰ (ਸਕਿਲ ਡਿਵਲਪਮੈਂਟ ਸੈਂਟਰ) ਵੀ ਉਪਲਬਧ ਹਨ। ਇਹ ਲਾਇਬ੍ਰੇਰੀਆਂ ਨੇੜਲੇ ਪਿੰਡਾਂ ਦੇ ਵਸਨੀਕਾਂ ਦੇ ਨਾਲ-ਨਾਲ ਸਕੂਲੀ ਵਿਦਿਆਰਥੀਆਂ ਵਿਚ ਪੁਸਤਕ ਸੱਭਿਆਚਾਰ, ਸਾਖਰਤਾ ਅਤੇ ਹੋਰ ਸਥਾਨਕ ਲੋੜਾਂ ਦੀ ਸੰਤੁਸ਼ਟੀ ਲਈ ਵਿਭਿੰਨ ਤਰ੍ਹਾਂ ਦੀਆਂ ਸੇਵਾਵਾਂ ਤੇ ਕਾਰਜਕ੍ਰਮ ਨਿਭਾ ਰਹੀਆਂ ਹਨ; ਜਿਵੇਂਕਿ, ਬਾਲ ਮੇਲੇ, ਕਵੀ ਦਰਬਾਰ, ਪੁਸਤਕ ਪ੍ਰਦਰਸ਼ਨੀਆਂ ਆਦਿ। ਇਨ੍ਹਾਂ ਲਾਇਬ੍ਰੇਰੀਆਂ ਵਿਚ *ਭਾਗਵੰਤੀ ਯਾਦਗਾਰੀ ਪਬਲਿਕ ਲਾਇਬ੍ਰੇਰੀ, ਜੁੜਾਹਾਂ (ਲੁਧਿਆਣਾ), ਲੋਪੋਂ ਪਬਲਿਕ ਲਾਇਬ੍ਰੇਰੀ, ਲੋਪੋਂ (ਮੋਗਾ), ਬਾਬਾ ਸੰਗ ਪਬਲਿਕ ਲਾਇਬ੍ਰੇਰੀ (ਨਵਾਂ ਸ਼ਹਿਰ)* ਆਦਿ ਦੇ ਨਾਂ ਵਰਣਨਯੋਗ ਹਨ।

### 3.5.5 ਲਾਇਬ੍ਰੇਰੀ ਸੇਵਾਵਾਂ ਅਤੇ ਕਾਰਜਕ੍ਰਮਾਂ ਨੂੰ ਉੱਨਤ ਕਰਨਾ

ਇਸ ਕਾਰਜ ਦੇ ਜ਼ਰੀਏ ਲਾਇਬ੍ਰੇਰੀਅਨ ਸਕੂਲ ਲਾਇਬ੍ਰੇਰੀ ਦੇ ਵਰਤੋਂਕਾਰਾਂ ਵਿਚ ਇਸ ਗੱਲ ਦਾ ਪ੍ਰਚਾਰ ਕਰਦਾ ਹੈ ਕਿ ਲਾਇਬ੍ਰੇਰੀ ਕੋਲ ਉਨ੍ਹਾਂ ਨੂੰ ਪ੍ਰਦਾਨ ਕਰਨ ਲਈ ਕੀ ਕੁਝ ਹੈ। ਉਹ ਲਾਇਬ੍ਰੇਰੀ ਵਿਗਿਆਨ ਦੇ ਦੂਜੇ (ਹਰੇਕ ਪਾਠਕ ਦੀ ਆਪਣੀ ਪੁਸਤਕ) ਅਤੇ ਤੀਜੇ (ਹਰੇਕ ਪੁਸਤਕ ਦਾ ਆਪਣਾ ਪਾਠਕ) ਸਿਧਾਂਤਾਂ ਅਨੁਸਾਰ ਪਾਠਕਾਂ ਨੂੰ ਪੁਸਤਕਾਂ ਤੇ ਪੁਸਤਕਾਂ ਨੂੰ ਪਾਠਕਾਂ ਨਾਲ ਇਕਮਿਕ ਕਰਦਾ ਹੈ। ਸਕੂਲ ਲਾਇਬ੍ਰੇਰੀ ਦੀਆਂ ਸੇਵਾਵਾਂ, ਕਾਰਜਕ੍ਰਮਾਂ ਅਤੇ ਸਹੂਲਤਾਂ ਨੂੰ ਸਕੂਲ ਦੇ ਵਿਆਪਕ ਭਾਈਚਾਰੇ ਵਿਚ ਸਰਗਰਮ ਰੂਪ ਨਾਲ ਉੱਨਤ ਕੀਤਾ ਜਾਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਸਕੂਲ ਲਾਇਬ੍ਰੇਰੀਅਨ ਦੁਆਰਾ ਲਾਇਬ੍ਰੇਰੀ ਦੀ ਤਰੱਕੀ/ਸੁਧਾਰ ਲਈ ਕੀਤੇ ਜਾਂਦੇ ਇਸ ਪ੍ਰਚਾਰ-ਪਸਾਰ ਦਾ ਪੱਧਰ ਸਕੂਲ ਦੀ ਸਥਾਨਕ ਸਥਿਤੀ ਅਤੇ ਇਸ ਦੇ ਭਾਈਚਾਰੇ ਦੇ ਮੈਂਬਰਾਂ ਦੀ ਸੋਚ-ਸਮਝ ਤੇ ਸਹੂਲਤ ਮੁਤਾਬਕ ਹੋਣਾ ਚਾਹੀਦਾ ਹੈ।

ਸਕੂਲ ਲਾਇਬ੍ਰੇਰੀ ਕੋਲ ਇਸ ਦੀਆਂ ਸੇਵਾਵਾਂ ਤੇ ਕਾਰਜਕ੍ਰਮਾਂ ਨੂੰ ਵਿਕਸਤ ਕਰਨ ਦਾ ਲਿਖਤੀ ਦਸਤਾਵੇਜ਼ ਹੋਣਾ ਚਾਹੀਦਾ ਹੈ, ਜੋ ਸਕੂਲ ਪ੍ਰਬੰਧਕਾਂ ਤੇ ਅਧਿਆਪਕ ਸਾਥੀਆਂ ਦੇ ਸਹਿਯੋਗ ਨਾਲ ਯੋਜਨਾਬੱਧ ਰੂਪ ਵਿਚ ਤਿਆਰ ਕੀਤਾ ਗਿਆ ਹੋਵੇ। ਇਸ ਦਸਤਾਵੇਜ਼ ਵਿਚ ਸ਼ਾਮਲ ਤੱਤ ਇਸ ਪ੍ਰਕਾਰ ਹੋਣੇ ਚਾਹੀਦੇ ਹਨ: ਉਦੇਸ਼; ਕਾਰਜ-ਸੂਚੀ, ਜੋ ਇਹ ਦੱਸੇ ਕਿ ਮਿੱਥੇ ਗਏ ਉਦੇਸ਼ਾਂ ਨੂੰ ਕਿਵੇਂ ਹਾਸਲ ਕਰਨਾ ਹੈ; ਅਤੇ ਮੁਲਾਂਕਣ ਦੇ ਢੰਗ, ਜਿਨ੍ਹਾਂ ਰਾਹੀਂ ਕਾਰਜ-ਸੂਚੀ ਦੀ ਸਫਲਤਾ ਦੀ ਪੜਚੋਲ ਕੀਤੀ ਜਾਵੇ।

## 3.6 ਸਕੂਲ ਲਾਇਬ੍ਰੇਰੀ ਦਾ ਸਹਿਯੋਗੀ ਅਮਲਾ

ਸਕੂਲ ਲਾਇਬ੍ਰੇਰੀਆਂ ਦੇ ਸਹਿਯੋਗੀ ਅਮਲੇ (ਅਰਧ-ਪੇਸ਼ੇਵਰ) ਵਿਚ ਲਾਇਬ੍ਰੇਰੀ ਸਹਾਇਕ, ਕਲਰਕ ਅਤੇ ਤਕਨੀਕੀ ਕਰਮਚਾਰੀ ਆਉਂਦੇ ਹਨ। ਇਹ ਆਪਣੇ ਕਾਰਜਾਂ ਪ੍ਰਤੀ ਸਕੂਲ ਲਾਇਬ੍ਰੇਰੀਅਨਾਂ ਨੂੰ ਜਵਾਬਦੇਹ ਹੁੰਦੇ ਹਨ। ਸਕੂਲ ਲਾਇਬ੍ਰੇਰੀਆਂ ਦਾ ਕੰਮ-ਕਾਜ ਇਨ੍ਹਾਂ ਕਰਮਚਾਰੀਆਂ ਦੁਆਰਾ ਹੀ ਸਾਂਭਿਆ ਜਾਂਦਾ ਹੈ ਤਾਂ ਜੋ ਸਕੂਲ ਲਾਇਬ੍ਰੇਰੀਅਨਾਂ ਨੂੰ ਉਪਰੋਕਤ ਭੂਮਿਕਾਵਾਂ ਦੇ ਸੰਚਾਲਨ ਲਈ ਲੁੜੀਂਦਾ ਸਮਾਂ ਪ੍ਰਦਾਨ ਕੀਤਾ ਜਾ ਸਕੇ। ਇਸ ਲਈ ਸਕੂਲ ਲਾਇਬ੍ਰੇਰੀਆਂ ਦੇ ਸਹਿਯੋਗੀ ਅਮਲੇ ਦੀ ਸਿਖਲਾਈ ਤੇ ਵਿਕਾਸ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਨਿੱਤ ਦੇ ਕੰਮਾਂ ਨੂੰ ਚੰਗੀ ਤਰ੍ਹਾਂ ਨਿਭਾ ਸਕਣ। ਇਸ ਅਮਲੇ ਦੇ ਨਿਤਾਪ੍ਰਤੀ ਕਾਰਜ ਇਸ ਪ੍ਰਕਾਰ ਹਨ: ਲਾਇਬ੍ਰੇਰੀ ਵਿਚਲੀਆਂ ਪੁਸਤਕਾਂ ਨੂੰ ਤਰਤੀਬ ਦੇਣਾ, ਪੁਸਤਕਾਂ ਨੂੰ ਪੜ੍ਹਨ ਲਈ ਜਾਰੀ ਕਰਨਾ, ਜਾਰੀ ਕੀਤੀਆਂ ਗਈਆਂ ਪੁਸਤਕਾਂ ਨੂੰ ਵਾਪਸ ਕਰਨਾ, ਨਵੀਆਂ ਪੁਸਤਕਾਂ ਨੂੰ ਪੜ੍ਹਨ ਲਈ ਤਿਆਰ ਕਰਨਾ, ਆਨਲਾਈਨ ਸਰਕਿਊਲੇਸ਼ਨ ਤੇ ਕੈਟਾਲੌਗਿੰਗ ਦੇ ਪ੍ਰਬੰਧ ਲਈ ਤਕਨੀਕੀ ਸੇਵਾ ਪ੍ਰਦਾਨ ਕਰਨਾ ਅਤੇ ਡਿਜੀਟਲ ਸਰੋਤਾਂ ਤਕ ਪਹੁੰਚ ਮੁਹੱਈਆ ਕਰਵਾਉਣਾ।

## 3.7 ਸਕੂਲ ਲਾਇਬ੍ਰੇਰੀ ਵਲੰਟੀਅਰ

ਸਕੂਲ ਲਾਇਬ੍ਰੇਰੀਆਂ ਵਿਚ ਰਜ਼ਾਕਾਰ (ਵਲੰਟੀਅਰ) ਮਹੱਤਵਪੂਰਨ ਸਥਾਨ ਰੱਖਦੇ ਹਨ। ਇਨ੍ਹਾਂ ਨੂੰ ਲਾਇਬ੍ਰੇਰੀ ਦੇ ਤਨਖਾਹਭੋਗੀ ਕਰਮਚਾਰੀਆਂ ਦੇ ਬਦਲਾਂ ਵਜੋਂ ਕੰਮ ਨਹੀਂ ਕਰਨਾ ਚਾਹੀਦਾ ਹੈ। ਇਹ ਸਵੈ-ਇੱਛਤ ਲੋਕ ਕੁਝ ਸਮਝੋਤਿਆਂ ਤਹਿਤ ਸਕੂਲ ਲਾਇਬ੍ਰੇਰੀ ਦੀਆਂ ਸਰਗਰਮੀਆਂ ਵਿਚ ਸਹਿਯੋਗੀ ਭੂਮਿਕਾਵਾਂ ਨਿਭਾ ਸਕਦੇ ਹਨ। ਲਾਇਬ੍ਰੇਰੀਅਨ ਦੀ ਨਿਗਰਾਨੀ ਹੇਠ ਇਨ੍ਹਾਂ ਦੇ ਕੰਮ ਚੰਗੀ ਤਰ੍ਹਾਂ ਨਾਲ ਪ੍ਰਭਾਸ਼ਿਤ ਹੋਣੇ ਚਾਹੀਦੇ ਹਨ। ਸਕੂਲ ਦੇ ਵਿਦਿਆਰਥੀ ਵੀ ਲਾਇਬ੍ਰੇਰੀ ਦੇ ਸਵੈ-ਸੇਵਕਾਂ ਦੇ ਰੂਪ ਵਿਚ ਕੰਮ ਕਰ ਸਕਦੇ ਹਨ। ਰਸਮੀ ਅਰਜ਼ੀ ਪ੍ਰਕਿਰਿਆ ਰਾਹੀਂ ਚੁਣੇ ਗਏ ਉੱਚ ਜਮਾਤਾਂ ਦੇ ਵਿਦਿਆਰਥੀ ਹੀ ਸਵੈ-ਸੇਵਕ ਹੋਣੇ ਚਾਹੀਦੇ ਹਨ। ਸੌਂਪੇ ਗਏ ਕੰਮਾਂ ਨੂੰ ਕੁਸ਼ਲਤਾਪੂਰਵਕ ਨਿਭਾਉਣ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਇਹ ਵਿਦਿਆਰਥੀ ਆਪਣੇ ਇਨ੍ਹਾਂ ਕੰਮਾਂ ਨਾਲ ਲਾਇਬ੍ਰੇਰੀ ਦੇ ਮਨੋਰਥ ਤੇ ਟੀਚਿਆਂ ਦੀ ਪ੍ਰਾਪਤੀ ਵਿਚ ਯੋਗਦਾਨ ਪਾ ਸਕਦੇ ਹਨ: ਲਾਇਬ੍ਰੇਰੀ ਬਾਬਤ ਨੁਮਾਇਸ਼ ਰਚਣ ਵਿਚ ਮਦਦ ਕਰਨਾ, ਪੁਸਤਕਾਂ ਨੂੰ ਮੁੜ ਤਰਤੀਬ ਦੇਣੀ, ਛੋਟੇ ਬੱਚਿਆਂ ਨਾਲ ਬੈਠ ਕੇ ਪੜ੍ਹਨਾ ਤਾਂ ਜੋ ਉਨ੍ਹਾਂ ਨੂੰ ਪੁਸਤਕਾਂ ਪੜ੍ਹਨ ਦੀ ਚੇਟਕ ਲੱਗ ਸਕੇ ਅਤੇ ਆਪਣੇ ਸਹਿਪਾਠੀਆਂ ਨੂੰ ਪੁਸਤਕਾਂ ਪੜ੍ਹਨ ਦਾ ਸੁਝਾਅ ਦੇਣਾ।

*ਉਦਾਹਰਨ*

ਸੰਯੁਕਤ ਰਾਜ ਅਮਰੀਕਾ ਦੇ ਮਿਸ਼ੀਗਨ ਪ੍ਰਾਂਤ ਵਿਚ, ਮੁਢਲੇ ਸਕੂਲ ਦੀ ਲਾਇਬ੍ਰੇਰੀ ਟੋਲੀ ਪਰਦੇ ਦੇ ਪਿੱਛੇ ਕੀਤੇ ਜਾਂਦੇ ਉਨ੍ਹਾਂ ਕੰਮਾਂ ਵਿਚ ਆਪਣਾ ਯੋਗਦਾਨ ਪਾਉਂਦੀ ਹੈ, ਜੋ ਸਕੂਲ ਲਾਇਬ੍ਰੇਰੀ ਨੂੰ ਕੁਸ਼ਲਤਾਪੂਰਵਕ ਚਲਾਉਣ ਵਿਚ ਸਹਾਈ ਹੁੰਦੇ ਹਨ। ਹਫਤੇ ਵਿਚ ਇਕ ਵਾਰ ਇਨ੍ਹਾਂ ਵਿਦਿਆਰਥੀਆਂ ਦੀ ਟੋਲੀ ਲਾਇਬ੍ਰੇਰੀ ਦੀਆਂ ਪੁਸਤਕਾਂ ਨੂੰ ਕ੍ਰਮਬੱਧ ਕਰਦੀ ਹੈ, ਬਾਲਵਾੜੀ ਦੇ ਜਮਾਤ ਕਮਰਿਆਂ ਵਿਚ ਖਿੱਲਰੀਆਂ ਹੋਈਆਂ ਪੁਸਤਕਾਂ ਨੂੰ ਇਕੱਠਾ ਕਰਦੀ ਹੈ ਅਤੇ ਕਈ ਵਾਰ ਨਵੀਆਂ ਪੁਸਤਕਾਂ 'ਤੇ ਤਕਨੀਕੀ ਚੇਪੀਆਂ ਚਿਪਕਾਉਣ ਵਿਚ ਵੀ ਸਹਿਯੋਗ ਦਿੰਦੀ ਹੈ।

*ਉਦਾਹਰਨ*

ਇਟਲੀ ਦੀ ਰਾਜਧਾਨੀ ਰੋਮ ਵਿਚ, ਉੱਚ ਸਕੂਲ ਦੇ ਵਿਦਿਆਰਥੀਆਂ ਨੂੰ ਇਕ ਖਾਸ ਲੋੜਾਂ ਵਾਲੇ ਕਾਰਜਕ੍ਰਮ ਅਧੀਨ ਭਰਤੀ ਕੀਤਾ ਜਾਂਦਾ ਹੈ, ਜੋ ਲਾਇਬ੍ਰੇਰੀ ਨੂੰ ਨਿਰਵਿਘਨ ਚਲਾਉਣ ਵਿਚ ਮਦਦ ਕਰਦਾ ਹੋਇਆ ਲਾਇਬ੍ਰੇਰੀ ਸੰਚਾਲਨ ਤੇ ਵਿਦਿਆਰਥੀਆਂ ਦੇ ਨਿੱਜੀ ਵਿਕਾਸ ਵਿਚ ਯੋਗਦਾਨ ਪਾਉਂਦਾ ਹੈ। ਇਕ ਵਾਰ ਤਾਂ ਇਨ੍ਹਾਂ ਵਿਦਿਆਰਥੀਆਂ ਨੇ ਲਾਇਬ੍ਰੇਰੀ ਨੂੰ ਨਵਿਆਉਣ ਦੇ ਪੜਾ ਵਿਚ ਵੀ ਹੱਥ ਵਟਾਇਆ ਸੀ: ਇਸ ਨਾਲ ਉਨ੍ਹਾਂ ਦੀਆਂ ਤਾਲਮੇਲ ਦੀਆਂ ਨਿਪੁੰਨਤਾਵਾਂ ਵਿਚ ਨਿਖਾਰ ਆਉਣ ਦੇ ਨਾਲ-ਨਾਲ ਵਿਆਪਕ ਰੁਚੀਆਂ ਦਾ ਵਿਕਾਸ ਅਤੇ ਆਤਮ ਵਿਸ਼ਵਾਸ ਵਿਚ ਵਾਧਾ ਹੋਇਆ ਸੀ।

*ਉਦਾਹਰਨ*

ਹੰਗਰੀ ਵਿਚ, 2012 ਤੋਂ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਸਵੈ-ਇੱਛਿਤ ਕੰਮਾਂ ਨੂੰ ਕਰਨਾ ਜ਼ਰੂਰੀ ਕੀਤਾ ਗਿਆ ਹੈ, ਜਿਸ ਨਾਲ ਸਥਾਨਕ ਭਾਈਚਾਰਿਆਂ ਨੂੰ ਫਾਇਦਾ ਮਿਲਿਆ ਹੈ। ਇਹ ਸਵੈ-ਇੱਛਿਤ ਕੰਮ ਸਕੂਲ ਤੇ ਜਨਤਕ ਲਾਇਬ੍ਰੇਰੀਆਂ ਵਿਚ ਵੀ ਕੀਤਾ ਜਾ ਸਕਦਾ ਹੈ।

## 3.8 ਨੈਤਿਕ ਮਿਆਰ

ਰਜਾਕਾਰਾਂ ਸਮੇਤ ਸਕੂਲ ਲਾਇਬ੍ਰੇਰੀ ਵਿਚ ਕੰਮ ਕਰਦੇ ਹਰੇਕ ਵਿਅਕਤੀ ਨੂੰ ਉੱਚ-ਨੈਤਿਕ ਮਿਆਰਾਂ ਦੀ ਪਾਲਨਾ ਕਰਨੀ ਚਾਹੀਦੀ ਹੈ। ਸਕੂਲ ਲਾਇਬ੍ਰੇਰੀ ਦੇ ਕਰਮਚਾਰੀਆਂ ਦੁਆਰਾ ਲਾਇਬ੍ਰੇਰੀ ਵਰਤੋਂਕਾਰਾਂ ਦੇ ਅਧਿਕਾਰਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਬਗ਼ੈਰ ਕਿਸੇ ਪੱਖਪਾਤ, ਪੂਰਵ ਨਿਰਧਾਰਤ ਧਾਰਨਾ ਅਤੇ ਨਿੱਜੀ ਹਿੱਤਾਂ ਦੇ ਲਾਇਬ੍ਰੇਰੀ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਵਿਦਿਆਰਥੀਆਂ ਦੇ ਨਿੱਜਤਾ ਤੇ ਜਾਣਨ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਦੇ ਹੋਏ ਉਨ੍ਹਾਂ ਨੂੰ ਸਮੁੱਚੇ ਵਰਤੋਂਕਾਰਾਂ ਨਾਲ ਨਿਰਪੱਖ ਤੌਰ ‘ਤੇ ਵਿਚਰਨਾ ਚਾਹੀਦਾ ਹੈ।

ਸਕੂਲ ਲਾਇਬ੍ਰੇਰੀ ਦੇ ਸਮੁੱਚੇ ਕਰਮਚਾਰੀਆਂ ਨੂੰ ਲਾਇਬ੍ਰੇਰੀਅਨ ਪੇਸ਼ੇ ਦੀਆਂ ਮੂਲ ਨੈਤਿਕ ਕਦਰਾ-ਕੀਮਤਾਂ ਦਾ ਗਿਆਨ ਹੋਣਾ ਚਾਹੀਦਾ ਹੈ: ਪ੍ਰਬੰਧਕੀ ਮੁਖ਼ਤਿਆਰੀ, ਸੇਵਾ, ਬੌਧਿਕ ਅਜ਼ਾਦੀ, ਤਰਕਸ਼ੀਲਤਾ, ਸਾਖਰਤਾ ਤੇ ਸਿੱਖਿਆ, ਗਿਆਨ ਤੇ ਸੂਚਨਾ ਹਾਸਲ ਕਰਨ ਦੀ ਬਰਾਬਰਤਾ, ਨਿੱਜਤਾ ਅਤੇ ਲੋਕਤੰਤਰ। ਇਨ੍ਹਾਂ ਕਦਰਾਂ-ਕੀਮਤਾਂ ਵਿਚੋਂ ਗਿਆਨ ਅਤੇ ਸੂਚਨਾ ਹਾਸਲ ਕਰਨ ਦੀ ਬਰਾਬਰਤਾ ਤੇ ਬੌਧਿਕ ਅਜ਼ਾਦੀ ਨਾਲ ਸਬੰਧਤ ਮੁਢਲੀਆਂ ਕਦਰਾਂ-ਕੀਮਤਾਂ *ਮਨੁੱਖੀ ਅਧਿਕਾਰਾਂ ਦੀ ਆਲਮੀ ਘੋਸ਼ਣਾ* ਦੀ ਧਾਰਾ 19 ਤੇ ਇਫ਼ਲਾ ਦੀਆਂ ਕਦਰਾਂ-ਕੀਮਤਾਂ (www.ifla.org/about/more) ਵਿਚ ਪੜ੍ਹੀਆਂ ਜਾ ਸਕਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ


American Library Association. (2010). *ALA/AASL Standards for initial preparation of school librarians.* Retrieved from www.ala.org/aasl/education/ncate

CLEMI: Centre de liaison de l'enseignement et des médias d'information. (2013). *Proposition pour un référentiel enseignant en éducation aux médias* [Proposal for a repository in teaching media literacy] [pdf en ligne]. Retrieved from www.clemi.org/fichier/plug_download/29480/download_fichier_fr_referentiel_clemi_version2.pdf

Conseil supérieur de l'éducation aux médias. (2013). *Les compétences en éducation aux medias: Un enjeu éducatif majeur* [Media literacy skills: A major educational challenge]. Belgique: CSEM.

Gorman, M. (2000). *Our enduring values: Librarianship in the 21st century*. Chicago: American Library Association.

International Federation of Library Associations. (2012). *Professional Codes of Ethics for Librarians.* Retrieved from www.ifla.org/faife/professional-codes-of-ethics-for-librarians

International Federation of Library Associations. (2015). *Indigenous Matters Special Interest Group*. www.ifla.org/indigenous-matters

International Federation of Library Associations. (2015). *Lesbian, Gay, Bisexual, Transgender and Queer/Questioning Users Special Interest Group.* Retrieved from www.ifla.org/lgbtq

International Federation of Library Associations. (2015). *IFLA/UNESCO Multicultural Library Manifesto.* Retrieved from www.ifla.org/node/8976

Markless, S. (Ed.). (2009). *The innovative school librarian: Thinking outside the box*. London: Facet Publishing. [See Chapters 1 & 2, pp. 1-46.]

Ministère de l'éducation nationale. (2013). Référentiel de compétences des enseignants [Competency framework for teachers]. *Bulletin officiel de l'éducation nationale,* n°30, 25/07/2013.

National Forum on Information Literacy. (2014). *Policy statement on the importance of certified school librarians.* Retrieved from http://infolit.org/nfil-policy-statement-school-librarians

Simpson, C. (2003). *Ethics in school librarianship: A reader.* Worthington, OH: Linworth.

Wilson, C., Grizzle, A., Tuazon, R., Akyempong, K., & Cheung, C.K. (2012). *Education aux médias et à l'information: programme de formation pour les enseignants* [Media education and information: A training program for teachers]. Paris: UNESCO.

# ਅਧਿਆਇ 4
# ਸਕੂਲ ਲਾਇਬ੍ਰੇਰੀ ਦੇ ਭੌਤਿਕ ਅਤੇ ਬਿਜ-ਸਰੋਤ

*"ਸਕੂਲ ਲਾਇਬ੍ਰੇਰੀ ਪੁਸਤਕ ਸੱਭਿਆਚਾਰ ਤੇ ਸਾਖਰਤਾ ਦੇ ਵਿਕਾਸ ਲਈ ਲਾਹੇਵੰਦ ਪੁਸਤਕਾਂ ਸਮੇਤ ਅਨੇਕਾਂ ਰੂਪਾਂ ਵਿਚ ਉਪਲਬਧ ਡਿਜੀਟਲ ਤੇ ਭੌਤਿਕ ਸੂਚਨਾ ਸਰੋਤ ਪ੍ਰਦਾਨ ਕਰਦੀ ਹੈ। ਲਾਇਬ੍ਰੇਰੀ ਦਾ ਇਹ ਸਮੁੱਚਾ ਸਰੋਤ ਸੰਗ੍ਰਹਿ ਪਾਠ ਪੁਸਤਕਾਂ ਤੇ ਪੜ੍ਹਾਉਣ ਦੀਆਂ ਵਿਧੀਆਂ ਲਈ ਸੋਨੇ 'ਤੇ ਸੁਹਾਗੇ ਦਾ ਕੰਮ ਕਰਦਾ ਹੈ। "*–ਸਕੂਲ ਲਾਇਬ੍ਰੇਰੀ ਘੋਸ਼ਣਾ-ਪੱਤਰ

## 4.1 ਭੂਮਿਕਾ

ਸਕੂਲ ਲਾਇਬ੍ਰੇਰੀ ਦੇ ਭੌਤਿਕ ਤੇ ਡਿਜੀਟਲ ਸੂਚਨਾ ਸਰੋਤਾਂ ਦੀ ਸ਼੍ਰੇਣੀ ਵਿਚ ਉਹ ਸਾਰੀਆਂ ਸੁੱਖ ਸਹੂਲਤਾਂ, ਉਪਕਰਨ ਅਤੇ ਸਰੋਤ ਸੰਗ੍ਰਹਿ ਸ਼ਾਮਲ ਹੁੰਦੇ ਹਨ, ਜਿਹੜੇ ਸਿੱਖਣ ਤੇ ਸਿੱਖਾਉਣ ਦੇ ਕਾਰਜਾਂ ਲਈ ਬਹੁਤ ਜ਼ਰੂਰੀ ਸਮਝੇ ਜਾਂਦੇ ਹਨ। ਅਜੋਕੀ ਤਕਨਾਲੋਜੀ ਨੇ ਲਾਇਬ੍ਰੇਰੀ ਦੀ ਪਹੁੰਚ ਨੂੰ ਸਕੂਲ ਤੇ ਇਸ ਦੇ ਸਮੁੱਚੇ ਭਾਈਚਾਰੇ ਵਿਚ ਵਿਕਸਤ ਕੀਤਾ ਹੈ। ਹੁਣ ਕੋਈ ਵੀ ਵਿਅਕਤੀ ਤਕਨਾਲੋਜੀ ਦੇ ਮਾਧਿਅਮ ਰਾਹੀਂ ਕਿਸੇ ਵੀ ਸਥਾਨ 'ਤੇ ਦਿਨ ਦੇ 24 ਘੰਟੇ ਤੇ ਹਫਤੇ ਦੇ 7 ਦਿਨ ਸਕੂਲ ਲਾਇਬ੍ਰੇਰੀ ਦੇ ਡਿਜੀਟਲ ਸੂਚਨਾ ਸਰੋਤਾਂ ਨੂੰ ਵਰਤ ਸਕਦਾ ਹੈ। ਸਕੂਲ ਖੁੱਲ੍ਹਾ ਹੋਵੇ ਜਾਂ ਬੰਦ ਇਸ ਨਾਲ ਸਰੋਤਾਂ ਤਕ ਦੀ ਪਹੁੰਚ 'ਤੇ ਕੋਈ ਅਸਰ ਨਹੀਂ ਪੈਂਦਾ ਹੈ। ਇਸ ਲਈ ਵਿਦਿਆਰਥੀਆਂ ਤੇ ਅਧਿਆਪਕਾਂ ਦੀਆਂ ਨਿਰੰਤਰ ਬਦਲ ਰਹੀਆਂ ਸਿਖਿਆਤਮਕ ਲੋੜਾਂ ਦੇ ਮੱਦੇ ਨਜ਼ਰ ਸਕੂਲ ਲਾਇਬ੍ਰੇਰੀ ਦੀਆਂ ਸਹੂਲਤਾਂ, ਉਪਕਰਨ ਅਤੇ ਸੰਗ੍ਰਹਿਆਂ ਨੂੰ ਵਿਕਸਤ ਕਰਨ ਦੀ ਲੋੜ ਹੈ।

## 4.2 ਸਹੂਲਤਾਂ

ਜਦੋਂ ਵੀ ਕਿਤੇ ਸਕੂਲ ਲਾਇਬ੍ਰੇਰੀ ਦੀ ਨਵੀ ਇਮਾਰਤ ਉਸਾਰਨ ਦੀ ਯੋਜਨਾਬੰਦੀ ਜਾਂ ਮੌਜੂਦਾ ਇਮਾਰਤ ਨੂੰ ਨਵਿਆਉਣ ਦੀ ਗੱਲ ਚੱਲੇ, ਓਦੋਂ ਸਕੂਲ ਲਾਇਬ੍ਰੇਰੀ ਦੇ ਕੰਮਾਂ ਤੇ ਇਸ ਦੀ ਵਰਤੋਂ ਦੇ ਮਹੱਤਵ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਸਕੂਲ ਲਾਇਬ੍ਰੇਰੀ ਦੁਆਰਾ ਨਿਭਾਈ ਜਾਂਦੀ ਵਿਦਿਅਕ ਭੂਮਿਕਾ ਉਸ ਰਾਹੀਂ ਪ੍ਰਦਾਨ ਕੀਤੀਆਂ ਜਾਂਦੀਆਂ ਉਕਤ ਸੁੱਖ ਸਹੂਲਤਾਂ ਵਿਚ ਪੇਸ਼ ਹੋਣੀ ਚਾਹੀਦੀ ਹੈ। ਅੱਜਕੱਲ੍ਹ ਅਨੇਕਾਂ ਸਕੂਲ ਲਾਇਬ੍ਰੇਰੀਆਂ 'ਸੂਚਨਾ ਤੇ ਸਿੱਖਿਆ ਦੇ ਸਾਂਝੇ ਸਥਾਨਾਂ' ਵਜੋਂ ਵਿਓਂਤਬੱਧ ਹੋ ਰਹੀਆਂ ਹਨ, ਜਿੱਥੇ ਵਰਤੋਂਕਾਰ 'ਸਹਿਭਾਗੀ ਸੱਭਿਆਚਾਰ' ਅਧੀਨ ਜਾਣਕਾਰੀ ਦੇ ਖਪਤਕਾਰਾਂ ਤੇ ਰਚੇਤਿਆਂ ਦੇ ਤੌਰ 'ਤੇ ਭਾਗ ਲੈਂਦੇ ਹਨ। ਇਹ ਸਥਾਨ ਉਨ੍ਹਾਂ ਸਰੋਤਾਂ, ਸਹੂਲਤਾਂ ਤੇ ਉਪਕਰਨਾਂ ਨੂੰ ਮੁਹੱਈਆ ਕਰਵਾਉਣ ਵਿਚ ਸਹਾਈ ਹੁੰਦੇ ਹਨ, ਜਿਹੜੇ ਜਾਣਕਾਰੀ ਦੀ ਸਿਰਜਣਾ ਤੇ ਰਵਾਇਤੀ ਸਿੱਖਿਆ ਦੇ ਨਾਲ-ਨਾਲ ਅਧਿਐਨ ਸਥਾਨਾਂ ਨੂੰ ਵਿਕਸਤ ਕਰਨ ਵਿਚ ਮਦਦਗਾਰ ਹੋਣ।

### 4.2.1 ਸਕੂਲ ਲਾਇਬ੍ਰੇਰੀ ਇਮਾਰਤ ਦੀ ਸਥਿਤੀ ਅਤੇ ਸਥਾਨ

ਸਕੂਲ ਲਾਇਬ੍ਰੇਰੀ ਦੀਆਂ ਸਹੂਲਤਾਂ ਦੇ ਅਕਾਰ ਤੇ ਵਿਓਂਤਬੰਦੀ ਲਈ ਆਲਮੀ ਪੱਧਰ ਦੇ ਮਿਆਰਾਂ ਦੀ ਅਣਹੋਂਦ ਪਾਈ ਜਾਂਦੀ ਹੈ ਪਰ ਫਿਰ ਵੀ ਇਨ੍ਹਾਂ ਸਹੂਲਤਾਂ ਲਈ ਉਸ ਪੈਮਾਨੇ ਦਾ ਹੋਣਾ ਫਾਇਦੇਮੰਦ ਹੈ, ਜਿਸ ਦੀ ਸਤ੍ਹਾ 'ਤੇ ਯੋਜਨਾਬੰਦੀ ਦੇ ਅੰਦਾਜ਼ੇ ਪਰਖੇ ਜਾਣੇ ਹਨ। ਅੱਜਕੱਲ੍ਹ ਲਾਇਬ੍ਰੇਰੀਆਂ ਦਾ ਸਰੋਤ-ਅਧਾਰਤ ਮੁਹਾਂਦਰਾ ਸਿਖਿਆਰਥੀ ਪੱਖੀ ਮਾਡਲ ਦਾ ਰੂਪ ਲੈ ਰਿਹਾ ਹੈ: ਸਕੂਲ ਤੇ ਅਕਾਦਮਕ ਲਾਇਬ੍ਰੇਰੀਆਂ ਅਕਸਰ ਸੂਚਨਾ ਤੇ ਸਿੱਖਿਆ ਦੇ ਸਾਂਝੇ ਸਥਾਨਾਂ ਵਿਚ ਵਿਓਂਤਬੱਧ ਹੋ ਰਹੀਆਂ ਹਨ। ਇਸ ਲਈ ਸਕੂਲ ਲਾਇਬ੍ਰੇਰੀ ਦੀਆਂ ਇਮਾਰਤੀ ਸਹੂਲਤਾਂ ਸਬੰਧੀ ਯੋਜਨਾਬੰਦੀ ਵਿਚ ਨਿਮਨਲਿਖਤ ਮਹੱਤਵਪੂਰਨ ਤੱਥ ਸ਼ਾਮਲ ਹੋਣੇ ਚਾਹੀਦਾ ਹਨ:

- ਸਕੂਲ ਵਿਚ ਲਾਇਬ੍ਰੇਰੀ ਇਮਾਰਤ ਦੀ ਸਥਿਤੀ ਕੇਂਦਰੀ ਹੋਣੀ ਚਾਹੀਦੀ ਹੈ ਤੇ ਜੇਕਰ ਮੁਮਕਨ ਹੋਵੇ ਤਾਂ ਇਹ ਭੂ ਤਲ ਉੱਤੇ ਪਹਿਲੀ ਮੰਜ਼ਲ ਵਿਚ ਸਥਿਤ ਹੋਵੇ;
- ਇਹ ਇਮਾਰਤ ਅਧਿਆਪਨ ਵਿਭਾਗਾਂ ਦੇ ਨੇੜੇ ਸਥਿਤ ਹੋਣੀ ਚਾਹੀਦੀ ਹੈ ਤਾਂ ਜੋ ਇਸ ਤਕ ਆਸਾਨੀ ਨਾਲ ਪਹੁੰਚਿਆ ਜਾ ਸਕੇ;

- ਸਕੂਲ ਲਾਇਬ੍ਰੇਰੀ ਦੇ ਨਿਰਵਿਘਨ ਕਾਰਜ ਨੂੰ ਯਕੀਨੀ ਬਣਾਉਣ ਲਈ ਇਸ ਦੇ ਕੁਝ ਹਿੱਸੇ ਬਾਹਰੀ ਸ਼ੋਰ ਸ਼ਰਾਬੇ ਤੋਂ ਮੁਕਤ ਹੋਣੇ ਚਾਹੀਦੇ ਹਨ;
- ਲਾਇਬ੍ਰੇਰੀ ਅੰਦਰ ਢੁੱਕਵੇਂ ਤੇ ਉਚਿਤ ਰੂਪ ਵਿਚ, ਕੁਦਰਤੀ ਤੇ ਬਨਾਵਟੀ ਪ੍ਰਕਾਸ਼ ਦਾ ਪ੍ਰਬੰਧ ਹੋਣਾ ਚਾਹੀਦਾ ਹੈ;
- ਲਾਇਬ੍ਰੇਰੀ ਅਮਲੇ ਦੀ ਸੁੱਖ ਸਹੂਲਤ ਤੇ ਸਰੋਤ ਸੰਗ੍ਰਹਿਆਂ ਨੂੰ ਸੁਰੱਖਿਅਤ ਤੇ ਸੰਭਾਲਣ ਦੇ ਮੱਦੇਨਜ਼ਰ ਢੁੱਕਵਾਂ ਤਾਪਮਾਨ (ਠੰਡੀ ਤੇ ਗਰਮ ਹਵਾ) ਮੁਹੱਈਆ ਕਰਵਾਉਣਾ ਚਾਹੀਦਾ ਹੈ;
- ਵਿਸ਼ੇਸ਼ ਲੋੜਾਂ ਵਾਲੇ ਲਾਇਬ੍ਰੇਰੀ ਵਰਤੋਂਕਾਰਾਂ (ਅੰਗਹੀਣਾਂ) ਲਈ ਉਚਿਤ ਵਿਓਂਤਬੰਦੀ ਹੋਣੀ ਚਾਹੀਦੀ ਹੈ;
- ਪੁਸਤਕਾਂ ਦੇ ਸੰਗ੍ਰਹਿਆਂ, ਕਾਲਪਨਿਕ ਤੇ ਗੈਰ-ਕਾਲਪਨਿਕ ਸਾਹਿਤ, ਜਿਲਦਾਂ ਤੇ ਬਿਨ ਜਿਲਦਾਂ ਦੀਆਂ ਪੁਸਤਕਾਂ, ਅਖਬਾਰਾਂ ਤੇ ਰਸਾਲਿਆਂ, ਡਿਜੀਟਲ ਸਰੋਤ ਤੇ ਇਸ ਦੇ ਭੰਡਾਰ, ਅਧਿਐਨ ਸਥਾਨ, ਪਠਨ ਸਥਾਨ, ਕੰਪਿਊਟਰਾਂ, ਨੁਮਾਇਸ਼ ਖੇਤਰ ਅਤੇ ਲਾਇਬ੍ਰੇਰੀ ਅਮਲੇ ਦੇ ਕੰਮਾਂ ਲਈ ਉਚਿਤ ਆਕਾਰ ਦੇ ਸਥਾਨਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ;
- ਲਾਇਬ੍ਰੇਰੀ ਇਮਾਰਤ ਵਿਚ ਲਚਕ ਹੋਣੀ ਚਾਹੀਦੀ ਹੈ ਤਾਂ ਜੋ ਪਾਠਕ੍ਰਮ ਤੇ ਤਕਨਾਲੋਜੀ ਦੀਆਂ ਭਵਿਖਤ ਤਬਦੀਲੀਆਂ ਕਾਰਨ ਲਾਇਬ੍ਰੇਰੀ ਸਰਗਰਮੀਆਂ ਨੂੰ ਨਿਰਵਿਘਨ ਚਲਾਇਆ ਜਾ ਸਕੇ।

### 4.2.2 ਸਕੂਲ ਲਾਇਬ੍ਰੇਰੀ ਇਮਾਰਤ ਦੀ ਵਿਵਸਥਾ

ਲਾਇਬ੍ਰੇਰੀ ਇਮਾਰਤ ਨਿਮਨਲਿਖਤ ਲੁੜੀਂਦੇ ਕੰਮਕਾਜੀ ਖੇਤਰਾਂ ਵਿਚ ਵੰਡੀ ਹੋਣੀ ਚਾਹੀਦੀ ਹੈ:

- ਅਧਿਐਨ ਤੇ ਖੋਜ ਖੇਤਰ - ਜਿੱਥੇ ਸੂਚਨਾ ਡੈਸਕ, ਸੂਚੀ-ਪੱਤਰਾਂ, ਕੰਪਿਊਟਰਾਂ, ਫਰਨੀਚਰ, ਸੰਦਰਭ ਸਰੋਤਾਂ ਅਤੇ ਬੁਨਿਆਦੀ ਪੁਸਤਕ ਸੰਗ੍ਰਹਿਆਂ ਲਈ ਥਾਂ ਮੁਹੱਈਆ ਹੋਵੇ;
- ਗੈਰਰਸਮੀ ਪਠਨ ਖੇਤਰ - ਪੁਸਤਕਾਂ ਤੇ ਰਸਾਲਿਆਂ ਨਾਲ ਭਰਪੂਰ ਉਹ ਖੇਤਰ ਜੋ ਸਾਖਰਤਾ, ਤਾ-ਉਮਰ ਸਿੱਖਿਆ ਅਤੇ ਆਨੰਦਦਾਇਕ ਪਠਨ ਨੂੰ ਪ੍ਰਫੁਲਿਤ ਕਰਦਾ ਹੋਵੇ;
- ਸਿਖਿਆਤਮਕ ਖੇਤਰ – ਬੈਠਣ ਦੀ ਸਹੂਲਤ ਪ੍ਰਦਾਨ ਕਰਦਾ ਤੇ ਢੁੱਕਵੀਂ ਵਿਦਿਅਕ ਤਕਨਾਲੋਜੀ ਨਾਲ ਲੈਸ ਅਜਿਹਾ ਸਥਾਨ, ਜੋ ਵਿਦਿਆਰਥੀਆਂ ਦੀਆਂ ਛੋਟੀਆਂ-ਵੱਡੀਆਂ ਟੋਲੀਆਂ ਤੇ ਜਮਾਤਾਂ ਨੂੰ ਰਸਮੀ ਜਾਣਕਾਰੀ ਦੇਣ ਲਈ ਜ਼ਰੂਰੀ ਹੈ। ਆਮ ਤੌਰ 'ਤੇ ਅਜਿਹੇ ਸਥਾਨ ਦਾ ਸੁਝਾਅ ਦਿੱਤਾ ਜਾਂਦਾ ਹੈ, ਜਿੱਥੇ ਵਿਦਿਆਰਥੀਆਂ ਦੀ ਕੁਲ ਅਬਾਦੀ ਦਾ 10 ਫ਼ੀਸਦੀ ਹਿੱਸਾ ਇਕੋ ਸਮੇਂ ਸੌਖਿਆਂ ਬੈਠ ਸਕਦਾ ਹੋਵੇ;
- ਸੰਚਾਰ ਮਾਧਿਅਮ ਦੇ ਉਤਪਾਦਨ ਤੇ ਸਮੂਹਕ ਪ੍ਰਾਜੈੱਕਟ ਖੇਤਰ – ਵਿਦਿਆਰਥੀ ਲਈ ਅਜਿਹਾ ਢੁੱਕਵਾਂ ਸਥਾਨ, ਜਿਸ ਨੂੰ ਆਮ ਤੌਰ 'ਤੇ ਲੈਬ ਜਾਂ ਕਾਰਖ਼ਾਨਾ (ਮੇਕਰਸਪੇਸ) ਆਖਿਆ ਜਾਂਦਾ ਹੈ; ਅਤੇ
- ਪ੍ਰਸ਼ਾਸਨਕੀ ਬਲਾਕ – ਜਿੱਥੇ ਪੁਸਤਕਾਂ ਨੂੰ ਜਾਰੀ ਤੇ ਵਾਪਸ ਕਰਨ ਦੇ ਸਥਾਨ, ਦਫਤਰੀ ਖੇਤਰ, ਸਰੋਤ ਪ੍ਰਾਪਤੀ ਤੇ ਤਕਨੀਕੀ ਪ੍ਰਕਿਰਿਆ ਦੇ ਖੇਤਰ, ਪੁਸਤਕਾਂ ਤੇ ਸਾਜ਼-ਸਮਾਨ ਨੂੰ ਰੱਖਣ ਤੇ ਸਾਂਭਣ ਦਾ ਪ੍ਰਬੰਧ ਹੋਵੇ।

### 4.2.3 ਭੌਤਿਕ ਅਤੇ ਡਿਜੀਟਲ ਪਹੁੰਚ

ਲਾਇਬ੍ਰੇਰੀ ਵਿਚਲੀਆਂ ਸੁੱਖ ਸਹੂਲਤਾਂ, ਉਪਕਰਨ ਅਤੇ ਸਰੋਤ ਸੰਗ੍ਰਹਿਆਂ ਦੀ ਵਰਤੋਂ ਲਈ ਲਾਇਬ੍ਰੇਰੀ ਤਕ ਪਾਠਕਾਂ ਦੀ ਭੌਤਿਕ ਤੇ ਡਿਜੀਟਲ ਪਹੁੰਚ ਨੂੰ ਵਧਾਉਣਾ ਚਾਹੀਦਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਮੌਜੂਦਾ ਤਕਨਾਲੋਜੀ ਮਦਦਗਾਰ ਸਾਬਤ ਹੁੰਦੀ ਹੈ, ਜਿਸ ਦੇ ਮਾਧਿਅਮ ਰਾਹੀਂ ਸਕੂਲ ਲਾਇਬ੍ਰੇਰੀ ਦੇ ਡਿਜੀਟਲ ਸਰੋਤਾਂ ਤਕ ਦੀ ਪਹੁੰਚ ਨੂੰ ਸਕੂਲ ਦੇ ਅੰਦਰੂਨੀ ਤੇ ਬਾਹਰੀ ਹਿੱਸਿਆਂ ਵਿਚ ਕਿਸੇ ਵੀ ਵਕਤ ਮੁਹੱਈਆ ਕਰਵਾਇਆ ਜਾ ਸਕਦਾ ਹੈ। ਜਿੱਥੇ ਲਾਇਬ੍ਰੇਰੀ ਅਮਲਾ ਸੀਮਤ ਹੈ, ਓਥੇ ਨਿਗਰਾਨੀ ਦੇ ਪ੍ਰਸੰਗ ਵਿਚ ਸਿਖਲਾਈ ਪ੍ਰਾਪਤ ਵਿਦਿਆਰਥੀਆਂ ਤੇ ਬਾਲਗ ਰਜਾਕਾਰਾਂ ਤੋਂ ਕੰਮ ਕਰਵਾਉਣ ਬਾਬਤ ਸੋਚਿਆ ਜਾਣਾ ਚਾਹੀਦਾ ਹੈ।

## 4.3 ਸਰੋਤ ਸੰਗ੍ਰਹਿ ਦਾ ਵਿਕਾਸ ਅਤੇ ਪ੍ਰਬੰਧਨ

ਸਕੂਲ ਲਾਇਬ੍ਰੇਰੀ ਦੇ ਸਮੁੱਚੇ ਵਰਤੋਂਕਾਰਾਂ ਦੀਆਂ ਵਿਭਿੰਨ ਸਿਖਿਆਤਮਕ ਲੋੜਾਂ ਦੀ ਪੂਰਤੀ ਲਈ ਵੱਖ-ਵੱਖ ਕਿਸਮਾਂ ਦੇ ਭੌਤਿਕ ਤੇ ਡਿਜੀਟਲ ਸੂਚਨਾ ਸਰੋਤਾਂ ਦੀ ਲੋੜ ਹੁੰਦੀ ਹੈ। ਇਸ ਲਈ ਸਕੂਲ ਲਾਇਬ੍ਰੇਰੀ ਸਰੋਤ ਸੰਗ੍ਰਹਿਆਂ ਨੂੰ ਨਿਰੰਤਰ ਵਿਕਸਤ ਕਰਦੇ ਰਹਿਣਾ ਚਾਹੀਦਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਇਕ ਨੀਤੀ ਉਲੀਕੀ ਜਾਂਦੀ ਹੈ, ਜਿਸ ਨੂੰ ਸੰਗ੍ਰਹਿ ਪ੍ਰਬੰਧਨ ਨੀਤੀ ਕਿਹਾ ਜਾਂਦਾ ਹੈ। ਇਹ ਨੀਤੀ ਉੱਚ ਗੁਣਵੱਤਾ ਭਰਪੂਰ ਅਨੇਕਾਂ ਸਰੋਤਾਂ ਨੂੰ ਮੁਹੱਈਆ ਕਰਵਾਉਣ ਵਿਚ ਸਹਾਈ ਹੁੰਦੀ ਹੈ। ਇਸ ਵਿਚ ਸਰੋਤ ਸੰਗ੍ਰਹਿ ਦੇ ਉਦੇਸ਼, ਕਾਰਜ ਖੇਤਰ ਅਤੇ ਵਿਸ਼ਾ-ਵਸਤੂ ਦੇ ਨਾਲ-ਨਾਲ ਬਾਹਰੀ ਪੁਸਤਕਾਂ ਤਕ ਦੀ ਪਹੁੰਚ (ਇੰਟਰ-ਲਾਇਬ੍ਰੇਰੀ ਲੋਨ ਅਤੇ ਸਰੋਤਾਂ ਦੀ ਪਰਸਪਰ ਸਾਂਝ) ਨੂੰ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਇਸ ਤੋਂ ਅਲਾਹਿਦਾ, ਡਿਜੀਟਲ ਸਰੋਤ; ਜਿਵੇਂਕਿ, ਬਿਜ-ਪੁਸਤਕਾਂ (ਸੰਦਰਭ, ਕਾਲਪਨਿਕ, ਗੈਰ-ਕਾਲਪਿਨਕ), ਆਨਲਾਈਨ ਡੈਟਾਬੇਸ, ਆਨਲਾਈਨ ਅਖਬਾਰਾਂ ਤੇ ਰਸਾਲੇ, ਵੀਡੀਓ ਖੇਡਾਂ ਅਤੇ ਬਹੁ-ਸੰਚਾਰ ਮਾਧਿਅਮ ਦੀ ਸਿਖਿਆਤਮਕ ਸਮੱਗਰੀ ਸਕੂਲ ਲਾਇਬ੍ਰੇਰੀ ਸੰਗ੍ਰਹਿ ਦੇ ਮਹੱਤਵਪੂਰਨ ਅੰਗ ਬਣ ਰਹੇ ਹਨ, ਜਿਨ੍ਹਾਂ ਬਾਬਤ ਸੋਚਣਾ ਅੱਜ ਦੀ ਲੋੜ ਹੈ।

ਵਿਦਿਆਰਥੀਆਂ ਦੀਆਂ ਸਿਖਿਆਤਮਕ ਲੋੜਾਂ ਦੀ ਪੂਰਤੀ ਕਰਦੇ ਸਰੋਤ ਸੰਗ੍ਰਹਿਆਂ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਕੋਲ ਲਾਇਬ੍ਰੇਰੀ ਅਮਲੇ ਤੇ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਲਈ ਸਰੋਤ ਸੰਗ੍ਰਹਿ ਵੀ ਹੋਣਾ ਚਾਹੀਦਾ ਹੈ; ਜਿਵੇਂਕਿ, ਸਕੂਲੀ ਸਿੱਖਿਆ ਸਬੰਧੀ ਸਰੋਤ ਸਮੱਗਰੀ, ਪੜ੍ਹਾਏ ਜਾਂਦੇ ਵਿਸ਼ਿਆਂ ਬਾਬਤ ਦਸਤਾਵੇਜ਼ ਅਤੇ ਉਹ ਪੁਸਤਕਾਂ ਜਿਨ੍ਹਾਂ ਵਿਚ ਪੜਾਉਣ ਦੀਆਂ ਨਵੀਆਂ ਵਿਧੀਆਂ ਤੇ ਤਰੀਕਿਆਂ ਦਾ ਜ਼ਿਕਰ ਹੋਵੇ। ਇਸ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਕੋਲ ਵਿਦਿਆਰਥੀਆਂ ਦੇ ਮਾਪਿਆਂ ਤੇ ਸਰਪ੍ਰਸਤਾਂ ਵਾਸਤੇ ਵੀ ਇਕ ਰਾਖਵਾਂ ਸਰੋਤ ਸੰਗ੍ਰਹਿ ਹੋਣਾ ਚਾਹੀਦਾ ਹੈ।

> *ਉਦਾਹਰਨ*
>
> ਇਟਲੀ ਦੀ ਰਾਜਧਾਨੀ ਰੋਮ ਵਿਚ, ਮੁਢਲੇ ਸਕੂਲ ਦੀ ਲਾਇਬ੍ਰੇਰੀ ਵਿਚ ਇਕ 'ਮਾਪਿਆਂ ਦੀ ਅਲਮਾਰੀ' ਹੁੰਦੀ ਹੈ, ਜਿਸ ਵਿਚ ਬੱਚਿਆਂ ਦੇ ਮਨੋਵਿਗਿਆਨ, ਵਿੱਦਿਆ ਅਤੇ ਨਿਸ਼ਚਤ ਪੱਖਾਂ (ਬੱਚਿਆਂ ਦੇ ਡਰ ਤੇ ਸਵੈ-ਵਿਸ਼ਵਾਸ) ਨਾਲ ਸਬੰਧਤ ਸਰੋਤ ਮੌਜੂਦ ਹੁੰਦੇ ਹਨ।

### 4.3.1 ਸੰਗ੍ਰਹਿ ਪ੍ਰਬੰਧਨ ਨੀਤੀਆਂ ਅਤੇ ਪ੍ਰਕਿਰਿਆਵਾਂ

ਜਿਵੇਂਕਿ ਉੱਪਰ ਦੱਸਿਆ ਜਾ ਚੁੱਕਾ ਹੈ ਕਿ ਸਕੂਲ ਲਾਇਬ੍ਰੇਰੀ ਸਰੋਤ ਸੰਗ੍ਰਹਿ ਦੇ ਵਿਕਾਸ ਲਈ ਇਕ ਸੰਗ੍ਰਹਿ ਪ੍ਰਬੰਧਨ ਨੀਤੀ ਉਲੀਕਦੀ ਹੈ। ਇਸ ਨੀਤੀ ਦੇ ਵਿਕਾਸ ਲਈ ਸਕੂਲ ਲਾਇਬ੍ਰੇਰੀਅਨ ਸਕੂਲ ਦੇ ਹੋਰ ਕਰਮਚਾਰੀਆਂ (ਪ੍ਰਬੰਧਕਾਂ ਤੇ ਅਧਿਆਪਕਾਂ) ਨਾਲ ਮਿਲ ਕੇ ਕੰਮ ਕਰਦਾ ਹੈ। ਜ਼ਿਕਰਯੋਗ ਹੈ ਕਿ ਅਜਿਹੀ ਨੀਤੀ ਦਾ ਢਾਂਚਾ ਪਾਠਕ੍ਰਮ ਤੇ ਸਕੂਲ ਭਾਈਚਾਰੇ ਦੇ ਲੋਕਾਂ ਦੀਆਂ ਅਸਲ ਲੋੜਾਂ ਤੇ ਹਿੱਤਾਂ 'ਤੇ ਅਧਾਰਤ ਹੋਣ ਦੇ ਨਾਲ-ਨਾਲ ਸਕੂਲ ਤੋਂ ਬਾਹਰੀ ਸਮਾਜ ਦੀ ਵਿਭਿੰਨਤਾ ਨੂੰ ਵੀ ਪੇਸ਼ ਕਰਦਾ ਹੋਣਾ ਚਾਹੀਦਾ ਹੈ।

ਸੰਗ੍ਰਹਿ ਪ੍ਰਬੰਧਨ ਨੀਤੀ ਵਿਚ ਸ਼ਾਮਲ ਕਰਨ ਯੋਗ ਮਹੱਤਵਪੂਰਨ ਤੱਤ:

- ਸਕੂਲ ਲਾਇਬ੍ਰੇਰੀ ਦਾ ਟੀਚਾ, ਜੋ *ਇਫਲਾ/ਯੂਨੈਸਕੋ ਸਕੂਲ ਲਾਇਬ੍ਰੇਰੀ ਘੋਸ਼ਣਾ-ਪੱਤਰ* ਨਾਲ ਇਕਸਾਰ ਹੁੰਦਾ ਹੋਵੇ;
- ਬੌਧਿਕ ਤੇ ਜਾਣਕਾਰੀ ਹਾਸਲ ਕਰਨ ਦੀ ਅਜ਼ਾਦੀ ਸਬੰਧੀ ਬਿਆਨ;
- ਨੀਤੀ ਦਾ ਮੰਤਵ ਤੇ ਇਸ ਦਾ ਕੌਮੀ, ਨਸਲੀ, ਸੱਭਿਆਚਾਰਕ, ਭਾਸ਼ਾਈ, ਸੁਦੇਸ਼ੀ ਆਦਿ ਤੱਤਾਂ ਨਾਲ ਸਬੰਧ;
- ਸਰੋਤਾਂ ਦੀ ਵਿਵਸਥਾ ਸਬੰਧੀ ਥੋੜੀ ਤੇ ਜ਼ਿਆਦਾ ਮਿਆਦ ਵਾਲੇ ਉਦੇਸ਼;
- ਸੰਗ੍ਰਹਿ ਪ੍ਰਬੰਧਨ ਫੈਸਲਿਆਂ ਬਾਬਤ ਜ਼ੁੰਮੇਵਾਰੀਆਂ।

ਇਸ ਨੀਤੀ ਵਿਚ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੀਦੀ ਹੈ ਕਿ ਸਰੋਤ ਸੰਗ੍ਰਹਿ ਦਾ ਵਿਕਾਸ ਇਕ ਸਾਂਝਾ ਉੱਦਮ ਹੈ, ਜਿਸ ਵਿਚ ਸਕੂਲੀ ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਦੀਆਂ ਅਸਲ ਲੋੜਾਂ ਨੂੰ ਜਾਣਦੇ ਹੋਏ ਵਿਸ਼ੇ ਦੇ ਮਾਹਰਾਂ ਵਜੋਂ ਭਾਗ ਲੈਣਾ ਚਾਹੀਦਾ ਹੈ। ਇਸ ਨੀਤੀ ਵਿਚ ਸਰੋਤਾਂ ਸਬੰਧੀ ਲਏ ਗਏ ਫੈਸਲਿਆਂ ਨੂੰ ਮੁੜ ਵਿਚਾਰਨ ਦੀ ਵਿਵਸਥਾ

ਸ਼ਾਮਲ ਹੋਣੀ ਚਾਹੀਦੀ ਹੈ ਤਾਂ ਜੋ ਲਾਇਬ੍ਰੇਰੀ ਸੰਗ੍ਰਹਿ ਵਿਚ ਉਹ ਸਰੋਤ ਹਾਸਲ ਕੀਤੇ ਜਾਣ ਜੋ ਬੌਧਿਕ ਅਜ਼ਾਦੀ ਤੇ ਬੱਚਿਆਂ ਦੇ ਜਾਣਨ ਦੇ ਅਧਿਕਾਰਾਂ ਨਾਲ ਮੇਲ ਖਾਂਦੇ ਹੋਣ। ਇਸ ਵਿਵਸਥਾ ਤਹਿਤ ਸਰੋਤ ਸਮੱਗਰੀ ਦੀ ਕਾਂਟ-ਛਾਂਟ ਜਾਂ ਸੁਧਾਈ ਦੇ ਵਿਰੋਧੀ ਯਤਨਾਂ ਨੂੰ ਠੱਲ ਪਾਉਣ ਲਈ ਸਕੂਲ ਲਾਇਬ੍ਰੇਰੀਅਨ ਦੀ ਜ਼ੁੰਮੇਵਾਰੀ ਵੀ ਤਹਿ ਹੋਵੇ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਸ ਜ਼ੁੰਮੇਵਾਰੀ ਦਾ ਮੰਤਵ ਸਰੋਤਾਂ ਤਕ ਦੀ ਪਹੁੰਚ ਨੂੰ ਸੀਮਤ ਕਰਨਾ ਹੈ ਜਾਂ ਵਧਾਉਣਾ।

ਜਿੱਥੋਂ ਤਕ ਸਕੂਲ ਲਾਇਬ੍ਰੇਰੀ ਸੰਗ੍ਰਹਿ ਦੇ ਵਿਕਾਸ ਤੇ ਪ੍ਰਬੰਧ ਨਾਲ ਸਬੰਧਤ ਪ੍ਰਕਿਰਿਆਵਾਂ ਦਾ ਸਵਾਲ ਹੈ, ਇਹ ਸਪੱਸ਼ਟ ਰੂਪ ਵਿਚ ਇਕ ਵੱਖਰੇ ਦਸਤਾਵੇਜ਼ ਵਿਚ ਜਾਂ ਉਪਰੋਕਤ ਸੰਗ੍ਰਹਿ ਪ੍ਰਬੰਧਨ ਨੀਤੀ ਦੇ ਦਸਤਾਵੇਜ਼ ਦੀ ਅੰਤਿਕਾ ਦੇ ਰੂਪ ਵਿਚ ਦਰਜ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਕਾਰਜ ਪ੍ਰਣਾਲੀਆਂ ਦੀ ਨੇਮਾਵਲੀ ਨੂੰ ਸਰੋਤਾਂ ਦੀ ਚੋਣ ਤੇ ਪ੍ਰਾਪਤੀ ਬਾਬਤ ਦਿਸ਼ਾ ਪ੍ਰਦਾਨ ਕਰਦਿਆਂ ਉਹ ਸਾਰਥਕ ਮਿਆਰ ਵੀ ਮੁਹੱਈਆ ਕਰਵਾਉਣੇ ਚਾਹੀਦੇ ਹਨ, ਜਿਨ੍ਹਾਂ ਦੇ ਮਾਧਿਅਮ ਰਾਹੀਂ ਪ੍ਰਾਪਤ ਕੀਤੇ ਗਏ ਨਵੇਂ ਸਰੋਤਾਂ ਦੀ ਪ੍ਰਕਿਰਿਆ ਤੇ ਵਿਵਸਥਾ (ਸੂਚੀ-ਪੱਤਰ ਬਣਾਉਣਾ, ਸਰੋਤਾਂ ਦਾ ਵਰਗੀਕਰਨ ਕਰਨਾ, ਅਲਮਾਰੀ ਵਿਚ ਉਨ੍ਹਾਂ ਦੀ ਸਥਿਤੀ ਤਹਿ ਕਰਨਾ) ਅਸਾਨ ਤਰੀਕੇ ਨਾਲ ਕੀਤੀ ਜਾ ਸਕੇ। ਇਸ ਤੋਂ ਅਲਾਹਿਦਾ, ਇਸ ਨੇਮਾਵਲੀ ਵਿਚ ਸੂਚਨਾ ਸਰੋਤਾਂ ਦੀ ਸਾਂਭ-ਸੰਭਾਲ, ਮੁਰੰਮਤ ਅਤੇ ਖਾਰਜ ਕਰਨ ਦੇ ਮਹੱਤਵਪੂਰਨ ਕਾਰਜਾਂ ਦੀ ਵੀ ਵਿਵਸਥਾ ਹੋਣੀ ਚਾਹੀਦੀ ਹੈ। ਇਸ ਵਿਚ ਸਥਾਨਕ ਤੇ ਆਲਮੀ ਪੱਧਰ 'ਤੇ ਸਿਰਜੇ ਗਏ ਉਨ੍ਹਾਂ ਸੂਚਨਾ ਸਰੋਤਾਂ ਨੂੰ ਹਾਸਲ ਕਰਨ ਲਈ ਮਾਰਗ-ਦਰਸ਼ਨ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿਚ ਸਕੂਲ ਭਾਈਚਾਰੇ ਦੇ ਮੈਂਬਰਾਂ ਦੇ ਕੌਮੀ, ਨਸਲੀ, ਸੱਭਿਆਚਾਰਕ, ਭਾਸ਼ਾਈ, ਸੁਦੇਸ਼ੀ ਆਦਿ ਤੱਤਾਂ ਦੀ ਪੇਸ਼ਕਾਰੀ ਕੀਤੀ ਗਈ ਹੋਵੇ। ਇਸ ਨੇਮਾਵਲੀ ਵਿਚ ਉਨ੍ਹਾਂ ਸੇਧਾਂ ਦੀ ਵੀ ਵਿਵਸਥਾ ਹੋਣੀ ਚਾਹੀਦੀ ਹੈ, ਜਿਨ੍ਹਾਂ ਜ਼ਰੀਏ ਵਿਵਾਦਪੂਰਨ ਸਰੋਤਾਂ ਨੂੰ ਮੁੜ ਵਿਚਾਰਿਆ ਜਾਣਾ ਹੈ।

> *ਉਦਾਹਰਨ*
>
> ਫਰਾਂਸ ਵਿਚ, ਸਕੂਲ ਲਾਇਬ੍ਰੇਰੀਅਨ ਸਕੂਲ ਭਾਈਚਾਰੇ ਦੇ ਲੋਕਾਂ ਦੀ ਸਲਾਹ ਨਾਲ ਸੂਚਨਾ ਸਰੋਤਾਂ ਦੀ ਪ੍ਰਾਪਤੀ ਲਈ ਇਕ ਰੂਪ ਰੇਖਾ ਬਣਾਉਂਦਾ ਹੈ, ਜਿਹੜੀ ਸਕੂਲ ਦੇ ਪਾਠਕ੍ਰਮ ਤੇ ਵਿਦਿਅਕ ਨੀਤੀਆਂ ਨਾਲ ਜੁੜੀ ਹੁੰਦੀ ਹੈ। ਵਧੇਰੇ ਜਾਣਕਾਰੀ ਲਈ ਸਰੋਤ ਪ੍ਰਾਪਤੀ ਨੀਤੀ ਦੇ 10 ਨੇਮਾਂ ਨੂੰ ਵੇਖਿਆ ਜਾ ਸਕਦਾ ਹੈ, ਜਿਸਦੀ ਕੜ੍ਹੀ ਇਸ ਪ੍ਰਕਾਰ ਹੈ:
> www.cndp.fr/savoirscdi/centre-de-ressources/fonds-documentaire-acquisition-traitement/les-10-commandements-dune-politique-dacquisition.html

### 4.3.2 ਡਿਜੀਟਲ ਸਰੋਤਾਂ ਨਾਲ ਸਬੰਧਤ ਮਸਲੇ

ਸੂਚਨਾ-ਅਧਾਰਤ ਸਮਾਜ ਵਿਚ ਸਕੂਲ ਲਾਇਬ੍ਰੇਰੀ ਜਾਣਕਾਰੀ ਹਾਸਲ ਕਰਨ ਵਾਲੇ ਇਕ ਸਾਰਥਕ ਕੇਂਦਰ ਦੇ ਰੂਪ ਵਿਚ ਆਪਣਾ ਮਹੱਤਵਪੂਰਨ ਕਾਰਜ ਨਿਭਾਉਂਦੀ ਹੈ। ਇਸ ਲਈ ਇਸ ਨੂੰ ਰਵਾਇਤੀ ਭੌਤਿਕ ਸਰੋਤਾਂ ਦੇ ਨਾਲ-ਨਾਲ ਸੂਚਨਾ ਦੇ ਉਨ੍ਹਾਂ ਡਿਜੀਟਲ/ਬਿਜਲਾਣਵੀ ਸਰੋਤਾਂ ਤਕ ਵੀ ਪਹੁੰਚ ਮੁਹੱਈਆ ਕਰਵਾਉਣੀ ਚਾਹੀਦੀ ਹੈ, ਜਿਨ੍ਹਾਂ ਵਿਚ ਵਰਤੋਂਕਾਰਾਂ ਦੇ ਹਿੱਤ ਤੇ ਸੱਭਿਆਚਾਰਕ ਤੱਤ ਰੂਪਮਾਨ ਹੋਣ। ਸੂਚਨਾ-ਸੰਚਾਰ ਦੇ ਸਮਾਜਕ ਮਾਧਿਅਮ (ਸੋਸ਼ਲ ਮੀਡੀਆ) ਦੇ ਸਹਿਯੋਗ ਦੁਆਰਾ ਉੱਭਰ ਰਹੇ ਸਹਿਭਾਗੀ ਸੱਭਿਆਚਾਰ ਨੇ ਲਾਇਬ੍ਰੇਰੀ ਵਰਤੋਂਕਾਰ ਦੀ ਭੂਮਿਕਾ ਨੂੰ ਵਧਾਉਣ ਵਿਚ ਇਕ ਅਸਰਦਾਰ ਯੋਗਦਾਨ ਪਾਇਆ ਹੈ। ਹੁਣ ਉਹ ਜਾਣਕਾਰੀ ਦੇ ਖਪਤਕਾਰ ਤੇ ਰਚੇਤਾ ਦੇ ਤੌਰ 'ਤੇ ਭਾਗ ਲੈਂਦਾ ਹੈ। ਇਸ ਦੇ ਨਤੀਜੇ ਵਜੋਂ ਸਕੂਲ ਲਾਇਬ੍ਰੇਰੀਅਨਾਂ ਨੂੰ ਕੰਪਿਊਟਰ ਲੈਬਾਂ ਮੁਹੱਈਆਂ ਕਰਵਾਉਣ ਬਾਬਤ ਵਿਚਾਰ ਕਰਨ ਦੀ ਲੋੜ ਹੈ, ਜਿੱਥੇ ਡਿਜੀਟਲ ਸੂਚਨਾ ਉਤਪਾਦਾਂ (ਵੀਡੀਓ, ਬਲਾਗ, ਪੌਡਕਾਸਟ, 3ਡੀ ਪ੍ਰਾਜੈੱਕਟ, ਇਸ਼ਤਿਹਾਰ, ਸੂਚਨਾ-ਚਿੱਤਰ) ਦੇ ਨਿਰਮਾਣ ਸਮੇਤ ਵਿਹਾਰਕ ਅਨੁਭਵ ਪ੍ਰਾਪਤ ਕਰਨ ਦੀਆਂ ਸਰਗਰਮੀਆਂ ਲਈ ਲਾਜ਼ਮੀ ਸਾਜ਼-ਸਮਾਨ ਤੇ ਕੰਪਿਊਟਰ ਮੌਜੂਦ ਹੋਣ।

ਡਿਜੀਟਲ ਦਸਤਾਵੇਜ਼ਾਂ ਤੇ ਇੰਟਰਨੈੱਟ ਸਾਧਨਾਂ ਦੀ ਵੱਧ ਰਹੀ ਮੌਜੂਦਗੀ ਨੂੰ ਧਿਆਨ ਵਿਚ ਰੱਖਦੇ ਹੋਏ ਸਰੋਤਾਂ ਦੇ ਵਰਗੀਕਰਨ ਤੇ ਸੂਚੀ-ਪੱਤਰ ਤਿਆਰ ਕਰਨ ਲਈ ਸਕੂਲ ਲਾਇਬ੍ਰੇਰੀ ਦੀ ਸੂਚੀ-ਪੱਤਰ ਵਿਧੀ ਨੂੰ ਆਲਮੀ ਤੇ ਕੌਮੀ ਪੱਧਰ 'ਤੇ ਪ੍ਰਵਾਨਿਤ ਬਿਬਲੀਓਗ੍ਰਾਫ਼ਿਕ ਮਿਆਰਾਂ ਤਹਿਤ ਢੁੱਕਵਾਂ ਹੋਣ ਦੀ ਲੋੜ ਹੈ ਤਾਂ ਜੋ ਇੰਟਰਨੈੱਟ ਦੇ ਇਸ ਵਿਆਪਕ ਤਾਣੇ-ਬਾਣੇ ਵਿਚ ਸਕੂਲ ਲਾਇਬ੍ਰੇਰੀ ਦੀ ਸ਼ਮੂਲੀਅਤ ਸੌਖੇ ਤਰੀਕੇ ਨਾਲ ਹੋ ਸਕੇ। ਦੁਨੀਆਂ ਭਰ ਦੇ ਅਨੇਕਾਂ ਸਥਾਨਾਂ ਵਿਚ ਸਕੂਲ ਲਾਇਬ੍ਰੇਰੀਆਂ ਸਾਂਝੇ ਸੂਚੀ-ਪੱਤਰ (ਯੂਨੀਅਨ ਕੈਟਾਲਾਗ) ਦੇ ਮਾਧਿਅਮ ਰਾਹੀਂ ਸਥਾਨਕ ਜਾਂ ਖੇਤਰੀ ਪੱਧਰ ਦੇ ਲਾਇਬ੍ਰੇਰੀ ਭਾਈਚਾਰੇ ਨਾਲ

ਇਕੱਠਿਆਂ ਜੁੜੇ ਹੋਣ ਦਾ ਫਾਇਦਾ ਲੈ ਰਹੀਆਂ ਹਨ। ਸਹਿਯੋਗ ਦੇ ਅਜਿਹੇ ਯਤਨ ਲਾਇਬ੍ਰੇਰੀ ਸਰੋਤਾਂ ਦੀ ਚੋਣ, ਸੂਚੀ-ਪੱਤਰ ਅਤੇ ਪ੍ਰਕਿਰਿਆਵਾਂ ਦੇ ਕੰਮਾਂ ਦੀ ਨਿਪੁੰਨਤਾ ਤੇ ਗੁਣਵੱਤਾ ਵਧਾ ਸਕਦੇ ਹਨ। ਇਸ ਤੋਂ ਇਲਾਵਾ, ਇਹ ਵੱਖ-ਵੱਖ ਸਕੂਲ ਲਾਇਬ੍ਰੇਰੀਆਂ ਦੇ ਸਰੋਤਾਂ ਨੂੰ ਇਕ ਜਗ੍ਹਾ ਇਕੱਠਾ ਕਰਕੇ ਉਨ੍ਹਾਂ ਦੀ ਵੱਧ ਤੋਂ ਵੱਧ ਵਰਤੋਂ ਕਰਵਾਉਣ ਦੇ ਮਹੱਤਵਪੂਰਨ ਕਾਰਜ ਨੂੰ ਸੌਖਾਲਾ ਬਣਾ ਦਿੰਦਾ ਹੈ। ਕੁਝ ਸਥਾਨਾਂ ਵਿਚ ਸਕੂਲ ਲਾਇਬ੍ਰੇਰੀਆਂ ਪਰਸਪਰ ਮੇਲ਼-ਜੋਲ ਜਾਂ ਉਨ੍ਹਾਂ ਸਰਕਾਰੀ ਯਤਨਾਂ ਦਾ ਪੂਰਾ ਫਾਇਦਾ ਲੈ ਰਹੀਆਂ ਹਨ, ਜੋ ਮੈਂਹਗੇ ਵਪਾਰਕ ਡੈਟਾਬੇਸ ਤੇ ਆਨਲਾਈਨ ਸੰਦਰਭ ਸਮੱਗਰੀ ਨਾਲ ਸਬੰਧਤ ਸਰੋਤਾਂ ਨੂੰ ਸਾਂਝਾ ਕਰਨ ਵਿਚ ਸਹਾਈ ਹੋਣ।

*ਉਦਾਹਰਨ*

ਕੈਨੇਡਾ ਦੇ ਸੂਬੇ ਐਲਬਰਟਾ ਵਿਚ, ਸਿੱਖਿਆ ਵਿਭਾਗ ਆਨਲਾਈਨ ਸੰਦਰਭ ਕੇਂਦਰ ਦੇ ਮਾਧਿਅਮ ਰਾਹੀਂ ਸੂਬੇ ਦੇ ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸੇਵਾ ਲਈ ਅੰਗਰੇਜ਼ੀ ਤੇ ਫਰੈਂਚ ਭਾਸ਼ਾਵਾਂ ਵਿਚ ਮੌਜੂਦ ਗੁਣਵੱਤਾ ਭਰਪੂਰ ਆਨਲਾਈਨ ਸੂਚਨਾ ਸਰੋਤਾਂ ਦੀ ਵਿਵਸਥਾ ਲਈ ਮੁਕੰਮਲ ਵਿੱਤੀ ਸਹਾਇਤਾ ਮੁਹੱਈਆ ਕਰਵਾਉਂਦਾ ਹੈ: www.learnalberta.ca/OnlineReferenceCentre.aspx.

*ਉਦਾਹਰਨ*

ਫਰਾਂਸ ਵਿਚ, *ਕੋਰੇਲਿਸ ਪਲੈਟਫ਼ਾਰਮ* ਸਕੂਲੀ ਬੱਚਿਆ ਨੂੰ 300 ਤੋਂ ਵਧੇਰੇ ਸੰਪਾਦਕੀ ਤੇ ਅਨੁਕ੍ਰਮਣਿਕ ਸਰੋਤਾਂ ਸਹਿਤ ਡਿਜੀਟਲ ਸਰੋਤਾਂ ਤਕ ਦੀ ਪਹੁੰਚ ਤੇ ਵਰਤੋਂ ਦਾ ਪ੍ਰਬੰਧ ਕਰਦਾ ਹੈ: www.correlyce.fr

ਰਵਾਇਤੀ ਭੌਤਿਕ ਸਰੋਤਾਂ ਤੇ ਆਧੁਨਿਕ ਡਿਜੀਟਲ ਦਸਤਾਵੇਜ਼ਾਂ ਦੇ ਪ੍ਰਬੰਧ ਦਾ ਮੁਲਾਂਕਣ ਲਗਭਗ ਇਕੋ-ਜਿਹਾ ਹੈ। ਫਿਰ ਵੀ ਕੁਝ ਖਾਸ ਗੱਲਾਂ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ: ਜਿਵੇਂਕਿ:

- ਪਹੁੰਚ - ਜੇਕਰ ਭੌਤਿਕ ਸਰੋਤਾਂ ਦੀ ਥਾਂ ਡਿਜੀਟਲ ਸਰੋਤਾਂ ਨੂੰ ਪਹਿਲ ਦਿੱਤੀ ਜਾਵੇ ਤਾਂ ਇਸ ਨਾਲ ਸਰੋਤਾਂ ਤਕ ਦੀ ਪਹੁੰਚ ਵਧੇਗੀ ਜਾਂ ਘਟੇਗੀ?
- ਵਿੱਤੀ ਤੇ ਤਕਨੀਕੀ ਮਸਲੇ - ਲਾਈਸੈਂਸ ਫ਼ੀਸ ਦੇ ਲਗਾਤਾਰ ਭੁਗਤਾਨ ਜਾਂ ਮੌਜੂਦਾ ਸਰੋਤਾਂ ਦੀ ਨਵੇਂ ਸਰੂਪਾਂ ਵਿਚ ਤਬਦੀਲੀ ਦੀ ਲਾਗਤ ਕਾਰਨ ਕੀ ਡਿਜੀਟਲ ਸਰੋਤ ਦੀ ਕੀਮਤ ਲੰਮੇ ਸਮੇਂ ਤਕ ਵਧੇਗੀ?
- ਕਾਨੂੰਨੀ ਤੇ ਲਾਇਸੈਂਸੀ ਮੁੱਦੇ - ਕੀ ਡਿਜੀਟਲ ਸਰੋਤਾਂ ਦੀਆਂ ਲਾਇਸੈਂਸੀ ਸ਼ਰਤਾਂ ਜਾਂ ਲਿਖਤ ਦੀ ਨਕਲ ਦੇ ਅਧਿਕਾਰ ਵਰਤੋਂਕਾਰਾਂ ਦੀ ਸੰਖਿਆਂ, ਆਫ਼ ਸਾਈਟ ਪਹੁੰਚ, ਜਾਂ ਵਰਤੋਂਕਾਰਾਂ ਦੀ ਨਿੱਜਤਾ ਨੂੰ ਸੀਮਤ ਕਰਨਗੇ?
- ਸੁਰੱਖਿਆ - ਡਿਜੀਟਲ ਸਰੋਤਾਂ ਤਕ ਦੀ ਪਹੁੰਚ ਨੂੰ ਕਿਵੇਂ ਸੁਰੱਖਿਅਤ ਕੀਤਾ ਜਾਵੇਗਾ?

### 4.3.3 ਸਰੋਤ ਸੰਗ੍ਰਹਿਆਂ ਨਾਲ ਸਬੰਧਤ ਮਿਆਰ

ਅਜੋਕੇ ਸਮੇਂ ਵਿਚ ਜਦੋਂ ਸਕੂਲ ਲਾਇਬ੍ਰੇਰੀ ਦੇ ਸਰੋਤ ਸੰਗ੍ਰਹਿ ਵਿਚ ਆਨਸਾਈਟ ਜਾਂ ਬਾਹਰੀ ਵਪਾਰਿਕ ਡੈਟਾਬੇਸ ਤੇ ਆਨਲਾਈਨ ਲਾਇਸੈਂਸੀ ਸੰਦਰਭ ਸਮੱਗਰੀ ਦੇ ਮਾਧਿਅਮਾਂ ਜ਼ਰੀਏ ਬਹੁਤ ਸਾਰੇ ਆਧੁਨਿਕ ਡਿਜੀਟਲ ਦਸਤਾਵੇਜ਼ ਸ਼ਾਮਲ ਹੋਣ ਤਾਂ ਸਕੂਲ ਲਾਇਬ੍ਰੇਰੀ ਦੇ ਰਵਾਇਤੀ ਭੌਤਿਕ ਸੰਗ੍ਰਹਿ ਮਿਆਰਾਂ ਨੂੰ ਵਿਕਸਤ ਕਰਨਾ ਤੇ ਵਰਤੋਂ ਵਿਚ ਲਿਆਉਣਾ ਔਖਾ ਕੰਮ ਹੈ। ਇਥੇ ਇਕ ਗੱਲ ਵਰਣਨਯੋਗ ਹੈ ਕਿ ਭਾਵੇਂ ਰਾਸ਼ਟਰੀ ਜਾਂ ਸਥਾਨਕੀ ਪੱਧਰ 'ਤੇ ਸਰੋਤ ਸੰਗ੍ਰਹਿ ਦੇ ਮਿਆਰ ਉਪਲਬਧ ਹੋਣ ਜਾਂ ਨਾ, ਤਾਂ ਵੀ ਸਕੂਲ ਲਾਇਬ੍ਰੇਰੀ ਸੰਗ੍ਰਹਿ ਦੇ ਵਿਕਾਸ ਸਬੰਧੀ ਲਏ ਗਏ ਫੈਸਲਿਆਂ ਦਾ ਅਧਾਰ ਪਾਠਕ੍ਰਮ ਤੇ ਵਿਦਿਆਰਥੀਆਂ ਦੀਆਂ ਅਸਲ ਜ਼ਰੂਰਤਾਂ ਹੋਣਾ ਚਾਹੀਦਾ ਹੈ।

ਹਰਮਨ ਪਿਆਰਤਾ ਹਾਸਲ ਕਰਨ ਲਈ ਸਕੂਲ ਲਾਇਬ੍ਰੇਰੀ ਕੋਲ ਪਰਚਲਤ ਤੇ ਢੁਕਵੇਂ ਸਰੋਤਾਂ ਦਾ ਸੰਤੁਲਤ ਸੰਗ੍ਰਹਿ ਹੋਣਾ ਚਾਹੀਦਾ ਹੈ ਤਾਂ ਜੋ ਵੱਖ-ਵੱਖ ਉਮਰਾਂ, ਸਮਰੱਥਾਵਾਂ, ਸਿਖਿਆਤਮਕ ਵਿਧੀਆਂ ਅਤੇ ਪਿਛੋਕੜਾਂ ਵਾਲੇ ਵਰਤੋਂਕਾਰਾਂ ਤਕ ਸਰੋਤਾਂ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ। ਭੌਤਿਕ ਜਾਂ ਡਿਜੀਟਲ ਸਰੂਪਾਂ ਵਿਚ ਉਪਲਬਧ ਸੂਚਨਾ ਸਰੋਤਾਂ ਦੇ ਮਾਧਿਅਮ ਰਾਹੀਂ ਸਕੂਲ ਦਾ ਪਾਠਕ੍ਰਮ ਸਮਰਥਿਤ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਵਿਚ ਮਕਬੂਲ ਜਾਂ ਰੰਗਦਾਰ ਤਸਵੀਰਾਂ ਵਾਲੇ ਨਾਵਲ, ਸੰਗੀਤ, ਕੰਪਿਊਟਰ ਖੇਡਾਂ, ਫ਼ਿਲਮਾਂ, ਰਸਾਲੇ, ਕੌਮਿਕ ਪੁਸਤਕਾਂ, ਇਸ਼ਤਿਹਾਰ ਆਦਿ ਦੇ ਰੂਪਾਂ ਵਿਚ ਖੁਸ਼ੀ ਹਾਸਲ ਕਰਨ ਵਾਲੀ ਸਮੱਗਰੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਨ੍ਹਾਂ ਸਰੋਤਾਂ

ਦੀ ਚੋਣ ਵਿਦਿਆਰਥੀਆਂ ਦੀ ਰਾਏ ਤੇ ਸਹਿਯੋਗ ਦੁਆਰਾ ਹੋਣੀ ਚਾਹੀਦੀ ਹੈ ਤਾਂ ਜੋ ਉਸ ਸਮੱਗਰੀ ਦੀ ਪ੍ਰਾਪਤੀ ਨੂੰ ਪੱਕਿਆਂ ਕੀਤਾ ਜਾ ਸਕੇ, ਜਿਸ ਵਿਚ ਵਿਦਿਆਰਥੀਆਂ ਦੇ ਹਿੱਤਾਂ ਤੇ ਸੱਭਿਆਚਾਰ ਦੀ ਪੇਸ਼ਕਾਰੀ ਕੀਤੀ ਗਈ ਹੋਵੇ।

*ਉਦਾਹਰਨ*

2012 ਵਿਚ, ਸੰਯੁਕਤ ਰਾਜ ਅਮਰੀਕਾ ਦੇ ਦੱਖਣੀ ਕੈਰੋਲੀਨਾ ਦੇ ਸਿੱਖਿਆ ਵਿਭਾਗ ਨੇ ਸਰੋਤ ਸੰਗ੍ਰਹਿ ਨੂੰ ਵਿਕਸਤ ਕਰਨ ਲਈ ਕੁਝ ਮਿਆਰ ਜਾਰੀ ਕੀਤੇ ਹਨ। ਇਨ੍ਹਾਂ ਮਿਆਰਾਂ ਤਹਿਤ ਜੇਕਰ ਸਕੂਲ ਲਾਇਬ੍ਰੇਰੀ ਵਿਚ ਇਕ ਵਿਦਿਆਰਥੀ ਪਿੱਛੇ 11 ਸਰੋਤ ਹਨ ਤਾਂ ਉਸ ਸੰਗ੍ਰਹਿ ਨੂੰ 'ਖਤਰੇ' ਦੀ ਸ਼੍ਰੇਣੀ ਵਿਚ ਸਮਝਿਆ ਜਾਵੇਗਾ, ਜੇਕਰ ਇਨ੍ਹਾਂ ਸਰੋਤਾਂ ਦੀ ਗਿਣਤੀ 13 ਹੈ ਤਾਂ ਇਹ ਮੁਢਲਾ ਸੰਗ੍ਰਹਿ ਹੈ ਅਤੇ ਜੇ ਇਹ ਸਰੋਤ 15 ਨੇ ਤਾਂ ਇਹ ਮਿਸਾਲੀ ਸੰਗ੍ਰਹਿ ਹੋਵੇਗਾ, ਜਿਸ ਤੋਂ ਦੂਜੀਆਂ ਲਾਇਬ੍ਰੇਰੀਆਂ ਸੇਧ ਲੈਣਗੀਆਂ। ਇਸੇ ਤਰ੍ਹਾਂ ਸੰਗ੍ਰਹਿ ਵਿਚਲੇ ਕਾਲਪਨਿਕ ਤੇ ਗੈਰ-ਕਾਲਪਨਿਕ ਸਰੋਤਾਂ ਦਾ ਅਨੁਪਾਤ ਪਾਠਕ੍ਰਮ ਤੇ ਸਾਖਰਤਾ ਪ੍ਰਜੈੱਕਟਾਂ ਜਾਂ ਲੋੜਾਂ ਅਨੁਸਾਰ ਵੱਖਰਾ ਹੋਣਾ ਚਾਹੀਦਾ ਹੈ।

### 4.3.4 ਸਰੋਤਾਂ ਦੀ ਪਰਸਪਰ ਸਾਂਝ

ਸਕੂਲ ਲਾਇਬ੍ਰੇਰੀਆਂ ਨੂੰ ਇੰਟਰ-ਲਾਇਬ੍ਰੇਰੀ ਲੋਨ ਅਤੇ ਸਰੋਤਾਂ ਦੀ ਪਰਸਪਰ ਸਾਂਝ ਰਾਹੀਂ ਵਰਤੋਂਕਾਰਾਂ ਤਕ ਸੂਚਨਾ ਸਰੋਤਾਂ ਦੀ ਪਹੁੰਚ ਨੂੰ ਵਧਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਕਿਉਂਕਿ ਕੋਈ ਵੀ ਲਾਇਬ੍ਰੇਰੀ ਮੁਕੰਮਲ ਰੂਪ ਵਿਚ ਭੌਤਿਕ ਤੇ ਡਿਜੀਟਲ ਸਰੋਤਾਂ ਨੂੰ ਹਾਸਲ ਨਹੀਂ ਕਰ ਸਕਦੀ। ਆਮ ਤੌਰ 'ਤੇ ਇਹ ਵੇਖਿਆ ਗਿਆ ਹੈ ਕਿ ਬਹੁਤ ਸਾਰੀਆਂ ਸਕੂਲ ਲਾਇਬ੍ਰੇਰੀਆਂ ਦਾ ਇਸ ਪਾਸੇ ਧਿਆਨ ਨਹੀਂ ਹੈ। ਇਸ ਲਈ ਇਸ ਢੰਗ ਨੂੰ ਸੌਖ਼ਾਲਾ ਬਣਾਉਣ ਦੀਆਂ ਚੰਗੀਆਂ ਸਥਾਪਤ ਨੀਤੀਆਂ ਵੀ ਟਾਵੀਆਂ-ਟਾਵੀਆਂ ਹੀ ਹੋਣਗੀਆਂ। ਜਿੱਥੇ ਸਕੂਲ ਲਾਇਬ੍ਰੇਰੀਆਂ ਸਾਂਝੇ ਸੂਚੀ-ਪੱਤਰ ਜਾਂ ਆਨਲਾਈਨ ਡੈਟਾਬੇਸ ਤੇ ਡਿਜੀਟਲ ਸੰਦਰਭ ਸਮੱਗਰੀ ਦੀ ਸਾਂਝੀ ਪਹੁੰਚ ਦੁਆਰਾ ਇਕੱਠੀਆਂ ਜੁੜੀਆਂ ਨੇ ਉਥੇ ਇੰਟਰ-ਲਾਇਬ੍ਰੇਰੀ ਲੋਨ ਅਤੇ ਸਰੋਤਾਂ ਦੀ ਆਪਸੀ ਸਾਂਝ ਦੀ ਵਿਵਸਥਾ ਕਰਨਾ ਸੌਖਾ ਹੈ।

*ਉਦਾਹਰਨ*

ਇਟਲੀ ਦੇ ਸ਼ਹਿਰ ਵਿਚੈਨਸਾ ਵਿਚ, 26 ਸੀਨੀਅਰ ਹਾਈ ਸਕੂਲਾਂ ਦੀਆਂ ਲਾਇਬ੍ਰੇਰੀਆਂ, 15 ਮੁਢਲੇ ਤੇ ਛੋਟੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਅਤੇ 2 ਨਿੱਜੀ ਮੈਂਬਰਾਂ (ਇਕ ਸੰਸਥਾ ਤੇ ਇਕ ਫਰਮ) ਨੇ ਮਿਲ ਕੇ ਇਕ ਨੈੱਟਵਰਕ ਬਣਾਇਆ ਹੈ, ਜਿੱਥੇ ਲਾਇਬ੍ਰੇਰੀਆਂ ਦੇ ਸਰੋਤ ਤੇ ਸੋਫਟਵੇਅਰ ਸਾਂਝੇ ਕੀਤੇ ਜਾਂਦੇ ਹਨ ਤੇ ਇੰਟਰ-ਲਾਇਬ੍ਰੇਰੀ ਲੋਨ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।
www.rbsvicenza.org/index.php?screen=news&loc=S&osc=news&orderby=Autore

*ਉਦਾਹਰਨ*

ਪੁਰਤਗਾਲ ਵਿਚ, ਸਕੂਲ ਤੇ ਲੋਕ ਲਾਇਬ੍ਰੇਰੀਆਂ ਦਾ ਇਕ ਨੈੱਟਵਰਕ ਹੈ, ਜਿੱਥੇ ਉਹ ਆਪਣੇ ਸੂਚੀ-ਪੱਤਰ ਤੇ ਸਵੈਚਲਿਤ ਪ੍ਰਣਾਲੀਆਂ ਸਾਂਝੀਆਂ ਕਰਦੀਆਂ ਹਨ। www.rbe.mec.pt/np4/home

*ਉਦਾਹਰਨ*

ਨੀਦਰਲੈਂਡ ਤੇ ਫਲੈਂਡਰਸ ਵਿਚ, ਲਾਇਬ੍ਰੇਰੀ ਬਰੇਡ ਸਕੂਲ (ਭਾਈਚਾਰੇ ਦਾ ਸਾਂਝਾ ਸਕੂਲ) ਦੇ ਵਿਚਕਾਰ ਸਥਿਤ ਹੁੰਦਿਆਂ ਇਕ ਅਨਿੱਖੜਵੇਂ, ਠੋਸ ਅਤੇ ਸੰਮਲਿਤ ਰੂਪ ਵਿਚ ਗਿਆਨ ਦੇ ਕੇਂਦਰ ਵਜੋਂ ਕੰਮ ਕਰਦੀ ਹੈ, ਜਿੱਥੇ ਭਾਈਚਾਰੇ ਦੇ ਲੋਕ ਆਪਣੀਆਂ ਵੱਖ-ਵੱਖ ਸਿਖਿਆਤਮਕ ਲੋੜਾਂ; ਜਿਵੇਂਕਿ, ਬਾਲ ਤੇ ਮੁਢਲਾ ਸਕੂਲ ਤੇ ਕਸਰਤਖਾਨਾ ਦੀ ਪੂਰਤੀ ਲਈ ਇਕੱਠੇ ਹੁੰਦੇ ਹਨ।

## ਹਵਾਲੇ ਅਤੇ ਟਿੱਪਣੀਆਂ


Bon, I., Cranfield, A., & Latimer, K. (Eds.). (2011). *Designing library space for children.* Berlin/Munich: De Gruyter Saur. (IFLA Publications; Nr 154.)

Dewe, M. (2007). *Ideas and designs: Creating the environment for the primary school library.* Swindon, UK: School Library Association [UK].

Dubber, G., & Lemaire, K. (2007). *Visionary spaces: Designing and planning a secondary school library.* Swindon, UK: School Library Association [UK].

Durpaire, J-L. (2004). *Politique d'acquisition in Les politiques documentaires des Etablissements scolaires* [The acquisition policy within a school's policy] (pp. 34-36). Paris: Inspection Generale de l'Education Nationale.

La Marca, S. (Ed). (2007). *Rethink! Ideas for inspiring school library design.* Carlton, Victoria, Australia: School Library Association of Victoria.

Landelijk Steunpunt Brede Scholen. (2013). *Verschijningsvormen Brede Scholen 2013.* [Examples of Community Schools 2013] (2nd ed.). Den Haag, Netherland: bredeschool.nl. Retrieved from www.bredeschool.nl/fileadmin/PDF/2013/2013-05-28__13_170_LSBS_gew_herdruk_brochure_Verschijningvormen_4.pdf

Latimer, K., & Niegaard, H. (2007). *IFLA library building guidelines: Developments and reflections.* Munich: K.G. Saur.

Loertscher, D., Koechlin, C., Zwann, S., & Rosenfield, E. (2011). *The new learning commons: Where the learners win!* (2nd ed.) Clearfield, UT: Learning Commons Press.

Marquardt, L. (2013). La biblioteca scolastica, ambiente e bene comune per l'apprendimento [school libraries, learning environments and commons]. In M. Vivarelli (Ed.). *Lo spazio della biblioteca …* [The Library Space …]. Milano: Editrice Bibliografica. [See Chapter 4.6, pp. 299-334, and case study pp. 400-401.]

Molina, J. & Ducournau, J. (2006). Les 10 commandements d'une politique d'acquisition. [The 10 Commandments of an acquisition policy]. Retrieved from www.cndp.fr/savoirscdi/metier.html

OSLA (Ontario School Library Association). (2010). *Together for learning: School libraries and the emergence of the learning commons. A vision for the 21st Century.* Toronto, Canada: OSLA, 2010. Retrieved from www.accessola.com/data/6/rec_docs/677_olatogetherforlearning.pdf

Pavey, S. (2014). *Mobile technology and the school library.* Swindon, UK: School Library Association [UK]

Preddy, L. B. (2013). *School library makerspaces: Grades 6-12.* Westport, CT: Libraries Unlimited.

South Carolina Department of Education. (2012). *South Carolina standards for school library resource collections.* Columbia: SCDE. Retrieved from http://ed.sc.gov/agency/programs-services/36/documents/Standards_School_Library_Resource_Collections.pdf

# ਅਧਿਆਇ 5
# ਸਕੂਲ ਲਾਇਬ੍ਰੇਰੀ ਦੇ ਕੰਮ

*"ਸਕੂਲ ਲਾਇਬ੍ਰੇਰੀ ਵਿਦਿਅਕ ਪ੍ਰਣਾਲੀ ਦਾ ਇਕ ਅਨਿੱਖੜਵਾਂ ਅੰਗ ਹੈ।"* –ਸਕੂਲ ਲਾਇਬ੍ਰੇਰੀ ਘੋਸ਼ਣਾ-ਪੱਤਰ

## 5.1 ਭੂਮਿਕਾ

ਸਿੱਖਣ-ਸਿਖਾਉਣ ਦੀਆਂ ਲੋੜਾਂ ਅਨੁਸਾਰ ਸਕੂਲ ਲਾਇਬ੍ਰੇਰੀ ਅਨੇਕਾਂ ਕਾਰਜਕ੍ਰਮ ਤੇ ਗਤੀਵਿਧੀਆਂ ਦਾ ਪ੍ਰਬੰਧ ਕਰਦੀ ਹੈ। ਕੁੱਲ ਜਹਾਨ ਵਿਚ ਸਕੂਲ ਲਾਇਬ੍ਰੇਰੀ ਦੇ ਇਨ੍ਹਾਂ ਕੰਮਾਂ ਦੀਆਂ ਕਿਸਮਾਂ ਸਕੂਲ ਦੇ ਨਿਰਧਾਰਤ ਟੀਚਿਆਂ ਮੁਤਾਬਕ ਵਿਭਿੰਨ ਹੁੰਦੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਕੰਮਾਂ ਨੂੰ ਪ੍ਰਭਾਸ਼ਿਤ ਕਰਨ ਵਾਲੀ ਸ਼ਬਦਾਵਲੀ ਵਿਚ ਵੀ ਆਲਮੀ ਪੱਧਰ ਉੱਤੇ ਭਿੰਨਤਾ ਪਾਈ ਜਾਂਦੀ ਹੈ; ਜਿਵੇਂਕਿ, ਲਾਇਬ੍ਰੇਰੀ ਪਾਠਕਾਂ ਨੂੰ ਪੁਸਤਕਾਂ ਪੜ੍ਹਨ ਦੀ ਹੱਲਾਸ਼ੇਰੀ ਦੇਣ ਵਾਲੇ ਕੰਮ ਕਈ ਰੂਪਾਂ ਵਿਚ ਪ੍ਰਭਾਸ਼ਿਤ ਕੀਤੇ ਜਾਂਦੇ ਹਨ; ਜਿਵੇਂ, 'ਪਠਨ ਉੱਨਤੀ', 'ਵਿਆਪਕ ਪਠਨ', 'ਸੁਤੰਤਰ ਸਵੈ-ਇੱਛਿਤ ਪਠਨ', 'ਵੇਹਲ ਦੌਰਾਨ ਪਠਨ ਜਾਂ ਦਿਲ ਪਰਚਾਵੇ ਲਈ ਪਠਨ' ਜਾਂ 'ਖੁਸ਼ੀ ਲਈ ਪਠਨ'। ਸੰਸਾਰ ਭਰ ਵਿਚ ਭਾਵੇਂ ਇਹ ਕਾਰਜਕ੍ਰਮ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ, ਪੁਸਤਕ ਸੱਭਿਆਚਾਰ ਨੂੰ ਪ੍ਰਫੁਲਿਤ ਕਰਨਾ ਹੀ ਇਸ ਦਾ ਦਾ ਪ੍ਰਮੁੱਖ ਪ੍ਰਯੋਜਨ ਹੁੰਦਾ ਹੈ।

> *ਉਦਾਹਰਨ*
>
> ਨਾਮੀਬੀਆ ਵਿਚ ਪੁਸਤਕਾਂ ਪੜ੍ਹਨ ਦਾ ਸਲਾਨਾ ਸਮਾਗਮ (ਰੀਡਾਥਨ) ਬੱਚਿਆਂ ਨੂੰ ਉਨ੍ਹਾਂ ਦੀਆਂ ਸਥਾਨਕ ਭਾਸ਼ਾਵਾਂ ਵਿਚ ਬਾਲ-ਕਹਾਣੀਆਂ ਦੀਆਂ ਪੁਸਤਕਾਂ ਪ੍ਰਦਾਨ ਕਰਦਿਆਂ ਇਕ ਪੁਸਤਕ ਸੱਭਿਆਚਾਰ ਦਾ ਨਿਰਮਾਣ ਕਰਨ ਦੇ ਨਾਲ-ਨਾਲ ਸਕੂਲਾਂ ਤੇ ਲਾਇਬ੍ਰੇਰੀਆਂ ਲਈ ਸਥਾਨਕ ਭਾਸ਼ਾਵਾਂ ਵਿਚ ਬਾਲ ਪੁਸਤਕਾਂ ਪ੍ਰਕਾਸ਼ਿਤ ਕਰਨ ਦਾ ਯਤਨ ਕਰਦਾ ਹੈ। ਜ਼ਿਕਰਯੋਗ ਹੈ ਕਿ ਨਾਮੀਬੀਆ ਵਿਚ ਕੁਲ 13 ਲਿਖਤੀ ਭਾਸ਼ਾਵਾਂ ਹਨ।

ਵਕਤ ਦੇ ਗੁਜ਼ਰ ਜਾਣ ਤੋਂ ਬਾਅਦ ਅਨੇਕਾਂ ਚੀਜ਼ਾਂ ਬਦਲ ਜਾਂਦੀਆਂ ਹਨ ਤੇ ਇਹ ਪਰਿਵਰਤਨ ਹੀ ਹੁੰਦਾ ਹੈ, ਜੋ ਕਿਸੇ ਪ੍ਰਣਾਲੀ ਨੂੰ ਨਿਰੰਤਰ ਚਲਾਈ ਰੱਖਦਾ ਹੈ। ਸ਼ਬਦਾਵਲੀ ਦੇ ਉਕਤ ਵਖਰੇਵੇਂ ਤੋਂ ਬਾਅਦ ਇਸ ਦਾ ਦੂਜਾ ਖੇਤਰ ਸੂਚਨਾ ਦੀ ਵਰਤੋਂ ਨਾਲ ਸਬੰਧਤ ਹੈ। ਲਾਇਬ੍ਰੇਰੀ ਦੀਆਂ ਉਹ ਸਰਗਰਮੀਆਂ ਜੋ ਕਦੇ 'ਬਿਬਲੀਓਗ੍ਰਾਫ਼ਿਕ ਇੰਸਟਰੱਕਸ਼ਨ' (ਲਾਇਬ੍ਰੇਰੀ ਪੁਸਤਕਾਂ ਤੇ ਖੋਜ ਵਿਧੀਆਂ ਨੂੰ ਵਰਤਣ ਸਬੰਧੀ ਸਿੱਖਿਆ) ਤੇ 'ਯੂਜ਼ਰ ਐਜੂਕੇਸ਼ਨ' (ਲਾਇਬ੍ਰੇਰੀ ਤੇ ਇਸ ਦੀਆਂ ਸੇਵਾਵਾਂ ਨੂੰ ਸਮਝਣ ਲਈ ਵਰਤੋਂਕਾਰਾਂ ਦੀ ਮਦਦ ਕਰਦਾ ਹੋਇਆ ਕੋਈ ਵੀ ਸਾਧਨ ਜਾਂ ਵਸੀਲਾ) ਵਜੋਂ ਜਾਣੀਆਂ ਜਾਂਦੀਆਂ ਸਨ, ਹੁਣ ਉਨ੍ਹਾਂ ਨੂੰ ਅਕਸਰ 'ਇੰਨਫੌਰਮੇਸ਼ਨ ਲਿਟਰੇਸੀ' (ਸੂਚਨਾ ਸਾਖਰਤਾ) ਤੇ 'ਇੰਕਵਾਇਰੀ' (ਖੋਜ) ਦੇ ਨਵੇਂ ਨਾਂਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਜਿਸ ਨੂੰ ਕਦੇ ਸੂਚਨਾ ਦੀ ਵਰਤੋਂ ਵਿਚ ਲਾਇਬ੍ਰੇਰੀ ਦੀ ਮਿਸਾਲੀ ਸੇਵਾ ਸਮਝਿਆ ਜਾਂਦਾ ਸੀ, ਹੁਣ ਉਹ ਸਾਲਾਂ ਦੇ ਗੁਜ਼ਰ ਜਾਣ ਬਾਅਦ ਤਬਦੀਲ ਹੋ ਚੁੱਕੀ ਹੈ, ਜਿਵੇਂ, 1960 ਵਿਆਂ ਤੇ 1970 ਵਿਆਂ ਦੌਰਾਨ ਸੂਚਨਾ ਸਰੋਤਾਂ ਦੀ ਪਹੁੰਚ ਵਿਧੀ; 1980 ਵਿਆਂ ਦੀ ਪੁਸਤਕਸੂਚੀ ਪਹੁੰਚ ਵਿਧੀ; ਅਤੇ 1990 ਵਿਆਂ ਦੇ ਸ਼ੁਰੂਆਤ ਦੀ ਪ੍ਰਕਿਰਿਆ ਪਹੁੰਚ ਵਿਧੀ (Kuhlthau, 2004)। ਪ੍ਰਕਿਰਿਆ ਪਹੁੰਚ ਵਿਧੀ ਲੁੜੀਂਦੀ ਜਾਣਕਾਰੀ ਲੱਭਣ ਤੇ ਫਿਰ ਪ੍ਰਾਪਤ ਜਾਣਕਾਰੀ ਨੂੰ ਮੁਸ਼ਕਲ-ਹੱਲ ਕਰਨ ਦੇ ਪਰਿਪੇਖ ਵਿਚ ਵਰਤਣ 'ਤੇ ਕੇਂਦਰਿਤ ਹੁੰਦੀ ਹੈ। ਇਹ ਪਹੁੰਚ ਵਿਧੀ ਗਿਆਨ ਨੂੰ ਪਹਿਲਾਂ ਤੋਂ ਸਥਾਪਤ ਕੀਤੀਆਂ ਗਈਆਂ ਪਹੁੰਚ ਵਿਧੀਆਂ; ਜਿਵੇਂਕਿ, ਲਾਇਬ੍ਰੇਰੀ ਪੱਧਤੀਆਂ, ਸਰੋਤਾਂ ਅਤੇ ਖੋਜ ਵਿਧੀਆਂ ਦਾ ਗਿਆਨ, ਤੋਂ ਮਨਫ਼ੀ ਨਹੀਂ ਕਰਦੀ ਬਲਕਿ ਇਸ ਗੱਲ 'ਤੇ ਜੋਰ ਦਿੰਦੀ ਹੈ ਕਿ ਗਿਆਨ ਆਲੋਚਨਾਤਮਿਕ ਸੋਚ ਤੇ ਮੁਸ਼ਕਲ-ਹੱਲ ਕਰਦਿਆਂ ਦੀ ਖੋਜ ਵਿਧੀ ਨਾਲ ਵਧੇਰੇ ਵਿਕਸਤ ਹੁੰਦਾ ਹੈ।

## 5.2 ਕਾਰਜਕ੍ਰਮ ਅਤੇ ਗਤੀਵਿਧੀਆਂ

ਸਕੂਲ ਲਾਇਬ੍ਰੇਰੀ ਸਕੂਲ ਵਿਚ ਸਿੱਖਣ ਤੇ ਸਿਖਾਉਣ ਦੇ ਕਾਰਜਾਂ ਦਾ ਜ਼ਰੂਰੀ ਅੰਗ ਹੁੰਦੀ ਹੈ; ਇਹ ਵਿਦਿਆਰਥੀ ਦੇ ਸਿਖਿਆਤਮਕ ਰੁਝੇਵੇਂ, ਵਿਭਿੰਨ ਸਿਖਿਆਰਥੀਆਂ ਦੇ ਬੌਧਿਕ ਵਿਕਾਸ ਅਤੇ ਸਕੂਲ ਦੇ ਵਿਆਪਕ ਭਾਈਚਾਰੇ ਨਾਲ

ਤਾਲਮੇਲ ਵਰਗੇ ਸਮਾਜਕ ਟੀਚਿਆਂ ਨੂੰ ਹਾਸਲ ਕਰਨ ਵਿਚ ਸਹਿਯੋਗ ਦਿੰਦੀ ਹੈ। ਇਸ ਦੇ ਉਦੇਸ਼ ਸਬੰਧਤ ਸਕੂਲ ਦੇ ਟੀਚਿਆਂ ਅਨੁਸਾਰ ਹੋਣੇ ਚਾਹੀਦੇ ਹਨ; ਜਿਵੇਂਕਿ, ਸਾਖਰਤਾ ਤੇ ਪੁਸਤਕ ਸੱਭਿਆਚਾਰ ਦਾ ਵਿਕਾਸ ਕਰਨਾ, ਪਾਠਕ੍ਰਮ-ਅਧਾਰਤ ਸਿੱਖਿਆ ਪ੍ਰਦਾਨ ਕਰਨਾ ਅਤੇ ਜ਼ੁੰਮੇਵਾਰ ਨਾਗਰਿਕਤਾ ਦੀ ਤਿਆਰੀ ਕਰਨਾ। ਸਕੂਲ ਦੇ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਸਕੂਲ ਲਾਇਬ੍ਰੇਰੀ ਵਿਚਲੇ ਸੂਚਨਾ ਸਰੋਤਾਂ ਦੇ ਸੰਗ੍ਰਹਿਆਂ, ਕਰਮਚਾਰੀਆਂ ਦੀਆਂ ਕਿਸਮਾਂ ਤੇ ਸੰਖਿਆ ਆਦਿ 'ਤੇ ਨਿਰਭਰ ਕਰਦੀ ਹੈ।

*ਉਦਾਹਰਨ*

ਹੰਗਰੀ ਵਿਚ ਅਨੇਕਾਂ ਵਿਦਿਆਰਥੀ ਸ਼ਹਿਰਾਂ ਵਿਚ ਪੜ੍ਹਦੇ ਹਨ ਪਰ ਰਹਿੰਦੇ ਉਹ ਸ਼ਹਿਰਾਂ ਨੇੜਲੇ ਪਿੰਡਾਂ ਵਿਚ ਹੀ ਹਨ। ਇਸ ਲਈ ਉਹ ਆਪਣੇ ਸਕੂਲਾਂ ਤੇ ਘਰਾਂ ਦਰਮਿਆਨ ਨਿੱਤ ਸਫ਼ਰ ਕਰਦੇ ਹਨ। ਸਰਕਾਰੀ ਬੱਸਾਂ ਦੀ ਥੋੜ੍ਹ ਕਰਕੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਸਕੂਲ ਲੱਗਣ ਦੇ ਸਮੇਂ ਤੋਂ ਪਹਿਲਾਂ ਤੇ ਪੂਰੀ ਛੁੱਟੀ ਹੋਣ ਤੋਂ ਬਾਅਦ ਬੱਸਾਂ ਲਈ ਲੰਮੀ ਉਡੀਕ ਕਰਨੀ ਪੈਂਦੀ ਹੈ। ਇਸ ਹਾਲਾਤ ਦੇ ਮੱਦੇਨਜ਼ਰ ਬਹੁਤ ਸਾਰੀਆਂ ਸਕੂਲ ਲਾਇਬ੍ਰੇਰੀਆਂ ਨੇ ਆਪਣੇ ਕੰਮ ਕਰਨ ਦੇ ਘੰਟੇ ਵਧਾਏ ਹਨ। ਵਿਦਿਆਰਥੀਆਂ ਦੀ ਸਹੂਲਤ ਲਈ ਉਹ ਸਕੂਲ ਲੱਗਣ ਦੇ ਸਮੇਂ ਤੋਂ ਪਹਿਲਾਂ ਤੇ ਪੂਰੀ ਛੁੱਟੀ ਹੋਣ ਤੋਂ ਬਾਅਦ ਵੀ ਖੁੱਲ੍ਹੀਆਂ ਰਹਿੰਦੀਆਂ ਹਨ, ਜਿਸ ਦੇ ਨਤੀਜ਼ੇ ਵਜੋਂ, ਵਿਦਿਆਰਥੀ ਆਪਣਾ ਕੀਮਤੀ ਸਮਾਂ ਸਕੂਲ ਲਾਇਬ੍ਰੇਰੀਆਂ ਵਿਚ ਕੁਝ ਮਹੱਤਵਪੂਰਨ ਪੜ੍ਹਦਿਆਂ-ਕਰਦਿਆਂ ਬਤੀਤ ਕਰਦੇ ਹਨ। ਇਹ ਅਮਲ ਲਾਇਬ੍ਰੇਰੀਅਨਾਂ ਤੇ ਵਿਦਿਆਰਥੀਆਂ ਵਿਚਕਾਰਲੇ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ।

ਸਕੂਲ ਲਾਇਬ੍ਰੇਰੀ ਦੀਆਂ ਸੇਵਾਵਾਂ ਤੇ ਕਾਰਜਕ੍ਰਮਾਂ ਦੀ ਰੂਪ-ਰੇਖਾ ਇਕ ਅਜਿਹੇ ਪੇਸ਼ੇਵਰ ਸਕੂਲ ਲਾਇਬ੍ਰੇਰੀਅਨ ਦੁਆਰਾ ਤਿਆਰ ਹੋਣੀ ਚਾਹੀਦੀ ਹੈ, ਜੋ ਸਕੂਲ ਦੇ ਪ੍ਰਿੰਸੀਪਲ ਜਾਂ ਮੁੱਖ ਅਧਿਆਪਕ, ਵਿਭਾਗਾਂ ਦੇ ਮੁਖੀਆਂ, ਅਧਿਆਪਕਾਂ, ਸਹਿਯੋਗੀ ਅਮਲੇ ਅਤੇ ਵਿਦਿਆਰਥੀਆਂ ਦੇ ਗੂੜੇ ਸਹਿਯੋਗ ਨਾਲ ਕੰਮ ਕਰਦਿਆਂ ਸਕੂਲ ਦੇ ਵਿਆਪਕ ਭਾਈਚਾਰੇ ਦੀਆਂ ਅਸਲ ਸੂਚਨਾਤਮਕ ਲੋੜਾਂ ਤੋਂ ਵਾਕਫ਼ ਹੋਵੇ। ਇਸ ਤਰ੍ਹਾਂ ਸਕੂਲ ਦੇ ਅਕਾਦਮਕ, ਸੱਭਿਆਚਾਰਕ ਅਤੇ ਸਮਾਜਕ ਉਦੇਸ਼ਾਂ ਦੀ ਪ੍ਰਾਪਤੀ ਇਕ ਮੁਹਾਰਤੀ ਸਕੂਲ ਲਾਇਬ੍ਰੇਰੀਅਨ ਤੋਂ ਬਗ਼ੈਰ ਮੁਮਕਿਨ ਨਹੀਂ ਹੈ।

ਸਕੂਲ ਲਾਇਬ੍ਰੇਰੀਅਨ ਦੀਆਂ ਵਿਦਿਅਕ ਭੂਮਿਕਾਵਾਂ ਵਿਚ ਸਿੱਖਿਆ ਦੀਆਂ ਮੂਲ ਕਿਰਿਆਵਾਂ ਸਮੇਤ ਨਿਮਨਲਿਖਤ ਗਤੀਵਿਧੀਆਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ:

- ਸਾਖਰਤਾ ਤੇ ਪੁਸਤਕ ਸੱਭਿਆਚਾਰ ਦਾ ਵਿਕਾਸ;
- ਸੰਚਾਰ ਤਕਨਾਲੋਜੀ ਤੇ ਸੂਚਨਾ ਸਾਖਰਤਾ ਦੀ ਉੱਨਤੀ
- ਖੋਜ-ਅਧਾਰਤ ਸਿੱਖਿਆ ਨੂੰ ਬੜਾਵਾ;
- ਤਕਨਾਲੋਜੀ ਦੇ ਏਕੀਕਰਨ ਸਬੰਧੀ ਕਾਰਜ;
- ਅਧਿਆਪਕਾਂ ਦਾ ਪੇਸ਼ੇਵਰ ਵਿਕਾਸ; ਅਤੇ
- ਸਾਹਿਤ ਤੇ ਸੱਭਿਆਚਾਰ ਦੀ ਉਪਮਾ।

ਸਕੂਲ ਲਾਇਬ੍ਰੇਰੀ 'ਤੇ ਹੋਈ ਇਕ ਖੋਜ ਅਨੁਸਾਰ ਸਕੂਲ ਲਾਇਬ੍ਰੇਰੀ ਦੀਆਂ ਇਹ ਮੂਲ ਗਤੀਵਿਧੀਆਂ ਸਕੂਲ ਦੇ ਕਾਰਜਕ੍ਰਮਾਂ ਤੇ ਪ੍ਰਮੁੱਖਤਾਵਾਂ 'ਤੇ ਨਿਰਭਰ ਕਰਦੀਆਂ ਹਨ। ਇਨ੍ਹਾਂ ਸਰਗਰਮੀਆਂ ਨੂੰ ਵਿਭਿੰਨ ਪਾਠਕ੍ਰਮਾਂ ਦੀਆਂ ਲੋੜਾਂ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿਣਾ ਚਾਹੀਦਾ ਹੈ। ਉਪਰੋਕਤ ਮੂਲ ਗਤੀਵਿਧੀਆਂ ਦਾ ਵਿਸਥਾਰਪੂਰਵਕ ਵੇਰਵਾ ਇਸ ਪ੍ਰਕਾਰ ਹੈ:

## 5.3 ਸਾਖਰਤਾ ਅਤੇ ਪੁਸਤਕ ਸੱਭਿਆਚਾਰ ਦਾ ਵਿਕਾਸ

ਸਕੂਲ ਲਾਇਬ੍ਰੇਰੀ ਸਾਖਰਤਾ ਵਿਕਾਸ ਦੇ ਨਾਲ-ਨਾਲ ਵਿਦਿਆਰਥੀਆਂ ਵਿਚ ਪੁਸਤਕਾਂ ਪੜ੍ਹਨ ਦੀ ਰੁਚੀ ਨੂੰ ਪ੍ਰਫੁਲਿਤ ਕਰਦੀ ਹੈ। ਅੰਤਰ-ਰਾਸ਼ਟਰੀ ਪੱਧਰ 'ਤੇ ਹੋਈ ਖੋਜ ਅਨੁਸਾਰ, ਪੁਸਤਕਾਂ ਪੜ੍ਹਨ ਦੀ ਆਦਤ ਵਿਦਿਅਕ ਨਤੀਜਿਆਂ ਉੱਤੇ ਇਕ ਉਸਾਰੂ ਅਸਰ ਪਾਉਂਦੀ ਹੈ। ਇਸ ਨਾਲ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਹੁੰਦਾ ਹੈ ਤੇ ਉਨ੍ਹਾਂ ਦੀ ਜਮਾਤ ਵਿਚ ਪੜ੍ਹਾਏ ਜਾਂਦੇ ਵਿਸ਼ਿਆਂ ਬਾਬਤ ਇਕ ਪੁਖਤਾ ਸਮਝ ਬਣਦੀ ਹੈ। ਆਮ ਤੌਰ 'ਤੇ ਇਹ ਵੇਖਿਆ ਗਿਆ

ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਆਪਣੀਆਂ ਮਨਪਸੰਦ ਪੁਸਤਕਾਂ ਪੜ੍ਹਨ ਦਾ ਮੌਕਾ ਦਿੱਤਾ ਜਾਂਦਾ ਹੈ, ਸਮਾਂ ਪਾ ਕੇ ਉਨ੍ਹਾਂ ਦੇ ਇਮਤਿਹਾਨਾਂ ਦੇ ਨਤੀਜਿਆਂ ਵੀ ਚੰਗੇ ਆਉਂਦੇ ਹਨ (Krashen, 2004)। ਇਨ੍ਹਾਂ ਵਿਦਿਅਕ ਨਤੀਜਿਆਂ ਦੇ ਸੁਧਾਰ ਤੋਂ ਇਲਾਵਾ ਸਵੈ-ਇੱਛਤ ਪੁਸਤਕਾਂ ਪੜ੍ਹਨ ਨਾਲ ਵਿਦਿਆਰਥੀਆਂ ਦੇ ਸ਼ਬਦ-ਭੰਡਾਰ ਵਿਚ ਵਾਧਾ ਹੁੰਦਾ ਹੈ, ਉਨ੍ਹਾਂ ਦੀ ਵਿਆਕਰਨ ਸੁਧਰਦੀ ਹੈ, ਲਿਖਤ ਵਿਚ ਪਕਿਆਈ ਆਉਂਦੀ ਹੈ ਅਤੇ ਬੋਲਚਾਲ ਦੀ ਭਾਸ਼ਾ ਵਿਚ ਨਿਖਾਰ ਆਉਂਦਾ ਹੈ। ਓਪਰੀ ਭਾਸ਼ਾ ਸਿੱਖ ਰਹੇ ਵਿਦਿਆਰਥੀਆਂ ਦੀ ਸਮਝ ਵਿਚ ਉਸ ਸਮੇਂ ਸੁਧਾਰ ਆਉਂਦਾ ਹੈ, ਜਦੋਂ ਉਹ ਵਿਦਿਆਰਥੀ ਉਸ ਸਬੰਧਤ ਭਾਸ਼ਾ ਵਿਚ ਮੌਜੂਦ ਗੁਣਵੱਤਾ ਭਰਪੂਰ ਪੁਸਤਕਾਂ ਨੂੰ ਪ੍ਰਾਪਤ ਕਰ ਲੈਂਦੇ ਹਨ। ਇਸ ਤੋਂ ਇਲਾਵਾ ਆਧੁਨਿਕ ਡਿਜੀਟਲ ਸਰੋਤਾਂ (ਆਡੀਓ-ਪੁਸਤਕਾਂ) ਦੀ ਮੌਜੂਦਗੀ ਨੇ ਵਿਦਿਆਰਥੀਆਂ ਦੀਆਂ ਨਿਪੁੰਨਤਾਵਾਂ ਤੇ ਪਠਨ ਪ੍ਰਤੀ ਰੁਚੀਆਂ ਵਿਚ ਵਿਆਪਕ ਯੋਗਦਾਨ ਪਾਇਆ ਹੈ। ਇਸ ਲਈ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿਚਲੀ ਪਠਨ ਸਮੱਗਰੀ ਨੂੰ ਹਾਸਲ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਤੇ ਸਕੂਲ ਲਾਇਬ੍ਰੇਰੀਅਨ ਪਾਠਕਾਂ ਨੂੰ ਪਠਨ ਸਮੱਗਰੀ ਪ੍ਰਦਾਨ ਕਰਦੇ ਸਮੇਂ, ਪਾਠਕਾਂ ਦੀਆਂ ਨਿੱਜੀ ਪ੍ਰਮੁੱਖਤਾਵਾਂ ਨੂੰ ਸਹਿਯੋਗ ਦਿੰਦੇ ਸਮੇਂ ਅਤੇ ਇੱਛਾ ਅਨੁਸਾਰ ਪੁਸਤਕਾਂ ਪੜ੍ਹਨ ਦੀ ਖੁੱਲ੍ਹ ਦਿੰਦੇ ਸਮੇਂ ਨਿਰਪੱਖ, ਹਠਵਾਦੀ ਅਤੇ ਲਚਕਦਾਰ ਹੋਣੇ ਚਾਹੀਦੇ ਹਨ।

ਜਿਹੜੇ ਪਾਠਕ ਠੀਕ ਤਰ੍ਹਾਂ ਨਾਲ ਪੜ੍ਹ ਨਹੀਂ ਸਕਦੇ, ਉਨ੍ਹਾਂ ਨੂੰ ਬਦਲ ਵਜੋਂ ਦੂਸਰੀ ਪਠਨ ਸਮੱਗਰੀ ਦੇ ਨਾਲ-ਨਾਲ ਉਸ ਸਮੱਗਰੀ ਨੂੰ ਵਰਤਣ ਲਈ ਖਾਸ ਉਪਕਰਨ ਵੀ ਚਾਹੀਦੇ ਹੁੰਦੇ ਹਨ। ਸਕੂਲ ਲਾਇਬ੍ਰੇਰੀਅਨ ਨੂੰ ਵਿਸ਼ੇਸ਼ ਅਧਿਆਪਕਾਂ ਦੀ ਮਦਦ ਨਾਲ ਅਜਿਹੇ ਵਿਦਿਆਰਥੀਆਂ ਦੀਆਂ ਪਠਨ ਲੋੜਾਂ ਦੀ ਸੰਤੁਸ਼ਟੀ ਲਈ ਸਹਿਯੋਗ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਕੂਲ ਲਾਇਬ੍ਰੇਰੀਅਨ ਨੂੰ ਅਧਿਆਪਕਾਂ ਦੀਆਂ ਜਮਾਤਾਂ ਵਿਚ ਪੜ੍ਹਾਏ ਜਾਂਦੇ ਪਾਠਾਂ ਲਈ ਵੀ ਸਹਿਯੋਗ ਦੇਣਾ ਚਾਹੀਦਾ ਹੈ; ਜਿਵੇਂਕਿ, ਪਠਨ ਪ੍ਰਾਜੈੱਕਟਾਂ ਲਈ ਢੁੱਕਵੀਆਂ ਪੁਸਤਕਾਂ ਦੇ ਸੁਝਾਅ ਵਿਚ ਸਹਾਇਤਾ ਕਰਨਾ ਤੇ ਉਨ੍ਹਾਂ ਪੁਸਤਕਾਂ ਬਾਰੇ ਰਾਇ ਦੇਣੀ, ਜੋ ਦੇਸ਼ ਦੇ ਭਾਸ਼ਾਈ ਮਿਆਰਾਂ ਨੂੰ ਬਰਕਰਾਰ ਰੱਖਦੀਆਂ ਹੋਣ।

ਸਕੂਲ ਲਾਇਬ੍ਰੇਰੀ ਵਿਚ ਆਕਰਸ਼ਕ ਮਾਹੌਲ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਵੱਖ-ਵੱਖ ਭੌਤਿਕ ਤੇ ਡਿਜੀਟਲ ਸੂਚਨਾ ਸਰੋਤਾਂ ਦੀ ਵਰਤੋਂ ਲਈ ਉਤਸ਼ਾਹਿਤ ਕੀਤਾ ਜਾ ਸਕੇ। ਸਕੂਲ ਲਾਇਬ੍ਰੇਰੀ ਵਿਚ ਸ਼ਾਤਮਈ ਵਾਤਾਵਰਨ ਦੇ ਨਾਲ-ਨਾਲ ਸਮੂਹਕ ਵਿਚਾਰ-ਚਰਚਾ ਤੇ ਸਿਰਜਣਾਤਮਕ ਕੰਮਾਂ ਦੀ ਸਹੂਲਤ ਲਈ ਢੁੱਕਵੇਂ ਸਥਾਨ ਮੁਹੱਈਆ ਕਰਵਾਉਣੇ ਚਾਹੀਦੇ ਹਨ। ਸਕੂਲ ਲਾਇਬ੍ਰੇਰੀ ਦੀਆਂ ਉਧਾਰ ਨੀਤੀਆਂ ਕਠੋਰ ਨਹੀਂ ਹੋਣੀਆਂ ਚਾਹੀਦੀਆਂ ਤੇ ਜਿੱਥੋਂ ਤਕ ਮੁਮਕਿਨ ਹੋਵੇ ਨਿਸ਼ਚਤ ਮਿਤੀ ਤੋਂ ਬਾਅਦ ਵਾਪਸ ਆਈਆਂ ਪੁਸਤਕਾਂ ਤੇ ਗੁਆਚ ਗਈ ਸਮੱਗਰੀ ਲਈ ਜੁਰਮਾਨੇ ਤੇ ਦੰਡ ਦੀ ਮਾਫ਼ੀ ਦੇ ਦੇਣੀ ਚਾਹੀਦੀ ਹੈ।

ਸਾਖਰਤਾ ਤੇ ਪੁਸਤਕ ਸੱਭਿਆਚਾਰ ਨੂੰ ਉੱਨਤ ਕਰਦੀਆਂ ਗਤੀਵਿਧੀਆਂ ਤੇ ਸੰਚਾਰ ਸਾਧਨਾਂ ਨੂੰ ਵਰਤਣ ਦੀ ਖੁਸ਼ੀ ਲਈ, ਸਮਾਜਕ-ਸੱਭਿਆਚਾਰਕ ਤੇ ਅਭਿਆਸੀ ਵਿਦਿਅਕ ਪੱਖਾਂ ਸਬੰਧੀ ਸਰੋਤ-ਸਮੱਗਰੀ ਦੀ ਬਹੁਤ ਲੋੜ ਹੁੰਦੀ ਹੈ। ਇਸ ਲਈ ਸਕੂਲ ਲਾਇਬ੍ਰੇਰੀ ਦੇ ਪੁਸਤਕ-ਸੰਗ੍ਰਹਿ ਵਿਚ ਸਕੂਲ ਭਾਈਚਾਰੇ ਦੇ ਸਮੁੱਚੇ ਮੈਂਬਰਾਂ ਦੀਆਂ ਰਾਸ਼ਟਰੀ, ਸੱਭਿਆਚਾਰਕ, ਵਿਦਿਅਕ, ਨਸਲੀ ਆਦਿ ਲੋੜਾਂ ਅਨੁਸਾਰ ਸਥਾਨਕੀ ਤੇ ਕੌਮਾਂਤਰੀ ਪੱਧਰ ਉੱਤੇ ਲਿਖੇ ਗਏ ਸਰੋਤ ਸ਼ਾਮਲ ਹੋਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਜਮਾਤਾਂ ਤੇ ਲਾਇਬ੍ਰੇਰੀ ਵਿਚ ਆਪਣੀ ਚੁਣੀ ਹੋਈ ਸਮੱਗਰੀ ਨੂੰ ਪੜ੍ਹਨ ਅਤੇ ਦੂਸਰਿਆਂ ਨਾਲ ਸਾਂਝਾ ਕਰਨ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। ਸਕੂਲ ਲਾਇਬ੍ਰੇਰੀਅਨ ਨੂੰ ਪੁਸਤਕ ਚਰਚਾਵਾਂ, ਲਾਇਬ੍ਰੇਰੀ ਸੂਚਨਾ ਬੋਰਡ, ਵੈੱਬਪੇਜ਼ ਅਤੇ ਸ਼ੋਸ਼ਲ ਮੀਡੀਆ ਦੇ ਰਾਹੀਂ ਲਾਇਬ੍ਰੇਰੀ ਵਿਚ ਪ੍ਰਾਪਤ ਕੀਤੀ ਗਈ ਸਮੁੱਚੀ ਪਠਨ ਸਮੱਗਰੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਇਸ ਨਾਲ ਅਧਿਆਪਕਾਂ ਤੇ ਵਿਦਿਆਰਥੀਆਂ ਸਮੇਤ ਸਕੂਲ ਦਾ ਵਿਆਪਕ ਭਾਈਚਾਰਾ ਨਵੇਂ ਸੂਚਨਾ ਸਰੋਤਾਂ ਤੋਂ ਵਾਕਫ਼ ਹੁੰਦਾ ਹੈ। ਇਸ ਤੋਂ ਇਲਾਵਾ, ਸਾਖਰਤਾ ਤੇ ਪੁਸਤਕ ਸੱਭਿਆਚਾਰ ਨੂੰ ਵਿਕਸਤ ਕਰਨ ਲਈ, ਲਾਇਬ੍ਰੇਰੀ ਜਾਂ ਸਕੂਲ ਵਿਚ ਸਮੇਂ-ਸਮੇਂ ‘ਤੇ ਖਾਸ ਸਮਾਗਮਾਂ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ; ਜਿਵੇਂਕਿ, ਪੁਸਤਕ ਪ੍ਰਦਰਸ਼ਨੀਆਂ, ਮਕਬੂਲ ਲੇਖਕਾਂ ਦੀਆਂ ਲਾਇਬ੍ਰੇਰੀ ਜਾਂ ਸਕੂਲ ਵਿਚ ਸਮੇਂ-ਸਮੇਂ ‘ਤੇ ਫੇਰੀਆਂ, ਅੰਤਰ-ਰਾਸ਼ਟਰੀ ਪੁਸਤਕ ਦਿਵਸ, ਲਾਇਬ੍ਰੇਰੀ ਹਫ਼ਤਾ, ਆਲਮੀ ਸਾਖਰਤਾ ਦਿਹਾੜਾ ਆਦਿ। ਇਹ ਸਮਾਗਮ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਵਿਚ ਸ਼ਮੂਲੀਅਤ ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ। ਘਰ ਵਿਚ ਪੁਸਤਕਾਂ ਪੜ੍ਹਨ ਦੇ ਕਾਰਜਕ੍ਰਮਾਂ ਤਹਿਤ ਮਾਪੇ ਵੀ ਆਪਣੇ ਬੱਚਿਆਂ ਦੇ ਸਾਖਰਤਾ ਵਿਕਾਸ ਵਿਚ ਭਾਗ ਲੈ ਸਕਦੇ ਹਨ।

*ਉਦਾਹਰਨ*

ਫਰਾਂਸ ਵਿਚ *ਬੈਬੇਲੀਓ ਚੈਲੰਜ* ਨਾਂ ਹੇਠ ਕਰਵਾਇਆ ਜਾਂਦਾ ਸਮਾਗਮ ਪੁਸਤਕਾਂ ਪੜ੍ਹਨ ਦੀ ਰੁਚੀ ਨੂੰ ਪ੍ਰਫੁਲਿਤ ਕਰਦਾ ਹੋਇਆ ਸਮਾਜਕ ਸਾਖਰਤਾ ਨੈੱਟਵਰਕ ਦੇ ਮਾਧਿਅਮ ਰਾਹੀਂ ਬਾਲ ਸਾਹਿਤ ਨੂੰ ਬੜਾਵਾ ਦਿੰਦਾ ਹੈ: www.babelio.com

*ਉਦਾਹਰਨ*

ਯੂ. ਕੇ. ਵਿਚ ਦਿ ਚਾਰਟਰਡ ਇੰਸਟੀਚਿਊਟ ਆਫ਼ ਲਾਇਬ੍ਰੇਰੀ ਐਂਡ ਇੰਨਫੌਰਮੇਸ਼ਨ ਪ੍ਰੋਫੈਸ਼ਨਲਜ਼ ਕਾਰਨਗੀ ਤੇ ਕੇਟ ਗਰੀਨਵੇਅ ਮੈਡਲਜ਼ ਸਾਂਝੇ ਤੌਰ 'ਤੇ ਗੁਪਤ ਸਕੀਮ ਤਹਿਤ ਹਰੇਕ ਸਾਲ ਇਨਾਮਾਂ ਵਾਸਤੇ ਨਾਮਜ਼ਦ ਹੋਈਆਂ ਪੁਸਤਕਾਂ ਸਬੰਧੀ ਪੂਰੇ ਯੂ. ਕੇ. ਵਿਚ ਪੁਸਤਕਾਂ ਪੜ੍ਹਨ ਦੀਆਂ ਸਰਗਰਮੀਆਂ ਨੂੰ ਤੇਜ ਕਰਦੇ ਹਨ: www.carnegiegreenaway.org.uk/shadowingsite/index.php

*ਉਦਾਹਰਨ*

ਇਟਲੀ ਦੇ ਸ਼ਹਿਰ ਬੋਲੋਗਨਾ ਵਿਚ ਸਾਲ 2004 ਨੂੰ ਹੈਮਲਿਨ ਕਲਚਰਲ ਐਸੋਸੀਏਸ਼ਨ ਤੇ ਸਾਲ਼ਾ ਜਨਤਕ ਲਾਇਬ੍ਰੇਰੀ ਦੇ ਪਰਸਪਰ ਸਹਿਯੋਗ ਨਾਲ ਜ਼ੈਨਾਡੂ ਪ੍ਰਾਜੈੱਕਟ ਦੀ ਸ਼ੁਰੂਆਤ ਕੀਤੀ ਗਈ। ਇਹ ਪ੍ਰਾਜੈੱਕਟ ਇਟਲੀ ਦੇ ਅਨੇਕਾਂ ਖੇਤਰਾਂ ਵਿਚ ਸਥਿਤ ਮਿਡਲ ਤੇ ਹਾਈ ਸਕੂਲਾਂ ਦੇ ਉਨ੍ਹਾਂ ਵਿਦਿਆਰਥੀਆਂ ਨਾਲ ਸਬੰਧਤ ਹੈ, ਜਿਨ੍ਹਾਂ ਦੀ ਉਮਰ ਲਗਭਗ 12-16 ਸਾਲ ਤਕ ਦੀ ਹੈ। ਇਹ ਵਿਦਿਆਰਥੀਆਂ ਵਿਚ ਗੰਭੀਰ ਤੇ ਆਲੋਚਨਾਤਮਕ ਸੋਚ ਨੂੰ ਵਿਕਸਤ ਕਰਨ ਲਈ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾਉਂਦਾ ਹੈ। ਇਹ ਪੁਸਤਕ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਦੇ ਨਾਲ-ਨਾਲ ਸਾਰਥਕ ਤੇ ਮਹੱਤਵਪੂਰਨ ਫ਼ਿਲਮਾਂ ਤੇ ਸੰਗੀਤ ਪ੍ਰਤੀ ਵੀ ਰੁਚੀ ਪੈਦਾ ਕਰਦਾ ਹੈ। www.bibliotecasalaborsa.it/ragazzi/xanadu2014/biblio.php

## 5.4 ਸੰਚਾਰ ਤਕਨਾਲੋਜੀ ਅਤੇ ਸੂਚਨਾ ਸਾਖਰਤਾ

ਸਕੂਲ ਲਾਇਬ੍ਰੇਰੀ ਦਾ ਦੂਜਾ ਮਹੱਤਵਪੂਰਨ ਕਾਰਜ ਸੂਚਨਾ ਤੇ ਸੰਚਾਰ ਤਕਨਾਲੋਜੀ ਦੀ ਸਾਖਰਤਾ ਨਾਲ ਸਬੰਧਤ ਹੈ। ਕਹਿੰਦੇ ਨੇ ਮਾਦੇ ਤੇ ਊਰਜਾ (ਮੈਟਰ ਐਂਡ ਐਨਰਜੀ) ਤੋਂ ਬਾਅਦ ਇਹ ਸੂਚਨਾ ਹੀ ਹੈ, ਜੋ ਇਸ ਸੰਸਾਰ ਨੂੰ ਚਲਾ ਰਹੀ ਹੈ। ਅਜੋਕਾ ਯੁੱਗ 'ਸੂਚਨਾ ਦਾ ਯੁੱਗ' ਹੈ, ਜਿਸ ਵਿਚ ਸੰਚਾਰ ਤਕਨਾਲੋਜੀ ਨੇ ਆਪਣਾ ਬਹੁਮੁੱਲਾ ਯੋਗਦਾਨ ਪਾਇਆ ਹੈ। ਆਧੁਨਿਕ ਸਮੇਂ ਵਿਚ ਸੂਚਨਾ ਦਾ ਇਕ ਹੜ੍ਹ ਜਿਹਾ ਆਇਆ ਪਿਆ ਹੈ ਤੇ ਸੂਚਨਾ ਸਾਗਰ ਵਿਚੋਂ ਸਮੇਂ ਸਿਰ ਲੁੜੀਂਦੀ ਤੇ ਸਹੀ ਜਾਣਕਾਰੀ ਪ੍ਰਾਪਤ ਕਰ ਲੈਣਾ ਆਪਣੇ ਆਪ 'ਚ ਇਕ ਵੱਡੀ ਪ੍ਰਾਪਤੀ ਹੈ।

ਸਕੂਲ ਲਾਇਬ੍ਰੇਰੀ ਵਿਦਿਆਰਥੀਆਂ ਨੂੰ ਲੁੜੀਂਦੀ ਸੂਚਨਾ ਲੱਭਣ ਤੇ ਵਰਤਣ ਦਾ ਢੰਗ ਸਿਖਾਉਂਦੀ ਹੈ। ਹੌਰਟਨ ਦੁਆਰਾ 2007 ਵਿਚ ਨੀਤੀ ਘਾੜਿਆਂ ਲਈ ਲਿਖਿਆ ਗਿਆ ਯੂਨੈਸਕੋ ਦਾ ਦਸਤਾਵੇਜ਼ ਸੂਚਨਾ ਸਾਖਰਤਾ ਸਬੰਧੀ ਪਰਿਭਾਸ਼ਾਵਾਂ ਤੇ ਸੰਕਲਪਾਂ ਨੂੰ ਸਮਝਣ ਦਾ ਇਕ ਵਧੀਆ ਸਰੋਤ ਹੈ। ਇਸ ਵਿਚ ਸੂਚਨਾ ਸਾਖਰਤਾ ਦੁਆਰਾ ਰਸਮੀਂ ਤੇ ਗੈਰ-ਰਸਮੀਂ ਸਿੱਖਿਆ ਵਿਚ ਨਿਭਾਈ ਜਾਂਦੀ ਭੂਮਿਕਾ ਨੂੰ ਬਿਆਨ ਕੀਤਾ ਗਿਆ ਹੈ। ਸੂਚਨਾ ਤੇ ਸੰਚਾਰ ਤਕਨਾਲੋਜੀ ਦੀ ਮਹੱਤਤਾ ਨੂੰ ਪਛਾਣਦੇ ਹੋਏ ਯੂਨੈਸਕੋ ਵੱਡੇ ਪੱਧਰ 'ਤੇ ਸੰਚਾਰ ਸਾਧਨ ਤੇ ਸੂਚਨਾ ਸਾਖਰਤਾ ਦੇ ਸੰਕਲਪ ਨੂੰ ਉੱਨਤ ਕਰ ਰਹੀ ਹੈ। ਯੂਨੈਸਕੋ ਦੇ ਦਸਤਾਵੇਜ਼ *ਮੀਡੀਆ ਐਂਡ ਇੰਨਫੌਰਮੇਸ਼ਨ ਲਿਟਰੇਸੀ ਕਰੀਕੁਲਿਮ ਫ਼ਾਰ ਟੀਚਰਜ਼* ਵਿਚ ਸੰਚਾਰ ਸਾਧਨ ਸਾਖਰਤਾ ਤੇ ਸੂਚਨਾ ਸਾਖਰਤਾ ਨੂੰ ਇਕਸਾਰ ਸਮਝਿਆ ਗਿਆ ਹੈ। ਇਸ ਦਸਤਾਵੇਜ਼ ਦਾ ਢਾਂਚਾ ਸਿੱਖਣ ਤੇ ਸਿਖਾਉਣ ਦੇ ਹੇਠਲੇ ਤਿੰਨ ਖੇਤਰਾਂ ਬਾਰੇ ਦੱਸਦਾ ਹੈ:

1. ਜਮਹੂਰੀਅਤ ਤੇ ਸਮਾਜਕ ਢਾਂਚੇ ਵਿਚ ਸਫਲਤਾਪੂਰਵਕ ਵਿਚਰਨ ਲਈ ਸੰਚਾਰ ਤਕਨਾਲੋਜੀ ਤੇ ਸੂਚਨਾ ਦੀ ਸਮਝ ਤੇ ਗਿਆਨ;
2. ਸੰਚਾਰ ਤਕਨਾਲੋਜੀ ਦੀਆਂ ਲਿਖਤਾਂ ਤੇ ਸੂਚਨਾ ਸਰੋਤਾਂ ਦਾ ਮੁਲਾਂਕਣ (ਇਹ ਕਿਸ ਦੁਆਰਾ ਲਿਖੀ ਗਈ ਹੈ, ਕਿਸ ਮਕਸਦ ਲਈ ਲਿਖੀ ਗਈ ਹੈ ਅਤੇ ਇਸ ਦਾ ਸੁਨੇਹਾ ਕੀ ਹੈ ਦੇ ਮੱਦੇਨਜ਼ਰ); ਅਤੇ
3. ਸੰਚਾਰ ਤਕਨਾਲੋਜੀ ਤੇ ਸੂਚਨਾ ਦੀ ਵਰਤੋਂ ਤੇ ਸਿਰਜਣਾ।

ਦੁਨੀਆਂ ਭਰ ਦੇ ਸਕੂਲ ਲਾਇਬ੍ਰੇਰੀਅਨ ਇਸ ਗੱਲ ਉੱਤੇ ਸਹਿਮਤ ਹਨ ਕਿ ਸੰਚਾਰ ਤਕਨਾਲੋਜੀ ਤੇ ਸੂਚਨਾ ਸਾਖਰਤਾ ਦੀਆਂ ਯੋਗਤਾਵਾਂ ਦੀ ਸਿੱਖਿਆ ਲਈ ਇਕ ਯੋਜਨਾਬੱਧ ਨੀਤੀ ਹੋਣੀ ਚਾਹੀਦੀ ਹੈ। ਉਹ ਅਧਿਆਪਕਾਂ ਦੇ ਤਾਲਮੇਲ ਨਾਲ ਵਿਦਿਆਰਥੀਆਂ ਦੀਆਂ ਇਨ੍ਹਾਂ ਕੁਸ਼ਲਤਾਵਾਂ ਦੇ ਵਿਕਾਸ ਵਿਚ ਯੋਗਦਾਨ ਪਾਉਂਦੇ ਹਨ। ਇਨ੍ਹਾਂ ਸਮਰੱਥਾਵਾਂ ਸਬੰਧੀ ਪਾਠਕ੍ਰਮ-ਅਧਾਰਤ ਸਿਖਿਆਤਮਕ ਕਾਰਜਕ੍ਰਮ ਦਾ ਟੀਚਾ ਅਜਿਹੇ ਸੂਚਨਾ ਸਾਖਰ ਵਿਦਿਆਰਥੀਆਂ ਦਾ ਨਿਰਮਾਣ ਕਰਨਾ ਹੈ, ਜੋ ਸਮਾਜ ਵਿਚ ਸਦਾਚਾਰ ਤੇ ਜ਼ੁੰਮੇਵਾਰ ਭਾਗੀਦਾਰ ਬਣ ਸਕਦੇ ਹੋਣ। ਅਜਿਹੇ ਵਿਦਿਆਰਥੀ ਕਾਬਲ ਸਵੈ-ਨਿਰਦੇਸ਼ਿਤ ਸਿਖਿਆਰਥੀ ਹੁੰਦੇ ਹਨ, ਜੋ ਜਾਣਕਾਰੀ ਸਬੰਧੀ ਆਪਣੀਆਂ ਲੋੜਾਂ ਤੋਂ ਭਲੀ ਭਾਂਤ ਜਾਣੂ ਹੋਣ ਦੇ ਨਾਲ-ਨਾਲ ਸਰਗਰਮ ਰੂਪ ਵਿਚ ਨਵੇਂ ਵਿਚਾਰਾਂ ਨੂੰ ਘੜਣ ਲਈ ਵਚਨਬੱਧ ਹੁੰਦੇ ਹਨ। ਆਪਣੀ ਇਸ ਯੋਗਤਾ ਜ਼ਰੀਏ ਉਹ ਮੁਸ਼ਕਲਾਂ ਨੂੰ ਹੱਲ ਕਰਨ ਦੇ ਹੌਸਲੇ ਦੀ ਪੇਸ਼ਕਾਰੀ ਕਰਦੇ ਹਨ ਤੇ ਕੁਸ਼ਲਤਾਪੂਰਵਕ ਇਹ ਵੀ ਜਾਣਦੇ ਹਨ ਕਿ ਢੁੱਕਵੀਂ ਤੇ ਭਰੋਸੇਯੋਗ ਜਾਣਕਾਰੀ ਕਿੱਥੋਂ ਲੱਭੀ ਜਾ ਸਕਦੀ ਹੈ। ਉਹ ਤਕਨਾਲੋਜੀ ਦੇ ਆਧੁਨਿਕ ਉਪਕਰਨਾਂ ਦੀ ਵਰਤੋਂ ਨਾਲ ਉਕਤ ਜਾਣਕਾਰੀ ਹਾਸਲ ਕਰਨ ਦੇ ਸਮਰੱਥ ਹੁੰਦੇ ਹਨ। ਇਸ ਤੋਂ ਇਲਾਵਾ ਉਹ ਇਨ੍ਹਾਂ ਉਪਕਰਨਾਂ ਨੂੰ ਨਵੀਨ ਜਾਣਕਾਰੀ ਦੇ ਸੰਚਾਰ ਜਾਂ ਨਵੇਂ ਸਿਰੇ ਤੋਂ ਪੇਸ਼ ਕਰਨ ਦੇ ਢੰਗਾਂ ਤੋਂ ਵੀ ਵਾਕਫ਼ ਹੁੰਦੇ ਹਨ। ਉਹ ਉਨ੍ਹਾਂ ਸਥਿਤੀਆਂ ਵਿਚ ਨਿਸ਼ਚਿੰਤ ਤੇ ਸਹਿਜ ਹੋ ਕੇ ਕੰਮ ਕਰਨ ਦੇ ਯੋਗ ਹੁੰਦੇ ਹਨ, ਜਿਨ੍ਹਾਂ ਸਥਿਤੀਆਂ ਵਿਚ ਉਨ੍ਹਾਂ ਕੋਲ ਇਕ ਮੁਸ਼ਕਲ ਦੇ ਕਈ ਹੱਲ ਹੁੰਦੇ ਹਨ ਜਾਂ ਇਸ ਦੇ ਉਲਟ ਕੋਈ ਹੱਲ ਨਹੀਂ ਹੁੰਦਾ। ਉਹ ਆਪਣੇ ਕੰਮ ਦਾ ਪੱਧਰ ਉੱਚਾ ਰੱਖਦੇ ਹਨ ਤੇ ਗੁਣਵੱਤਾ ਭਰਪੂਰ ਉਤਪਾਦਾਂ ਦੀ ਰਚਨਾ ਕਰਦੇ ਹਨ। ਉਹ ਆਲੋਚਨਾਤਮਕ, ਗੰਭੀਰ ਅਤੇ ਪਾਰਖੂ ਸੋਚ ਦੇ ਧਾਰਨੀ ਹੁੰਦੇ ਹਨ। ਉਹ ਲਚਕਦਾਰ ਹੁੰਦੇ ਹੋਏ ਹਰ ਵੰਗਾਰ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹਨ। ਉਹ ਇਕੱਲੇ ਤੌਰ 'ਤੇ ਤੇ ਸਮੂਹ ਵਿਚ ਕੰਮ ਕਰਨ ਦੇ ਯੋਗ ਹੁੰਦੇ ਹਨ।

*ਉਦਾਹਰਨ*

ਫਰਾਂਸ ਵਿਚ ਵਿਦਿਆਰਥੀਆਂ ਨੂੰ ਇੰਟਰਨੈੱਟ ਦੀ ਜ਼ੁੰਮੇਵਾਰ ਵਰਤੋਂ ਲਈ ਸਿੱਖਿਅਤ ਕੀਤੀ ਜਾਂਦਾ ਹੈ।
http://eduscol.education.fr/internet-responsable

*ਉਦਾਹਰਨ*

ਫਰਾਂਸ ਵਿਚ ਸਕੂਲ ਲਾਇਬ੍ਰੇਰੀਅਨਾਂ ਵਾਸਤੇ ਨਿਰਧਾਰਤ ਸਿਖਲਾਈ ਕੋਰਸਾਂ ਦੇ ਪਾਠਕ੍ਰਮ ਵਿਚ ਸੰਚਾਰ ਸਾਧਨ ਤੇ ਸੂਚਨਾ ਸਾਖਰਤਾ ਦੀ ਸਿੱਖਿਆ ਸ਼ਾਮਲ ਹੁੰਦੀ ਹੈ।
http://media.eduscol.education.fr/file/Pacifi/85/4/Reperes_Pacifi_157854.pdf

## 5.5 ਖੋਜ-ਅਧਾਰਤ ਸਿੱਖਿਆ

ਅਨੇਕਾਂ ਦੇਸ਼ਾਂ, ਸਥਾਨਕੀ ਸਰਕਾਰਾਂ ਅਤੇ ਸਕੂਲ ਲਾਇਬ੍ਰੇਰੀਆਂ ਨੇ ਵਿੱਦਿਆ ਦੇ ਕਾਮਯਾਬ ਮਾਡਲ/ਨਮੂਨੇਂ ਵਿਕਸਤ ਕੀਤੇ ਹਨ। ਇਹ ਮਾਡਲ ਅਜਿਹੀ ਸਿੱਖਿਆ ਦੀ ਰੂਪ-ਰੇਖਾ ਤਿਆਰ ਕਰਨ ਵਿਚ ਸਹਾਇਤਾ ਕਰਦੇ ਹਨ, ਜੋ ਖੋਜ ਪ੍ਰਾਜੈੱਕਟਾਂ ਦੇ ਸੰਦਰਭ ਅਧੀਨ ਸੰਚਾਰ ਸਾਧਨ ਤੇ ਸੂਚਨਾ ਸਾਖਰਤਾ ਦੀਆਂ ਸਮਰੱਥਾਵਾਂ ਵਿਚ ਵਾਧਾ ਕਰਦੀ ਹੈ। ਖੋਜ-ਅਧਾਰਤ ਸਿੱਖਿਆ ਲਈ ਨਮੂਨੇਂ ਘੜਨ ਦਾ ਕਾਰਜ ਸਾਲਾਂ-ਬੱਧੀ ਸਿਰੜੀ ਖੋਜ, ਪੁਖ਼ਤਗੀ ਅਤੇ ਵਿਹਾਰਕ ਪ੍ਰਯੋਗ ਦੀ ਮੰਗ ਕਰਦਾ ਹੈ। ਇਸ ਲਈ ਜਿਹੜੇ ਸਕੂਲਾਂ ਵਿਚ ਸਿੱਖਿਆ ਦਾ ਕੋਈ ਮਾਡਲ ਮੌਜੂਦ ਨਹੀਂ ਹੈ, ਉਨ੍ਹਾਂ ਸਕੂਲਾਂ ਨੂੰ ਬਜਾਏ ਆਪਣੇ ਨਵੇਂ ਨਮੂਨੇਂ ਵਿਕਸਤ ਕਰਨ ਦੇ ਅਜਿਹਾ ਮਾਡਲ ਚੁਣ ਲੈਣਾ ਚਾਹੀਦਾ ਹੈ, ਜੋ ਸਕੂਲ ਦੇ ਪਾਠਕ੍ਰਮ ਦੇ ਸਿਖਿਆਤਮਕ ਨਤੀਜਿਆਂ ਤੇ ਉਦੇਸ਼ਾਂ ਦੇ ਅਨੁਕੂਲ ਹੋਵੇ। ਅਜਿਹੇ ਨਮੂਨਿਆਂ ਦੀਆਂ ਉੱਤਮ ਉਦਾਹਰਨਾਂ ਹਥਲੇ ਦਸਤਾਵੇਜ਼ ਦੀ ਅੰਤਿਕਾ-ੲ ਵਿਚ ਦਿੱਤੀਆਂ ਗਈਆਂ ਹਨ।

ਸਕੂਲੀ ਵਿਦਿਆਰਥੀਆਂ ਨੂੰ ਉਮਰ ਭਰ ਸੂਚਨਾ ਪ੍ਰਾਪਤੀ ਦੇ ਤਰੀਕਿਆਂ ਤੋਂ ਜਾਣੂ ਕਰਵਾਉਣ ਲਈ, ਖੋਜ-ਅਧਾਰਤ ਸਿੱਖਿਆ ਦੇ ਮਾਡਲ ਆਮ ਤੌਰ 'ਤੇ ਅਜਿਹੀ ਪ੍ਰਕਿਰਿਆ ਵਿਧੀ ਨੂੰ ਵਰਤਦੇ ਹਨ, ਜੋ ਸਕੂਲੀ ਪਾਠਕ੍ਰਮ ਦੀਆਂ ਲੋੜਾਂ ਦੀ ਪੂਰਤੀ ਕਰਦੀ ਹੋਈ ਅਸਲ ਜ਼ਿੰਦਗੀ ਦੀਆਂ ਸੂਚਨਾਤਮਕ ਲੋੜਾ 'ਤੇ ਵੀ ਢੁੱਕਦੀ ਹੈ। ਇਨ੍ਹਾਂ ਨਮੂਨਿਆਂ ਵਿਚ ਵਿਭਿੰਨ ਤਰ੍ਹਾਂ ਦੇ ਅੰਤਰੀਵ ਸੰਕਲਪ ਸ਼ਾਮਲ ਹੁੰਦੇ ਹਨ; ਜਿਵੇਂਕਿ:

- ਵਿਦਿਆਰਥੀ ਸੂਚਨਾ ਤੋਂ ਅਰਥ ਦੀ ਸਿਰਜਣਾ ਕਰਦੇ ਹਨ।
- ਪ੍ਰਕਿਰਿਆ ਵਿਧੀ ਦੇ ਤਹਿਤ ਵਿਦਿਆਰਥੀ ਗੁਣਵੱਤਾ ਭਰਪੂਰ ਕੰਮਾਂ ਦੀ ਸਿਰਜਣਾ ਕਰਦਾ ਹੈ।
- ਵਿਦਿਆਰਥੀ ਇਹ ਵੀ ਸਿੱਖਦਾ ਹੈ ਕਿ ਸੁਤੰਤਰ ਰੂਪ ਵਿਚ ਤੇ ਕਿਸੇ ਸਮੂਹ ਦੇ ਮੈਂਬਰ ਵਜੋਂ ਕਿਵੇਂ ਕੰਮ ਕਰੀਦਾ ਹੈ।
- ਵਿਦਿਆਰਥੀ ਸੂਚਨਾ ਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਜ਼ੁੰਮੇਵਾਰੀ ਨਾਲ ਤੇ ਨੈਤਿਕ ਰੂਪ ਵਿਚ ਕਰਦਾ ਹੈ।

ਖੋਜ-ਅਧਾਰਤ ਸਿੱਖਿਆ ਦੇ ਮਾਡਲਾਂ ਵਿਚ ਖੋਜ ਤੇ ਤਾ-ਉਮਰ ਸਿੱਖਿਆ ਦੀਆਂ ਅਨੇਕਾਂ ਮੂਲ ਕਿਰਿਆਵਾਂ ਸ਼ਾਮਲ ਹੁੰਦੀਆਂ ਹਨ; ਜਿਵੇਂਕਿ, ਯੋਜਨਾ ਬਣਾਉਣੀ, ਲੱਭਣਾ ਤੇ ਪ੍ਰਾਪਤ ਕਰਨਾ, ਚੁਣਨਾ ਤੇ ਤਰਤੀਬ ਦੇਣੀ, ਸਮਝ ਬਣਾਉਣੀ ਤੇ ਸਿਰਜਣਾ ਕਰਨੀ, ਅਮਲੀ ਰੂਪ ਦੇਣਾ ਤੇ ਸਾਂਝ ਬਣਾਉਣੀ ਅਤੇ ਅੰਤ ਵਿਚ ਮੁਲਾਂਕਣ ਕਰਨਾ। ਅਜਿਹੇ ਮਾਡਲ ਸਵੈ-ਨਿਰਦੇਸ਼ਿਤ ਸਿੱਖਿਆ ਦੀਆਂ ਯੋਗਤਾਵਾਂ ਤੇ ਪਰਸਪਰ ਸਹਿਯੋਗ ਦੀਆਂ ਕੁਸ਼ਲਤਾਵਾਂ ਨੂੰ ਵੀ ਵਧਾਉਂਦੇ ਹਨ। ਇਹ ਨਿਪੁੰਨਤਾਵਾਂ ਸਮੇਂ ਨਾਲ ਕਿਸੇ ਵਿਸ਼ੇ ਦੇ ਸੰਦਰਭ ਅਧੀਨ, ਮੌਜੂਆਂ ਤੇ ਪਾਠਕ੍ਰਮ 'ਚੋਂ ਉਪਜੀਆਂ ਮੁਸ਼ਕਲਾਂ ਨਾਲ ਵਧੇਰੇ ਵਿਕਸਤ ਹੁੰਦੀਆਂ ਹਨ। ਇਨ੍ਹਾਂ ਦਾ ਵਿਸਥਾਰਪੂਰਵਕ ਵੇਰਵਾ ਇਸ ਪ੍ਰਕਾਰ ਹੈ:

ਯੋਜਨਬੰਦੀ ਤੋਂ ਬਿਨਾਂ ਸ਼ੁਰੂ ਕੀਤੇ ਗਏ ਕੰਮ ਘੱਟ ਹੀ ਨੇਪਰੇ ਚੜ੍ਹਦੇ ਹਨ। ਇਸ ਲਈ ਕਿਸੇ ਵੀ ਖੋਜ ਕਾਰਜ, ਗਤੀਵਿਧੀ ਅਤੇ ਕੰਮ ਨੂੰ ਸਮੇਂ ਸਿਰ ਸਫਲਤਾਪੂਰਵਕ ਮੁਕੰਮਲ ਕਰਨ ਲਈ ਵਿਓਂਤਬੰਦੀ ਦੀਆਂ ਕੁਸ਼ਲਤਾਵਾਂ ਬਹੁਤ ਜ਼ਰੂਰੀ ਹਨ। ਖੋਜ ਦੇ ਸ਼ੁਰੂਆਤੀ ਪੜਾਅ ਉੱਤੇ ਇਹ ਕੁਸ਼ਲਤਾਵਾਂ ਢੁੱਕਵੇਂ ਸਵਾਲਾਂ ਨੂੰ ਘੜਨ, ਉਪਯੋਗੀ ਸੂਚਨਾ ਸਰੋਤਾਂ ਤੇ ਲੁੜੀਂਦੀ ਜਾਣਕਾਰੀ ਨੂੰ ਲੱਭਣ ਦੀਆਂ ਮੁਮਕਨ ਵਿਧੀਆਂ ਨੂੰ ਪਛਾਣਨ ਅਤੇ ਸਬੰਧਤ ਖੋਜ ਕਾਰਜ ਨੂੰ ਨਿਪਟਾਉਣ ਦੀ ਵਾਜਬ ਮਿਆਦ ਮਿੱਥਣ ਵਿਚ ਸਹਾਈ ਹੁੰਦੀਆਂ ਹਨ। ਇਕ ਗੱਲ ਯਾਦ ਰਹੇ ਕਿ ਯੋਜਨਾਬੰਦੀ ਇਕ ਵਿਕਾਸਸ਼ੀਲ ਕਾਰਜ ਹੈ ਤੇ ਖੋਜ ਪ੍ਰਕਿਰਿਆ ਦੇ ਮੁੱਢ ਤੋਂ ਅਖੀਰ ਤਕ ਵਿਦਿਆਰਥੀ ਆਪਣੀਆਂ ਯੋਜਨਾਵਾਂ ਨੂੰ ਅਕਲਪਿਤ ਚੁਣੌਤੀਆਂ ਤੇ ਅੜਚਨਾਂ ਦੇ ਮੱਦੇ ਨਜ਼ਰ ਸੋਧ ਸਕਦੇ ਹਨ।

ਯੋਜਨਾਬੱਧ ਖੋਜ ਕਾਰਜ ਲਈ ਸੂਚਨਾ ਲੱਭਣ ਤੇ ਪ੍ਰਾਪਤ ਕਰਨ ਦੀਆਂ ਨਿਪੁੰਨਤਾਵਾਂ ਅਤਿ ਲੁੜੀਂਦੀਆਂ ਹਨ। ਇਨ੍ਹਾਂ ਕੁਸ਼ਲਤਾਵਾਂ ਵਿਚ ਅਨੇਕਾਂ ਸਰਗਰਮੀਆਂ ਦੀ ਸਮਝ ਸ਼ਾਮਲ ਹੁੰਦੀ ਹੈ; ਜਿਵੇਂਕਿ, ਸੂਚਨਾ ਸਰੋਤਾਂ ਵਿਚਲੀ ਅੱਖਰਕ੍ਰਮ ਤੇ ਸੰਖਿਆਕ੍ਰਮ ਤਰਤੀਬ ਦਾ ਗਿਆਨ, ਕੰਪਿਊਟਰ ਡਾਟਾਬੇਸ ਤੇ ਇੰਟਰਨੈੱਟ ਤੋਂ ਜਾਣਕਾਰੀ ਲੱਭਣ ਵਾਸਤੇ ਵਿਭਿੰਨ ਤਰ੍ਹਾਂ ਦੀਆਂ ਵਿਧੀਆਂ ਦੀ ਵਰਤੋਂ ਦੀ ਸਮਝ ਅਤੇ ਅਨੁਕ੍ਰਮਣਿਕਾਵਾਂ ਤੇ ਸੰਦਰਭ ਸਰੋਤਾਂ ਨੂੰ ਵਰਤਣ ਦੀ ਯੋਗਤਾ। ਸੂਚਨਾ ਦੀ ਸਿਰਜਣਾ ਸਬੰਧੀ ਕਾਬਲੀਅਤ ਵਿਚ ਸਰੋਤਾਂ ਦੇ ਅਧਿਐਨ ਤੋਂ ਇਲਾਵਾ ਕਈ ਤਰ੍ਹਾਂ ਦੇ ਢੰਗ ਸ਼ਾਮਲ ਹੁੰਦੇ ਹਨ; ਜਿਵੇਂ ਸਰਵੇਖਣ, ਮੁਲਾਕਾਤ, ਪ੍ਰਯੋਗ ਅਤੇ ਅਨੁਭਵ।

ਸੂਚਨਾ ਲੱਭਣ ਤੇ ਪ੍ਰਾਪਤ ਕਰਨ ਦੀਆਂ ਨਿਪੁੰਨਤਾਵਾਂ ਤੋਂ ਬਾਅਦ ਉਹ ਯੋਗਤਾਵਾਂ ਆਉਂਦੀਆਂ ਹਨ, ਜਿਨ੍ਹਾਂ ਦਾ ਸਬੰਧ ਸੂਚਨਾ ਚੁਣਨ ਤੇ ਉਸ ਨੂੰ ਤਰਤੀਬ ਦੇਣ ਨਾਲ ਹੁੰਦਾ ਹੈ। ਇਨ੍ਹਾਂ ਸਮਰੱਥਾਵਾਂ ਦਾ ਮੰਤਵ ਖੋਜ ਅਨੁਸਾਰ ਢੁੱਕਵੀਂ ਤੇ ਸਾਰਥਕ ਜਾਣਕਾਰੀ ਪ੍ਰਾਪਤ ਕਰਨ ਨਾਲ ਹੁੰਦਾ ਹੈ। ਇਹ ਕੁਸ਼ਲਤਾਵਾਂ ਗੰਭੀਰ, ਆਲੋਚਨਾਤਮਕ ਅਤੇ ਪਾਰਖੂ ਸੋਚ ਦੀ ਮੰਗ ਕਰਦੀਆਂ ਹਨ। ਇਨ੍ਹਾਂ ਯੋਗਤਾਵਾਂ ਵਿਚ ਜਿਹੜੇ ਮਾਪਦੰਡ ਵਿਦਿਆਰਥੀਆਂ ਦੀ ਮਹੱਤਵਪੂਰਨ ਸੂਚਨਾ ਚੁਣਨ ਵਿਚ ਮਦਦ ਕਰਦੇ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: ਪ੍ਰਾਪਤ ਕੀਤੀ ਗਈ ਜਾਣਕਾਰੀ ਦਾ ਲੇਖਕ/ਸੰਪਾਦਕ/ਪ੍ਰਕਾਸ਼ਕ ਕੌਣ ਹੈ? ਕੀ ਜਾਣਕਾਰੀ ਪੂਰੀ ਹੈ ਜਾਂ ਅਧੂਰੀ? ਜਾਣਕਾਰੀ ਨੂੰ ਮੁਹੱਈਆ ਕਰਵਾਉਣ ਵਿਚ ਇਸ ਦੇ ਰਚੇਤਾ ਦਾ ਕਿੰਨ੍ਹਾਂ ਕੁ ਸਮਾਂ ਲੱਗਾ ਹੈ? ਕੀ ਜਾਣਕਾਰੀ ਦਰੁਸਤ ਹੈ? ਅਤੇ ਜਾਣਕਾਰੀ ਦੇ ਰਚੇਤਾ ਦਾ ਦ੍ਰਿਸ਼ਟੀਕੋਣ ਕੀ ਹੈ?

ਉਪਰੋਕਤ ਯੋਗਤਾਵਾਂ ਤੋਂ ਬਾਅਦ ਨਵੀਨ ਸੂਚਨਾ ਦੀ ਸਿਰਜਣਾ ਲਈ ਲੁੜੀਂਦੀਆਂ ਸਮਰੱਥਾਵਾਂ ਇਸ ਪ੍ਰਕਾਰ ਹਨ: ਵਿਭਿੰਨ ਸਰੋਤਾਂ ਤੋਂ ਸੂਚਨਾ ਨੂੰ ਇਕੱਤਰ ਕਰਨ ਦੀ ਯੋਗਤਾ, ਤੱਥ ਅਧਾਰਤ ਸਹੀ ਅਨੁਮਾਨ ਲਗਾਉਣ ਦੀ ਕਾਬਲੀਅਤ, ਸਿੱਟੇ ਕੱਢਣ ਦੀ ਜਾਚ ਅਤੇ ਇਸ ਸਭ ਦਾ ਪੂਰਵ ਗਿਆਨ ਨਾਲ ਸਬੰਧ ਜੋੜਨ ਦੀ ਕੁਸ਼ਲਤਾ। ਇਨ੍ਹਾਂ ਨਿਪੁੰਨਤਾਵਾਂ ਤਹਿਤ ਹੀ ਵਿਦਿਆਰਥੀਆਂ ਵਿਚ ਇਕੱਠੀ ਕੀਤੀ ਗਈ ਜਾਣਕਾਰੀ ਦੀ ਸਮਝ ਬਣਦੀ ਹੈ ਤੇ ਉਹ ਇਸ ਜਾਣਕਾਰੀ ਨੂੰ ਨਿੱਜੀ ਗਿਆਨ ਵਿਚ ਤਬਦੀਲ ਕਰਨ ਦੇ ਯੋਗ ਬਣਦੇ ਹਨ।

ਨਵੀ ਜਾਣਕਾਰੀ ਨੂੰ ਅਮਲੀ ਰੂਪ ਦੇਣ ਤੇ ਇਸ ਸੂਚਨਾ ਨੂੰ ਹੋਰਾਂ ਨਾਲ ਸਾਂਝਾ ਕਰਨ ਦੀਆਂ ਨਿਪੁੰਨਤਾਵਾਂ ਦਾ ਸਬੰਧ ਅਜਿਹੇ ਗੁਣਵੱਤਾ ਭਰਪੂਰ ਸਰੋਤਾਂ ਦੀ ਅੰਤਿਮ ਸਿਰਜਣਾ ਨਾਲ ਹੈ, ਜਿਨ੍ਹਾਂ ਤਹਿਤ ਸਪਸ਼ਟ ਰੂਪ ਵਿਚ ਉਨ੍ਹਾਂ ਵਿਚਾਰਾਂ

ਦੀ ਪਾਠਕਾਂ ਨਾਲ ਸਾਂਝ ਪਾਈ ਜਾਂਦੀ ਹੈ, ਜੋ ਸਥਾਪਤ ਟੀਚਿਆਂ ਤੇ ਮਾਪਦੰਡ ਨੂੰ ਪੇਸ਼ ਕਰਦੇ ਹੋਣ। ਇਨ੍ਹਾਂ ਵਿਚ ਪਾਠਕਾਂ ਦੀ ਸਮਝ ਸਮੇਤ ਪ੍ਰਭਾਵਸ਼ਾਲੀ ਪੇਸ਼ਕਾਰੀ ਦੀਆਂ ਨਿਪੁੰਨਤਾਵਾਂ ਦਾ ਪ੍ਰਦਰਸ਼ਨ ਵੀ ਸ਼ਾਮਲ ਹੁੰਦਾ ਹੈ।

ਮੁਲਾਂਕਣ ਦੀਆਂ ਯੋਗਤਾਵਾਂ ਨਾਲ ਖੋਜ ਦੀ ਵਿਧੀ ਤੇ ਇਸ ਦੇ ਕੰਮ ਦੀ ਪਰਖ-ਪੜਚੋਲ ਕੀਤੀ ਜਾਂਦੀ ਹੈ। ਇਸ ਮਾਮਲੇ ਵਿਚ ਵਿਦਿਆਰਥੀਆਂ ਨੂੰ ਆਪਣੇ ਯਤਨਾਂ ਤੇ ਪ੍ਰਾਪਤੀ ਪ੍ਰਤੀ ਗੰਭੀਰ ਰੂਪ ਵਿਚ ਸੋਚਣ ਦੀ ਲੋੜ ਹੁੰਦੀ ਹੈ। ਉਹ ਆਪਣੇ ਮੁਕੰਮਲ ਕੀਤੇ ਗਏ ਕੰਮ ਨੂੰ ਮੂਲ ਯੋਜਨਾ ਤੇ ਨਿਰਧਾਰਤ ਟੀਚਿਆਂ ਨਾਲ ਮੇਲਣ ਦੇ ਯੋਗ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਉਹ ਆਪਣੇ ਕਾਰਜ ਦੀਆਂ ਕਮੀਆਂ ਤੇ ਖੂਬੀਆਂ ਨੂੰ ਨਿਖੇੜਨ ਦੇ ਨਾਲ-ਨਾਲ ਭਵਿੱਖ ਵਿਚ ਇਸ ਕਾਰਜ ਦੇ ਸੁਧਾਰਾਂ ਤੇ ਸੰਭਾਵਨਾਵਾਂ ਨੂੰ ਪੇਸ਼ ਕਰਨ ਦੇ ਵੀ ਯੋਗ ਹੋਣੇ ਚਾਹੀਦੇ ਹਨ।

ਉਮਰ ਭਰ ਸਿਖਿਆਰਥੀ ਬਣਨ ਵਾਲੇ ਵਿਅਕਤੀਆਂ ਦੇ ਜੀਵਨ ਵਿਚ ਸਵੈ-ਨਿਰਦੇਸ਼ਿਤ ਸਿੱਖਿਆ ਦੀਆਂ ਨਿਪੁੰਨਤਾਵਾਂ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਆਮ ਤੌਰ ‘ਤੇ ਇਹ ਵੇਖਿਆ ਗਿਆ ਹੈ ਕਿ ਕਿਸੇ ਵੀ ਖੋਜ ਦੌਰਾਨ ਵਿਦਿਆਰਥੀਆਂ ਨੂੰ ਮਾਰਗ ਦਰਸ਼ਨ ਦੀ ਲੋੜ ਹੁੰਦੀ ਹੈ ਤੇ ਇਹ ਯੋਗਤਾਵਾਂ ਖੋਜ ਕਾਰਜ ਨੂੰ ਸਫਲਤਾਪੂਰਵਕ ਮੁਕੰਮਲ ਕਰਨ ਸਹਾਇਤਾ ਕਰਦੀਆਂ ਹਨ। ਇਹ ਸਿੱਖਿਆ ਦੇ ਉਦੇਸ਼ਾਂ ਦੀ ਸਥਾਪਤੀ ਤੇ ਪ੍ਰਾਪਤੀ ਲਈ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੀਆਂ ਹਨ। ਸਵੈ-ਨਿਰਦੇਸ਼ਿਤ-ਸਿਖਿਆਰਥੀ ਸੂਚਨਾ ਸੰਚਾਰ ਤਕਨਾਲੋਜੀ ਦੇ ਵਿਭਿੰਨ ਉਪਕਰਨਾਂ ਨੂੰ ਵਰਤਣ ਦੇ ਯੋਗ ਹੁੰਦੇ ਹਨ। ਇਨ੍ਹਾਂ ਉਪਕਰਨਾਂ ਨਾਲ ਉਹ ਖੋਜ ਪ੍ਰਾਜੈੱਕਟਾਂ ਤੇ ਨਿੱਜੀ ਲੋੜਾਂ ਲਈ ਸੂਚਨਾ ਨੂੰ ਪ੍ਰਾਪਤ ਕਰਨ, ਸ਼ੰਕਿਆਂ ਦੇ ਹੱਲ ਲੱਭਣ, ਬਦਲਵੇਂ ਪਰਿਪੇਖਾਂ ਬਾਰੇ ਸੋਚਣ ਅਤੇ ਵਿਭਿੰਨ ਤਰ੍ਹਾਂ ਦੇ ਦ੍ਰਿਸ਼ਟੀਕੋਣਾਂ ਦਾ ਮੁਲਾਂਕਣ ਕਰਨ ਦੇ ਯੋਗ ਬਣਦੇ ਹਨ। ਉਨ੍ਹਾਂ ਨੂੰ ਇਹ ਭਲੀ-ਭਾਂਤ ਪਤਾ ਹੁੰਦਾ ਹੈ ਕਿ ਸੂਚਨਾ, ਸੂਚਨਾ ਦੇ ਸਰੋਤ ਅਤੇ ਲਾਇਬ੍ਰੇਰੀਆਂ ਦੀ ਵਿਵਸਥਾ ਤੇ ਬਣਤਰ ਗੁੰਜਲਦਾਰ ਹੁੰਦੀ ਹੈ। ਇਸ ਲਈ ਜਦੋਂ ਉਨ੍ਹਾਂ ਨੂੰ ਲੋੜ ਹੁੰਦੀ ਹੈ, ਉਹ ਮਦਦ ਮੰਗਣ ਦੇ ਕਾਬਲ ਹੁੰਦੇ ਹਨ।

ਇਕਜੁਟ ਹੋ ਕੇ ਕੰਮ ਕਰਨ ਨਾਲ ਵਿਦਿਆਰਥੀਆਂ ਵਿਚ ਪਰਸਪਰ ਸਹਿਯੋਗ ਦੀਆਂ ਯੋਗਤਾਵਾਂ ਦਾ ਵਿਕਾਸ ਹੁੰਦਾ ਹੈ। ਇਸ ਨਾਲ ਉਹ ਆਪਣੀ ਰਾਏ ਨੂੰ ਬਚਾਉਣ ਤੇ ਦੂਜੇ ਦੇ ਵਿਚਾਰਾਂ ਦੀ ਉਸਾਰੂ ਰੂਪ ਵਿਚ ਆਲੋਚਨਾ ਕਰਨਾ ਸਿੱਖਦੇ ਹਨ। ਉਹ ਦੂਜਿਆਂ ਦੇ ਵਿਚਾਰਾਂ ਦੀ ਕਦਰ ਕਰਦੇ ਹੋਏ ਉਨ੍ਹਾਂ ਦੇ ਪਿਛੋਕੜਾਂ ਤੇ ਸਿੱਖਣ ਦੇ ਢੰਗਾਂ ਦਾ ਸਤਿਕਾਰ ਕਰਦੇ ਹਨ। ਉਹ ਬਿਨਾਂ ਕਿਸੇ ਭੇਦਭਾਵ ਦੇ ਇਕਮੁਠ ਹੋ ਕੇ ਪ੍ਰਾਜੈੱਕਟਾਂ ਦੀ ਸਿਰਜਣਾ ਕਰਦੇ ਹਨ।

ਖੋਜ-ਅਧਾਰਤ ਸਿੱਖਿਆ ਦੀ ਪ੍ਰਕਿਰਿਆ ਵਿਧੀ ਦਾ ਘੇਰਾ ਲੁੜੀਂਦੀ ਜਾਣਕਾਰੀ ਦੀ ਭਾਲ ਤੋਂ ਲੈ ਕੇ ਇਸ ਦੀ ਜੁੰਮੇਵਾਰ ਵਰਤੋਂ ਤੇ ਕਿਸੇ ਨਿਸ਼ਚਤ ਪ੍ਰਸ਼ਨ ਦੇ ਉੱਤਰ ਦੇਣ ਤੋਂ ਲੈ ਕੇ ਕਿਸੇ ਮੌਜ਼ੂ ਨੂੰ ਤੱਥ-ਅਧਾਰਤ ਸਪਸ਼ਟ ਰੂਪ ਦੇਣ ਤਕ ਫੈਲਿਆ ਹੈ। ਇਹ ਲੁੜੀਂਦੀ ਜਾਣਕਾਰੀ ਵਾਸਤੇ ਕੀਤੀ ਗਈ ਭਾਲ ਦੀ ਪ੍ਰਕਿਰਿਆ ਦੇ ਨਾਲ-ਨਾਲ ਖੋਜ ਦੇ ਅੰਤਿਮ ਰੂਪ ਬਾਰੇ ਵੀ ਸੋਚਦੀ ਹੈ। ਇਹ ਆਮ ਤੌਰ ‘ਤੇ ਉਸ ਉਲਝਣ ਦੀ ਸਮਝ ਦੀ ਮੰਗ ਕਰਦੀ ਹੈ, ਜਿਹੜੀ ਸੂਚਨਾ ਤੋਂ ਸਿੱਖਣ ਦੇ ਰਾਹ ਵਿਚ ਆਉਂਦੀ ਹੈ: ਸੂਚਨਾ ਤੋਂ ਸਿੱਖਣਾ ਕੋਈ ਤੈਅਸ਼ੁਦਾ ਜਾਂ ਮਿਆਰੀ ਕਾਰਜ ਨਹੀਂ ਹੈ। ਇਸ ਲਈ ਭਾਵਾਤਮਕ ਦੇ ਨਾਲ-ਨਾਲ ਤਜਰਬੇ ਦੀ ਵੀ ਲੋੜ ਹੁੰਦੀ ਹੈ।

ਖੋਜ-ਅਧਾਰਤ ਸਿੱਖਿਆ ਲਈ ਪ੍ਰਕਿਰਿਆ ਵਿਧੀ ਨੂੰ ਵਰਤਣ ਦੇ ਫੈਸਲੇ ਵਿਚ ਸਕੂਲ ਲਾਇਬ੍ਰੇਰੀਅਨਾਂ ਤੇ ਅਧਿਆਪਕਾਂ ਨੂੰ ਇੱਕੋ-ਜਿਹੇ ਬੁਨਿਆਦੀ ਮੁੱਦੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦੀ ਲਾਇਬ੍ਰੇਰੀ ਦਾ ਅਕਾਰ ਤੇ ਇਸ ਵਿਚਲੇ ਪੁਸਤਕ ਸੰਗ੍ਰਹਿਆਂ ਤੇ ਤਕਨਾਲੋਜੀ ਦੀ ਕਿਸਮ ਕੀ ਹੈ— ਖੋਜ ਵਿਧੀ ਨੂੰ ਵਰਤਦਿਆਂ ਸਿੱਖਣ ਦੇ ਉਸ ਮਾਦੇ ਨੂੰ ਕਿਵੇਂ ਪ੍ਰਭਾਵਿਤ, ਉਜਾਗਰ ਅਤੇ ਉਤਸ਼ਾਹਿਤ ਕੀਤਾ ਜਾਵੇ, ਜੋ ਸਿੱਖਿਆ ਪ੍ਰਤੀ ਪਿਆਰ ਤੇ ਉਤਸੁਕਤਾ ਨੂੰ ਬੜਾਵਾ ਦਿੰਦਾ ਹੋਵੇ। ਪ੍ਰਕਿਰਿਆ-ਅਧਾਰਤ ਮਾਡਲ ਖੋਜ-ਅਧਾਰਤ ਸਿੱਖਿਆ ਦੇ ਟੀਚੇ ਦਾ ਸਮਰਥਨ ਕਰਦੇ ਹੋਏ ਵਿਦਿਆਰਥੀਆਂ ਨੂੰ ਖੋਜ ਤੇ ਨਿੱਜੀ ਵਿਕਾਸ ਦਾ ਤਜਰਬਾ ਹਾਸਲ ਕਰਨ ਦੇ ਮੌਕਾ ਪ੍ਰਦਾਨ ਕਰਦੇ ਹਨ। ਜਦੋਂ ਇਸ ਵਿਧੀ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ ਤਾਂ ਖੋਜ ਦੇ ਮਾਧਿਅਮ ਨਾਲ ਸਿੱਖਣ ਵਾਲੇ ਵਿਦਿਆਰਥੀ ਦੀ ਵਿਸ਼ੇਸ਼ਤਾ ਦਾ ਵਰਣਨ ਖੋਜ-ਪੜਤਾਲ ਤੇ ਜੋਖਮ ਉਠਾਉਣ ਵਾਲੇ, ਉਤਸੁਕ ਤੇ ਪ੍ਰੇਰਨਾਦਾਇਕ, ਆਲੋਚਨਾਤਮਕ ਤੇ ਉਸਾਰੂ ਸੋਚ ਦੇ ਧਾਰਨੀ ਅਤੇ ਅਸਲ ਜ਼ਿੰਦਗੀ ਦੀਆਂ ਸਥਿਤੀਆਂ ਤੇ ਦਰਸ਼ਕਾਂ ਦੀ ਸਮਝ ਤੋਂ ਵਾਕਫ਼ ਦੇ ਸਬੰਧ ਵਿਚ ਕੀਤਾ ਜਾਂਦਾ ਹੈ।

ਪ੍ਰਕਿਰਿਆ-ਅਧਾਰਤ ਮਾਡਲ ਸਿਧਾਂਤ-ਅਧਾਰਤ ਹੁੰਦੇ ਹਨ ਤੇ ਖੋਜ ਦੇ ਖੇਤਰ ਵਿਚ ਇਹ ਸਿੱਖਿਆ ਤੇ ਲਾਇਬ੍ਰੇਰੀ ਤੇ ਸੂਚਨਾ ਅਧਿਐਨ ਦੇ ਖੇਤਰਾਂ ਦੀ ਦੇਣ ਹਨ। ਸਿੱਖਿਆ ਦੇ ਖੇਤਰ ਤੋਂ ਗਿਆਨ ਦਾ ਸੰਕਲਪ ਆਉਂਦਾ ਹੈ ਤੇ ਲਾਇਬ੍ਰੇਰੀ ਤੇ ਸੂਚਨਾ ਅਧਿਐਨ ਦੇ ਖੇਤਰ ਤੋਂ ਲੁੜੀਂਦੀ ਸੂਚਨਾ ਲੱਭਣ ਦੇ ਰਵੱਈਏ ਦਾ ਸਿਧਾਂਤ। ਉਦਾਹਰਨ ਵਜੋਂ, ਵਿੱਦਿਆ ਦੇ

ਖੇਤਰ ਵਿਚ ਪਾਠਕ੍ਰਮ-ਅਧਾਰਤ ਤਾਲੀਮ ਦਿੱਤੀ ਜਾਂਦੀ ਹੈ ਪਰ ਇਸ ਦੀ ਮਿਕਦਾਰ ਵਿਦਿਆਰਥੀਆਂ ਦੇ ਅਨੁਭਵੀ ਵਿਕਾਸ, ਪੂਰਵ ਗਿਆਨ ਤੇ ਸਮਝ ਅਤੇ ਤਜਰਬੇ ਦੇ ਉਸ ਸੂਖਮ ਪੱਧਰ 'ਤੇ ਨਿਰਭਰ ਕਰਦੀ ਹੈ, ਜੋ ਲਾਇਬ੍ਰੇਰੀ ਦੀਆਂ ਸਹੂਲਤਾਂ, ਸੇਵਾਵਾਂ, ਕਾਰਜਕ੍ਰਮਾਂ ਆਦਿ ਰਾਹੀਂ ਪ੍ਰਾਪਤ ਕੀਤੀ ਗਈ ਬੌਧਿਕ ਸਮਰੱਥਾ ਅਨੁਸਾਰ ਵੱਧ ਜਾਂ ਘੱਟ ਹੋ ਸਕਦਾ ਹੈ। ਸਿੱਖਿਆ ਦੇ ਖੇਤਰ ਤੋਂ ਉਸਾਰੂਵਾਦੀ ਸੰਕਲਪ ਵੀ ਨਿਕਲਦਾ ਹੈ, ਜਿਸ ਦੇ ਤਹਿਤ ਵਿਦਿਆਰਥੀ ਸਰਗਰਮ ਰੂਪ ਵਿਚ ਆਪਣੇ ਗਿਆਨ ਨੂੰ ਸੋਧਦੇ ਹੋਏ ਲਾਇਬ੍ਰੇਰੀ ਸਰੋਤਾਂ ਦੀ ਵਰਤੋਂ ਦੁਆਰਾ ਆਪਣੇ ਅਨੁਭਵਾਂ ਤੇ ਵਿਚਾਰਾਂ ਵਿਚ ਆਏ ਪਰਿਵਰਤਨ ਦੇ ਤਜਰਬੇ ਨੂੰ ਵੀ ਹਢਾਉਂਦੇ ਹਨ। ਲਾਇਬ੍ਰੇਰੀ ਦੀ ਵਰਤੋਂ ਨਾਲ ਹੀ ਇਸ ਗੁੱਝੀ ਰਮਜ਼ ਪਤਾ ਲੱਗਦਾ ਹੈ ਕਿ ਸੂਚਨਾ ਦੇ ਵਰਤੋਂਕਾਰਾਂ ਨੇ ਸਵਾਲਾਂ ਦੀ ਨਿਸ਼ਚਤਤਾ ਦੇ ਪੱਧਰਾਂ ਰਾਹੀਂ ਕਿਵੇਂ ਵਿਕਾਸ ਕਰਨਾ ਹੈ: ਇਸ ਖੇਤਰ ਦੀ ਬਦੌਲਤ ਹੀ ਉਹ ਸੂਚਨਾਤਮਕ ਲੋੜ ਦੇ ਅਸਪਸ਼ਟ ਖਿਆਲਾਂ ਤੋਂ ਸਪਸ਼ਟ ਰੂਪ ਵਿਚ ਪ੍ਰਭਾਸ਼ਿਤ ਕੀਤੀਆਂ ਗਈਆਂ ਲੋੜਾਂ ਤੇ ਸਵਾਲਾਂ ਤਕ ਪੁੱਜਦੇ ਹਨ। ਜ਼ਿਕਰਯੋਗ ਹੈ ਕਿ ਜਿਹੜੇ ਵਿਦਿਆਰਥੀ ਲਾਇਬ੍ਰੇਰੀ ਨੂੰ ਯਥਾਰਥਕ ਰੂਪ ਵਿਚ ਸਮਝਦੇ ਹਨ, ਉਹ ਸਿੱਖਿਆ ਦੇ ਖੇਤਰ ਵਿਚ ਜ਼ਿਆਦਾ ਸਫ਼ਲ ਹੁੰਦੇ ਹਨ।

ਸਕੂਲ ਵਿਚਲੇ ਦੂਜੇ ਸਿਖਿਆਤਮਕ ਕੰਮਾਂ ਵਾਂਗ ਖੋਜ-ਅਧਾਰਤ ਸਿੱਖਿਆ ਦੀਆਂ ਗਤੀਵਿਧੀਆਂ ਦੀ ਰੂਪ-ਰੇਖਾ ਵੀ ਤਿਆਰ ਹੋਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀਆਂ ਦੀ ਸਿੱਖਿਆ ਵਿਚ ਲਗਾਤਾਰ ਵਾਧਾ ਕੀਤਾ ਜਾ ਸਕੇ। ਇਸ ਦਾ ਅਰਥ ਹੈ, ਹੌਲੀ-ਹੌਲੀ ਉਪਰੋਕਤ ਯੋਗਤਾਵਾਂ ਬਾਰੇ ਵਿਦਿਆਰਥੀਆਂ ਨੂੰ ਸਿੱਖਿਅਤ ਕੀਤਾ ਜਾਵੇ। ਇਸ ਮਨੋਰਥ ਦੀ ਪੂਰਤੀ ਲਈ ਸਕੂਲ ਲਾਇਬ੍ਰੇਰੀਅਨ ਨੂੰ ਮਾਰਗ-ਦਰਸ਼ਕ ਵਜੋਂ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਜਿਨ੍ਹਾਂ ਸਕੂਲਾਂ ਵਿਚ ਖੋਜ-ਅਧਾਰਤ ਸਿੱਖਿਆ ਤੇ ਅਧਿਆਪਨ ਲਈ ਸਥਾਨਕੀ ਜਾਂ ਰਾਸ਼ਟਰੀ ਪੱਧਰ ਉੱਤੇ ਵਿਕਸਤ ਕੀਤੇ ਗਏ ਮਾਡਲ ਮੌਜੂਦ ਨਾ ਹੋਣ, ਓਥੇ ਸਕੂਲ ਲਾਇਬ੍ਰੇਰੀਅਨ ਨੂੰ ਪ੍ਰਿੰਸੀਪਲ ਤੇ ਅਧਿਆਪਕਾਂ ਨਾਲ ਮਿਲ ਕੇ ਉਚਿਤ ਮਾਡਲ ਦੀ ਚੋਣ ਕਰਨੀ ਚਾਹੀਦੀ ਹੈ। ਜਦੋਂ ਅਧਿਆਪਕ ਤੇ ਵਿਦਿਆਰਥੀ ਇਸ ਚੁਣੇ ਗਏ ਨਮੂਨੇ ਤਹਿਤ ਢਲ ਜਾਣ ਤਾਂ ਸਕੂਲ ਦੇ ਟੀਚਿਆਂ ਤੇ ਸਥਾਨਕ ਲੋੜਾਂ ਨੂੰ ਲਾਭ ਮਿਲ ਸਕਦਾ ਹੈ। ਫਿਰ ਵੀ ਕਿਸੇ ਮਾਡਲ ਨੂੰ ਧਾਰਨ ਕਰਨ ਦੌਰਾਨ ਸਾਵਧਾਨੀ ਵਰਤਣੀ ਚਾਹੀਦੀ ਹੈ। ਬੁਨਿਆਦੀ ਸਿਧਾਂਤਾਂ ਦੀ ਡੂੰਘੀ ਸਮਝ ਤੋਂ ਬਿਨਾਂ ਧਾਰਨ ਕੀਤਾ ਗਿਆ ਮਾਡਲ ਵਿਅਰਥ ਹੋ ਸਕਦਾ ਹੈ।

> *ਉਦਾਹਰਨ*
>
> ਸਵੀਡਨ ਦੇਸ਼ ਦੇ ਉਪਸਾਲਾ ਸ਼ਹਿਰ ਵਿਚ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਡਿਸਟੋਪੀਅਨ ਨਾਵਲ ਪੜ੍ਹਦਿਆਂ ਆਪਣੇ ਖੋਜ-ਅਧਾਰਤ ਪ੍ਰਾਜੈੱਕਟਾਂ ਦੀ ਸ਼ੁਰੂਆਤ ਕੀਤੀ। ਇਹ ਨਾਵਲ ਨਾਲ ਦੇ ਸਹਿ-ਪਾਠੀਆਂ ਨਾਲ ਵਿਚਾਰਿਆ ਗਿਆ। ਵਿਦਿਆਰਥੀਆਂ ਦੀਆਂ ਨਿੱਜੀ ਛਾਣ-ਬੀਣਾਂ ਦਾ ਪ੍ਰਮੁੱਖ ਕੇਂਦਰ ਇਸ ਨਾਵਲ ਦੇ ਵਿਸ਼ਿਆਂ ਉੱਤੇ ਅਧਾਰਤ ਸੀ; ਜਿਵੇਂਕਿ, ਨਿਗਰਾਨੀ, ਆਲਮੀ ਤਪਸ਼, ਜਾਂ ਬਿਮਾਰੀ। ਨਿਸ਼ਚਤ ਤੌਰ 'ਤੇ ਖੋਜ ਦੇ ਧੁਰੇ ਨੂੰ ਸੂਤਰਬੱਧ ਕਰਨ ਲਈ ਉਨ੍ਹਾਂ ਪਹਿਲਾਂ ਮੋਟੇ ਤੌਰ 'ਤੇ ਜਾਣਕਾਰੀ ਦੀ ਭਾਲ ਕੀਤੀ ਤੇ ਫਿਰ ਡੂੰਘੇ ਅਰਥਾਂ ਵਿਚ (ਉਦਾਹਰਨ ਵਜੋਂ, ਨਿਗਰਾਨੀ ਦੇ ਵਿਸ਼ੇ ਸਬੰਧੀ ਉਨ੍ਹਾਂ ਹਰ ਪਹਿਲੂ ਨੂੰ ਬਰੀਕੀ ਨਾਲ ਛੋਹਿਆ/ਵਾਚਿਆ ਕਿ ਕਿਵੇਂ ਸਰਕਾਰਾਂ ਆਧੁਨਿਕ ਫੌਨਾਂ ਦੀ ਵਰਤੋਂ ਕਰਦੇ ਲੋਕਾਂ ਨੂੰ ਨਿਯੰਤਰਨ ਕਰ ਸਕਦੀਆਂ ਹਨ)। ਅੰਤ ਵਿਚ ਖੋਜ ਸਮੱਗਰੀ ਦੀ ਵਰਤੋਂ ਕਰਦਿਆਂ ਇਸ ਪ੍ਰਾਜੈੱਕਟ ਨੂੰ ਪਰੀਖਿਆ ਦੇ ਤੌਰ 'ਤੇ ਇਕ ਨਿਬੰਧ ਦੇ ਰੂਪ ਵਿਚ ਲਿਖਣਾ ਤੇ ਫਾਈਲ ਵਿਚ ਰੱਖ ਕੇ ਪੇਸ਼ ਕਰਨਾ ਸੀ।

## 5.6 ਤਕਨਾਲੋਜੀ ਦਾ ਏਕੀਕਰਨ

ਇਕ ਖੋਜ ਮੁਤਾਬਕ, ਸਕੂਲ ਲਾਇਬ੍ਰੇਰੀ ਆਧੁਨਿਕ ਤਕਨਾਲੋਜੀ ਦੀਆਂ ਸੁੱਖ-ਸਹੂਲਤਾਂ ਤੇ ਉਪਕਰਨਾਂ ਨੂੰ ਮੁਹੱਈਆ ਕਰਵਾਉਣ ਦੇ ਨਾਲ-ਨਾਲ ਇਨ੍ਹਾਂ ਨੂੰ ਵਰਤਣ ਦੇ ਢੰਗ ਵੀ ਸਿਖਾਉਂਦੀ ਹੈ। ਆਧੁਨਿਕ ਤਕਨਾਲੋਜੀ ਨੇ ਸਕੂਲ ਲਾਇਬ੍ਰੇਰੀ ਤੇ ਇਸ ਦੇ ਸੂਚਨਾ ਸਰੋਤਾਂ ਦੀ ਵਰਤੋਂ ਦੇ ਘੇਰੇ ਨੂੰ ਵਧਾਇਆ ਹੈ; ਹੁਣ ਸਕੂਲ ਲਾਇਬ੍ਰੇਰੀ ਸਕੂਲ ਦੀ ਹੱਦ ਦੇ ਅੰਦਰ ਤੇ ਬਾਹਰ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਸਕਦੀ ਹੈ। ਸਕੂਲ ਲਾਇਬ੍ਰੇਰੀਅਨ ਡੈਟਾਬੇਸ ਸਮੇਤ ਇੰਟਰਨੈੱਟ-ਅਧਾਰਤ ਸੂਚਨਾ ਸਰੋਤਾਂ ਦੀ ਵਰਤੋਂ ਲਈ ਆਨਲਾਈਨ ਖੋਜ ਵਿਧੀਆਂ ਬਾਰੇ ਵਿਦਿਆਰਥੀਆਂ ਨੂੰ ਸਿਖਿਅਤ ਕਰਦੇ ਹਨ। ਇਸ ਮੰਤਵ ਦੀ ਪੂਰਤੀ ਲਈ ਉਹ ਸਕੂਲ ਵਿਚਲੇ ਤਕਨਾਲੋਜੀ ਦੇ ਮਾਹਰਾਂ ਨਾਲ ਇਕਜੁੱਟ ਹੋ ਕੇ ਕੰਮ ਕਰਦੇ ਹਨ। ਇਸ ਪਰਸਪਰ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਸਕੂਲ ਲਾਇਬ੍ਰੇਰੀਅਨ ਤੇ ਤਕਨਾਲੋਜੀ ਦੇ ਮਾਹਰਾਂ ਦੀਆਂ ਭੂਮਿਕਾਵਾਂ

ਸਪਸ਼ਟ ਰੂਪ ਵਿਚ ਪ੍ਰਭਾਸ਼ਿਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਤਕਨਾਲੋਜੀ ਦੀਆਂ ਸੇਵਾਵਾਂ ਤੇ ਕਰਜਕ੍ਰਮਾਂ ਨੂੰ ਪ੍ਰਦਾਨ ਕਰਦਿਆ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ।

## 5.7 ਅਧਿਆਪਕਾਂ ਦਾ ਪੇਸ਼ੇਵਰ ਵਿਕਾਸ

ਸਕੂਲ ਲਾਇਬ੍ਰੇਰੀ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਵਿਚ ਯੋਗਦਾਨ ਪਾਉਂਦੀ ਹੈ, ਜਿਸ ਦਾ ਸਬੰਧ ਖਾਸ ਤੌਰ 'ਤੇ ਨਵੀਂ ਸਮੱਗਰੀ ਤੇ ਤਕਨਾਲੋਜੀ, ਨਵੇਂ ਪਾਠਕ੍ਰਮ ਅਤੇ ਨਵੀਆਂ ਅਧਿਆਪਨ ਵਿਧੀਆਂ ਨਾਲ ਹੁੰਦਾ ਹੈ। ਅਧਿਆਪਕ ਸਹਿ-ਕਰਮੀਆਂ ਨਾਲ ਵਿਚਰਦਿਆਂ, ਸਕੂਲ ਲਾਇਬ੍ਰੇਰੀਅਨ ਅਕਸਰ ਕਈ ਤਰੀਕਿਆਂ ਨਾਲ ਰਸਮੀਂ ਤੇ ਗੈਰ-ਰਸਮੀਂ ਪੇਸ਼ੇਵਰ ਵਿਕਾਸ ਵਿਚ ਵਾਧਾ ਕਰਦਾ ਹੈ; ਜਿਵੇਂਕਿ,

- ਅਧਿਆਪਕਾਂ ਨੂੰ ਅਜਿਹੇ ਸੂਚਨਾ ਸਰੋਤ ਮੁਹੱਈਆ ਕਰਵਾਉਣੇ, ਜਿਨ੍ਹਾਂ ਤਹਿਤ ਉਨ੍ਹਾਂ ਦਾ ਆਪਣੇ ਵਿਸ਼ੇ ਵਿਚ ਗਿਆਨ ਵਿਕਸਤ ਹੁੰਦਾ ਹੋਵੇ ਜਾਂ ਉਨ੍ਹਾਂ ਦੇ ਅਧਿਆਪਨ ਤਰੀਕਿਆਂ ਵਿਚ ਸੁਧਾਰ ਆਉਂਦਾ ਹੋਵੇ;
- ਵਿਭਿੰਨ ਮੁਲਾਂਕਣ ਤੇ ਪੜਚੋਲ ਦੇ ਤਰੀਕਿਆਂ ਸਬੰਧੀ ਸਰੋਤ ਪ੍ਰਦਾਨ ਕਰਨਾ;
- ਜਮਾਤ ਜਾਂ ਲਾਇਬ੍ਰੇਰੀ ਵਿਚ ਹੋਣ ਵਾਲੀਆਂ ਗਤੀਵਿਧੀਆਂ ਦੀ ਯੋਜਨਾਬੰਦੀ ਵਿਚ ਇਕ ਹਿੱਸੇਦਾਰ ਵਜੋਂ ਕੰਮ ਕਰਨਾ; ਅਤੇ
- ਇੰਟਰ-ਲਾਇਬ੍ਰੇਰੀ ਲੋਨ ਤੇ ਡਿਜੀਟਲ ਨੈੱਟਵਰਕ ਰਾਹੀਂ ਲਾਇਬ੍ਰੇਰੀ ਨੂੰ ਵਿਭਿੰਨ ਸੂਚਨਾ ਸਰੋਤਾਂ ਦੀ ਪ੍ਰਾਪਤੀ ਦੇ ਨਿਰਪੱਖ ਕੇਂਦਰ ਵਜੋਂ ਵਰਤਣਾ।

## 5.8 ਸਕੂਲ ਲਾਇਬ੍ਰੇਰੀਅਨ ਦੀ ਵਿਦਿਅਕ ਭੂਮਿਕਾ

ਵਿਦਿਆਰਥੀਆਂ ਨੂੰ ਉੱਤਮ ਸਿਖਿਆਤਮਕ ਤਜਰਬੇ ਪ੍ਰਦਾਨ ਕਰਨ ਲਈ, ਇਕ ਯੋਗ ਸਕੂਲ ਲਾਇਬ੍ਰੇਰੀਅਨ ਅਧਿਆਪਕ ਸਹਿਕਰਮੀਆਂ ਦੀ ਸਹਿਮਤੀ ਨਾਲ ਮਿਲ ਕੇ ਕੰਮ ਕਰਦਾ ਹੈ। ਆਦਰਸ਼ ਰੂਪ ਵਿਚ, ਇਕ ਸਕੂਲ ਲਾਇਬ੍ਰੇਰੀਅਨ ਦੂਜੇ ਅਧਿਆਪਕਾਂ ਨਾਲ ਇਕਜੁੱਟ ਹੋ ਕੇ ਪੜਾਉਂਦਾ ਹੈ ਤੇ ਇਸ ਤਰ੍ਹਾਂ ਸਿੱਖਣ ਤੇ ਸਿਖਉਣ ਦੀਆਂ ਗਤੀਵਿਧੀਆਂ ਦੀ ਰੂਪ-ਰੇਖਾ ਉਲੀਕਣ ਤੇ ਲਾਗੂ ਕਰਨ ਵਿਚ ਅਧਿਆਪਨ ਸਮੂਹ ਦਾ ਹਰੇਕ ਮੈਂਬਰ ਆਪਣੇ ਵੱਖ-ਵੱਖ ਖੇਤਰਾਂ ਦੇ ਤਜਰਬੇ ਦਾ ਯੋਗਦਾਨ ਪਾਉਂਦਾ ਹੈ। ਹੇਠਾਂ ਸਹਿ-ਸਿੱਖਿਆ ਦੀਆਂ ਚਾਰ ਵਿਧੀਆਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਤਹਿਤ ਸਕੂਲ ਲਾਇਬ੍ਰੇਰੀਅਨ ਤੇ ਅਧਿਆਪਕ ਆਪਸੀ ਮਿਲਵਰਤਨ ਨਾਲ ਸਿੱਖਿਅਕਾਂ ਵਜੋਂ ਕੰਮ ਕਰ ਸਕਦੇ ਹਨ:

1. *ਸਹਿਯੋਗੀ ਸਿੱਖਿਆ*: ਇਸ ਵਿਧੀ ਦੌਰਾਨ ਇਕ ਸਿਖਿਅਕ ਵਿੱਦਿਆ ਪ੍ਰਦਾਨ ਕਰਨ ਦਾ ਪ੍ਰਮੁੱਖ ਕਾਰਜ ਨਿਭਾਉਂਦਾ ਹੈ ਤੇ ਦੂਜਾ ਜਨਾਂ ਸਿਖਿਆਰਥੀਆਂ ਨੂੰ ਸਹਿਯੋਗ ਦੇਣ ਲਈ ਉਨ੍ਹਾਂ ਦੁਆਲੇ ਘੁੰਮਦਾ ਹੈ ਤੇ ਜੇ ਲੋੜ ਪਵੇ ਤਾਂ ਇਕੱਲੇ-ਇਕੱਲੇ ਸਿਖਿਆਰਥੀ ਨੂੰ ਸਮਝਾਉਂਦਾ ਹੈ।

2. *ਬਰਾਬਰ ਅਧਿਆਪਨ*: ਇਸ ਤਰੀਕੇ ਨਾਲ ਜਮਾਤ ਜਾਂ ਲਾਇਬ੍ਰੇਰੀ ਦੇ ਵੱਖ-ਵੱਖ ਹਿੱਸਿਆਂ ਵਿਚ ਦੋ ਜਾਂ ਦੋ ਵਧੇਰੇ ਸਿਖਿਅਕ ਇਕੋਂ ਸਮੇਂ ਸਿਖਿਆਰਥੀਆਂ ਦੇ ਵਿਭਿੰਨ ਸਮੂਹਾਂ ਨੂੰ ਵਿੱਦਿਆ ਪ੍ਰਦਾਨ ਕਰਦੇ ਹਨ।

3. *ਸਹਾਇਕੀ ਵਿੱਦਿਆ*: ਇਸ ਢੰਗ ਨੂੰ ਵਰਤਦਿਆਂ ਇਕ ਸਿਖਿਅਕ ਕਿਸੇ ਦੂਜੇ ਸਿਖਿਅਕ ਦੁਆਰਾ ਪ੍ਰਦਾਨ ਕੀਤੀ ਗਈ ਸਿੱਖਿਆ ਦੇ ਵਾਧੇ ਤੇ ਸਪਸ਼ਟਤਾ ਲਈ ਕੰਮ ਕਰਦਾ ਹੈ। ਉਦਾਹਰਨ ਵਜੋਂ, ਇਕ ਸਿਖਿਅਕ ਦੂਜੇ ਦੇ ਕਥਨਾਂ ਦੀ ਸੰਖੇਪ ਵਿਆਖਿਆ ਕਰ ਸਕਦਾ ਹੈ।

4. *ਸਮੂਹਕ ਅਧਿਆਪਨ*: ਇਸ ਪ੍ਰਣਾਲੀ ਤਹਿਤ ਦੋ ਜਾਂ ਦੋ ਤੋਂ ਵਧੇਰੇ ਸਿਖਿਅਕ ਯੋਜਨਾਬੰਦੀ, ਅਧਿਆਪਨ, ਪੜਚੋਲ ਅਤੇ ਸਿੱਖਿਆ ਦੀ ਜੁੰਮੇਵਾਰੀ ਲੈਂਦਿਆਂ ਜਮਾਤ ਜਾਂ ਲਾਇਬ੍ਰੇਰੀ ਵਿਚ ਸਮੁੱਚੇ ਵਿਦਿਆਰਥੀਆਂ ਵੱਲ ਧਿਆਨ ਦਿੰਦੇ ਹਨ। ਇਸ ਵਿਧੀ ਵਿਚ ਸਾਰੇ ਸਿਖਿਅਕਾਂ ਦੀ ਬਰਾਬਰ ਜੁੰਮੇਵਾਰੀ, ਅਗਵਾਈ ਅਤੇ ਜਵਾਬਦੇਹੀ ਹੁੰਦੀ ਹੈ।

ਸਹਿ-ਸਿਖਿਅਕਾਂ ਦੇ ਆਪਸੀ ਸਹਿਯੋਗ ਦੁਆਰਾ ਤਿਆਰ ਕੀਤੀ ਗਈ ਵਿਓਂਤਬੰਦੀ ਨਾਲ ਉਪਰੋਕਤ ਵਿਧੀਆਂ ਪ੍ਰਫੁਲਿਤ ਹੁੰਦੀਆਂ ਹਨ। ਇਸ ਯੋਜਨਾਬੰਦੀ ਦਾ ਸਰੋਕਾਰ ਸਿੱਖਿਆ ਦੀ ਸਮੱਗਰੀ, ਸਪੁਰਦਗੀ ਅਤੇ ਮੁਲਾਂਕਣ ਨਾਲ ਹੁੰਦਾ ਹੈ। ਕੁਝ ਹਾਲਾਤ ਇਕ ਸਕੂਲ ਲਾਇਬ੍ਰੇਰੀਅਨ ਕੋਲੋਂ ਜਮਾਤ ਜਾਂ ਲਾਇਬ੍ਰੇਰੀ ਵਿਚ ਵਿਦਿਆਰਥੀ ਨੂੰ ਇਕੱਲਿਆਂ ਹੀ ਸਿੱਖਿਆ ਪ੍ਰਦਾਨ ਕਰਨ ਦੀ ਮੰਗ ਕਰਦੇ ਹਨ। ਇਨ੍ਹਾਂ ਸਥਿਤੀਆਂ ਵਿਚ ਸਕੂਲ ਲਾਇਬ੍ਰੇਰੀਅਨ ਤੇ ਅਧਿਆਪਕ(ਾਂ) ਦੇ ਪਰਸਪਰ ਸਹਿਯੋਗ ਨਾਲ ਵਿਓਂਤੀ ਗਈ ਯੋਜਨਾਬੰਦੀ ਸਿੱਖਿਆ ਦੀ ਗੁਣਵੱਤਾ ਨੂੰ ਵਧਾਉਂਦੀ ਹੈ। ਸੰਚਾਰ ਤਕਨਾਲੋਜੀ ਤੇ ਸੂਚਨਾ ਸਾਖਰਤਾ ਲਈ ਮਿਲਵਰਤਨ ਬਹੁਤ ਜ਼ਰੂਰੀ ਹੈ। ਕਿਉਂਕਿ ਇਹ ਵਿਸ਼ਾ ਪਾਠਕ੍ਰਮ ਵਿਚ ਸੰਮਲਿਤ ਹੋਇਆ ਹੁੰਦਾ ਹੈ ਤੇ ਇਸ ਦਾ ਸਬੰਧ ਵਿਦਿਆਰਥੀਆਂ ਦੇ ਹਿੱਤਾਂ ਤੇ ਸਾਰਥਕ ਲੋੜਾਂ ਨਾਲ ਹੁੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


Asselin, M., & Doiron, R. (2013). *Linking literacy and libraries in global communities*. London: Ashgate.

Gordon, C., & Lu, Y-L. (2008). "I hate to read—Or do I?": Low achievers and their reading. *School Library Research, 11*. Retrieved from www.ala.org/aasl/slmr/volume11/gordon-lu

Horton, Forest Woody (2007). Understanding information literacy: A primer. Paris, France: UNESCO.

Hughes-Hassell, S., Barkley, H. A., & Koehler, E. (2009). Promoting equity in children's literacy instruction: Using a critical race theory framework to examine transitional books. *School Library Research, 12*. Retrieved from www.ala.org/aasl/slmr/volume12/hughes-hassell-barkley-koehler

Krashen, S. D. (2004). *The power of reading: Insights from the research* (2nd ed.). Westport, CT: Libraries Unlimited.

Kuhlthau, C.C. (2004). *Seeking meaning: A process approach to library and information service* (2nd ed.). Westport, CT: Libraries Unlimited.

Markless, S. (Ed.). (2009). *The innovative school librarian: Thinking outside the box*. London: Facet Publishing. [See Chapters 7, pp.127-142 Becoming integral to teaching and learning.]

Eduscol [Ministry of Education, France]. (2012). *Vademecum vers des centres de connaissances et du culture* [Short guide to knowledge centres and culture]. Retrieved from http://eduscol.education.fr/cid60332/-vers-des-centres-de-connaissances-et-de-culture-le-vade-mecum.html

Trelease, J. (2013). *The readaloud handbook* (7th ed.). New York: Penguin Books.

Villa, R. A., Thousand, J. S., & Nevin, A. I. (2008). *A guide to co-teaching: Practical tips for facilitating student learning* (2nd ed.). Thousand Oaks, CA: Corwin Press/Council for Exceptional Children.

Wilson, C., Grizzle, A., Tuazon, R., Akyempong, K., & Cheung, C. K. (2011). Media and information literacy curriculum for teachers. Paris, France: UNESCO.

# ਅਧਿਆਇ 6
# ਸਕੂਲ ਲਾਇਬ੍ਰੇਰੀ ਮੁਲਾਂਕਣ ਅਤੇ ਲੋਕ ਸੰਪਰਕ

*"ਸਕੂਲ ਲਾਇਬ੍ਰੇਰੀ ਸੂਚਨਾ ਪ੍ਰਬੰਧ, ਸਾਖਰਤਾ ਅਤੇ ਪੁਸਤਕ ਸੱਭਿਆਚਾਰ ਦੇ ਪਸਾਰ ਲਈ ਬਹੁਤ ਜ਼ਰੂਰੀ ਹੈ। ਇਹ ਆਰਥਕ, ਸਮਾਜਕ ਅਤੇ ਸੱਭਿਆਚਾਰਕ ਵਿਕਾਸ ਲਈ ਧਰਾਤਲ ਬਖਸ਼ਦੀ ਹੈ।"* –ਸਕੂਲ ਲਾਇਬ੍ਰੇਰੀ ਘੋਸ਼ਣਾ-ਪੱਤਰ

## 6.1 ਭੂਮਿਕਾ

ਵਿਦਿਆਰਥੀਆਂ ਦੇ ਵਿਦਿਅਕ ਨਤੀਜਿਆਂ 'ਤੇ ਉਸਾਰੂ ਪ੍ਰਭਾਵ ਪਾਉਣ ਵਾਲੀਆਂ ਸਕੂਲ ਲਾਇਬ੍ਰੇਰੀਆਂ ਕੋਲ ਜਾਣਕਾਰੀ ਤੇ ਗਿਆਨ ਦੇ ਵੱਡਮੁੱਲੇ ਦਸਤਾਵੇਜ਼ ਤੇ ਪੇਸ਼ੇਵਰ ਸਕੂਲ ਲਾਇਬ੍ਰੇਰੀਅਨ ਹੁੰਦੇ ਹਨ ਤੇ ਇਸ ਗੱਲ ਦੀ ਪੁਸ਼ਟੀ ਕਰਦੀਆਂ ਖੋਜਾਂ ਦੀ ਭਰਮਾਰ ਹੈ। ਉਦਾਹਰਨ ਵਜੋਂ ਅੰਗਰੇਜ਼ੀ ਦੇ ਦੋ ਦਸਤਾਵੇਜ਼ ਇਸ ਪ੍ਰਕਾਰ ਹਨ: *ਸਕੂਲ ਲਾਇਬ੍ਰੇਰੀਜ਼ ਇੰਮਪੈਕਟ ਸਟੱਡੀਜ਼ ਇਨ ਦਾ ਯੂ. ਐੱਸ. ਏ. ;* ਅਤੇ *ਇੰਮਪੈਕਟ ਆਫ਼ ਸਕੂਲ ਲਾਇਬ੍ਰੇਰੀਜ਼ ਆਨ ਲਰਨਿੰਗ: ਕਰੀਟੀਕਲ ਰੀਵਿਊ ਆਫ਼ ਪਬਲਿਸ਼ਡ ਐਵੀਡੰਸ ਟੂ ਦਾ ਸਕੌਟਿਸ਼ ਐਜੂਕੇਸ਼ਨ ਕੰਮਿਊਨਟੀ*। ਦੁੱਖ ਦੀ ਗੱਲ ਇਹ ਹੈ ਕਿ ਸਕੂਲ ਲਾਇਬ੍ਰੇਰੀਆਂ ਦੇ ਮਹੱਤਵ ਨੂੰ ਲਾਇਬ੍ਰੇਰੀ ਭਾਈਚਾਰੇ ਤੇ ਅਧਿਆਪਕਾਂ ਤੋਂ ਬਗ਼ੈਰ ਹੋਰ ਕੋਈ ਵੀ ਨਹੀਂ ਸਮਝਦਾ ਹੈ, ਜਿਸ ਦੇ ਸਿੱਟੇ ਵਜੋਂ ਸੰਸਾਰ ਦੇ ਅਨੇਕਾਂ ਹਿੱਸਿਆਂ ਵਿਚ ਸਕੂਲ ਲਾਇਬ੍ਰੇਰੀਆਂ ਨੂੰ ਲਗਾਤਾਰ ਆਪਣੇ ਖਰਚਿਆਂ ਵਿਚ ਕਟੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਕਟੌਤੀਆਂ ਦੇ ਮਾਰੂ ਪ੍ਰਭਾਵ ਕਾਰਨ ਸਕੂਲ ਲਾਇਬ੍ਰੇਰੀਆਂ ਵਿਚ ਪੇਸ਼ੇਵਰ ਕਰਮਚਾਰੀਆਂ ਦੀ ਭਾਰੀ ਥੁੜ ਆਈ ਹੈ, ਜਿਸ ਦੇ ਕਾਰਨ ਵਿਦਿਅਕ ਸੁਧਾਰਾਂ ਤੇ ਵਿਦਿਆਰਥੀਆਂ ਦੀਆਂ ਸਿਖਿਆਤਮਕ ਪ੍ਰਾਪਤੀਆਂ 'ਤੇ ਮਾੜਾ ਅਸਰ ਪਾਇਆ ਹੈ।

ਸਕੂਲ ਲਾਇਬ੍ਰੇਰੀ ਦੇ ਪ੍ਰਭਾਵ ਸਬੰਧੀ ਇਕ ਖੋਜ ਵਿਚ ਦੱਸਿਆ ਗਿਆ ਹੈ ਕਿ ਵਿਦਿਆਰਥੀਆਂ ਦੀ ਵਿਦਿਅਕ ਪ੍ਰਾਪਤੀ ਉੱਤੇ ਪੈਣ ਵਾਲਾ ਉਸਾਰੂ ਅਸਰ ਸਕੂਲ ਲਾਇਬ੍ਰੇਰੀ ਦੇ ਅਜਿਹੇ ਕਾਰਜਕ੍ਰਮਾਂ ਤੇ ਗਤੀਵਿਧੀਆਂ ਵਿਚੋਂ ਨਿਕਲਦਾ ਹੈ, ਜਿਨ੍ਹਾਂ ਦੀ ਦੇਖ-ਰੇਖ ਪੱਕੇ ਤੌਰ 'ਤੇ ਨਿਯੁਕਤ ਯੋਗ ਸਕੂਲ ਲਾਇਬ੍ਰੇਰੀਅਨ ਦੁਆਰਾ ਕੀਤੀ ਜਾਂਦੀ ਹੈ। ਪੇਸ਼ੇਵਰ ਲਾਇਬ੍ਰੇਰੀ ਕਰਮਚਾਰੀਆਂ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਦੇ ਸਾਕਾਰਾਤਮਕ ਅਸਰ ਲਈ ਹੋਰ ਵੀ ਕਈ ਮਹੱਤਵਪੂਰਨ ਤੱਤਾਂ ਦੀ ਲੋੜ ਹੁੰਦੀ ਹੈ; ਜਿਵੇਂਕਿ, ਲਾਇਬ੍ਰੇਰੀਅਨ ਤੇ ਵਿਦਿਅਕ ਭਾਈਚਾਰੇ ਵਿਚਕਾਰ ਪਰਸਪਰ ਸਹਿਯੋਗ, ਲਾਇਬ੍ਰੇਰੀ ਤੇ ਇੰਟਰਨੈੱਟ ਤੋਂ ਸਮੇਂ ਸਿਰ ਲੁੜੀਂਦੀ ਜਾਣਕਾਰੀ ਲੱਭਣ ਦੇ ਤਰੀਕੇ, ਸਕੂਲ ਦੇ ਸਮੁੱਚੇ ਭਾਈਚਾਰੇ ਦੀ ਸਰੋਤ ਸੰਗ੍ਰਹਿਆਂ ਤਕ ਨਿਰਪੱਖ ਪਹੁੰਚ, ਤਕਨਾਲੋਜੀ ਦੇ ਵਿਭਿੰਨ ਉਪਕਰਨ ਤੇ ਸਹੂਲਤਾਂ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਰਚੇ ਗਏ ਵਿਭਿੰਨ ਭੌਤਿਕ ਤੇ ਡਿਜੀਟਲ ਸੂਚਨਾ ਸਰੋਤ, ਢੁੱਕਵਾਂ ਬਜਟ ਅਤੇ ਲਾਇਬ੍ਰੇਰੀ ਅਮਲੇ ਦਾ ਪੇਸ਼ੇਵਰ ਵਿਕਾਸ। ਮੌਜੂਦਾ ਯੁੱਗ ਵਿਚ ਬਹੁਮੁੱਲੇ ਸਰੋਤਾਂ ਨਾਲ ਭਰਪੂਰ ਸਕੂਲ ਲਾਇਬ੍ਰੇਰੀਆਂ ਕਿਸੇ ਵੀ ਸਮੇਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਡਿਜੀਟਲ ਸਰੋਤਾਂ ਤੇ ਆਨਲਾਈਨ ਸੇਵਾਵਾਂ ਤਕ ਦੀ ਪਹੁੰਚ ਮੁਹੱਈਆ ਕਰਵਾ ਰਹੀਆਂ ਹਨ। ਇਸ ਲਈ ਸੂਚਨਾ ਤਕਨਾਲੋਜੀ ਦੁਆਰਾ ਪ੍ਰਭਾਵਿਤ ਹੋਏ ਸਮੇਂ, ਸਥਾਨ ਅਤੇ ਵਰਤੋਂ ਦੇ ਮੁਲਾਂਕਣ ਲਈ ਭਵਿਖਤ ਖੋਜ ਕਾਰਜ ਲੁੜੀਂਦੇ ਹੋਣਗੇ।

ਮੁਲਾਂਕਣ ਸਕੂਲ ਲਾਇਬ੍ਰੇਰੀ ਦੇ ਕਾਰਜਕ੍ਰਮਾਂ ਤੇ ਸੇਵਾਵਾਂ ਨੂੰ ਲਾਗੂ ਕਰਨ ਦਾ ਇਕ ਮਹੱਤਵਪੂਰਨ ਪਹਿਲੂ ਹੈ। ਇਹ ਫੈਸਲਾ ਲੈਣ ਤੇ ਮੁਸ਼ਕਲ ਹੱਲ ਕਰਨ ਵਿਚ ਸਹਾਇਤਾ ਕਰਦਾ ਹੈ; ਇਹ ਸਕੂਲ ਲਾਇਬ੍ਰੇਰੀ ਪ੍ਰਤੀ ਲੋਕਾਂ ਦੇ ਨਜ਼ਰੀਏ ਨੂੰ ਪ੍ਰਭਾਵਿਤ ਕਰਦਿਆਂ ਲੋਕ ਹਮਾਇਤ ਦਾ ਵਿਕਾਸ ਕਰਦਾ ਹੈ। ਇਹ ਸਫ਼ਲਤਾ ਦੇ ਰਾਹ ਦੀ ਚੋਣ ਕਰਨ ਦੇ ਨਾਲ-ਨਾਲ ਭਵਿਖਤ ਸਕੂਲ ਲਾਇਬ੍ਰੇਰੀ ਲਈ ਦੂਰ-ਅੰਦੇਸ਼ੀ ਬਿਆਨ ਘੜ੍ਹਨ ਵਿਚ ਵੀ ਸਹਾਈ ਹੁੰਦਾ ਹੈ।

ਅਸਲ ਵਿਚ, ਸਕੂਲ ਲਾਇਬ੍ਰੇਰੀ ਦੇ ਮੁਲਾਂਕਣ ਨੂੰ ਸਕੂਲੀ ਵਿਦਿਅਕ ਯੋਜਨਾ ਦੇ ਮੁਲਾਂਕਣ ਤੋਂ ਨਿਖੇੜਿਆ ਨਹੀਂ ਜਾ ਸਕਦਾ ਹੈ। ਇਸ ਲਈ ਇਹ ਵਿਓਂਤਬੰਦੀ ਪ੍ਰਕਿਰਆ ਦਾ ਇਕ ਮਹੱਤਵਪੂਰਨ ਤੱਤ ਹੁੰਦਿਆਂ ਹੋਇਆਂ ਸਕੂਲ ਦੇ ਵਿਦਿਅਕ ਮਿਆਰ ਨੂੰ ਉੱਚਾ ਕਰਨ ਵਾਲੀ ਯੋਜਨਾ (ਕੁਆਲਟੀ ਅਸ਼ੋਰੰਸ ਪਲਾਨ) ਦਾ ਅਨਿੱਖੜਵਾਂ ਅੰਗ ਹੋਣ ਦੀ ਮੰਗ ਕਰਦਾ ਹੈ।

## 6.2 ਸਕੂਲ ਲਾਇਬ੍ਰੇਰੀ ਮੁਲਾਂਕਣ ਦੇ ਲਾਭ

- ਮੁਲਾਂਕਣ ਕਿਸੇ ਵੀ ਵਰਤਾਰੇ ਦੇ ਕੰਮਾਂ ਦਾ ਇਕ ਆਲੋਚਨਾਤਮਕ ਪਹਿਲੂ ਹੈ, ਜੋ ਸਬੰਧਤ ਅਭਿਆਸ ਦੀ ਬਿਹਤਰੀ ਲਈ ਨਿਰੰਤਰ ਕਾਰਜਸ਼ੀਲ ਰਹਿੰਦਾ ਹੈ;
- ਇਹ ਲਾਇਬ੍ਰੇਰੀ ਕੰਮਾਂ ਤੇ ਸਕੂਲ ਦੇ ਟੀਚਿਆਂ ਵਿਚਕਾਰ ਤਾਲਮੇਲ ਬਣਾਉਂਦਾ ਹੈ;
- ਇਹ ਵਿਦਿਆਰਥੀਆਂ, ਅਧਿਆਪਕਾਂ, ਲਾਇਬ੍ਰੇਰੀ ਅਮਲੇ ਅਤੇ ਵਿਆਪਕ ਵਿਦਿਅਕ ਭਾਈਚਾਰੇ ਸਾਹਮਣੇ ਸਕੂਲ ਲਾਇਬ੍ਰੇਰੀ ਕਾਰਜਕ੍ਰਮਾਂ ਤੇ ਸੇਵਾਵਾਂ ਤੋਂ ਹੋਣ ਵਾਲੇ ਫਾਇਦਿਆਂ ਦੀ ਪੇਸ਼ਕਾਰੀ ਕਰਦਾ ਹੈ;
- ਇਹ ਲਾਇਬ੍ਰੇਰੀ ਕੰਮਾਂ ਦੇ ਸੁਧਾਰ ਤੇ ਤਰੱਕੀ ਲਈ ਲੁੜੀਂਦੇ ਅੰਕੜੇ ਮੁਹੱਈਆ ਕਰਵਾਉਂਦਾ ਹੈ;
- ਸਫਲ ਮੁਲਾਂਕਣ ਲਾਇਬ੍ਰੇਰੀ ਦੇ ਮੌਜੂਦਾ ਕਾਰਜਕ੍ਰਮਾਂ ਤੇ ਸੇਵਾਵਾਂ ਨੂੰ ਇਕ ਸੇਧ ਦਿੰਦੇ ਹੋਏ ਨਵੇਂ ਕਾਰਜਕ੍ਰਮਾਂ ਤੇ ਸੇਵਾਵਾਂ ਦੇ ਵਿਕਾਸ ਲਈ ਅਗਵਾਈ ਕਰਦਾ ਹੈ; ਅਤੇ
- ਇਹ ਲੋਕ ਸੰਪਰਕ ਤੇ ਲੋਕ-ਹਮਾਇਤ ਸਬੰਧੀ ਪਹਿਲ ਕਦਮੀਆਂ ਦੇ ਨਿਰਦੇਸ਼ਨ ਲਈ ਬਹੁਤ ਜ਼ਰੂਰੀ ਹੈ।

## 6.3 ਮੁਲਾਂਕਣ ਦੇ ਵਿਭਿੰਨ ਤਰੀਕੇ

ਸਕੂਲ ਲਾਇਬ੍ਰੇਰੀ ਦੇ ਮੁਲਾਂਕਣ ਲਈ ਇਸ ਦੇ ਮਾਹੌਲ ਤੇ ਸੰਦਰਭ ਦੀ ਚੰਗੀ ਤਰ੍ਹਾਂ ਸਮਝ ਹੋਣੀ ਚਾਹੀਦੀ ਹੈ। ਸਕੂਲ ਲਾਇਬ੍ਰੇਰੀ ਦੇ ਵਧੇਰੇ ਮੁਲਾਂਕਣਾਂ ਵਿਚ ਸਵੈ-ਅਧਿਐਨ ਸ਼ਾਮਲ ਹੁੰਦਾ ਹੈ, ਜੋ ਆਮ ਤੌਰ ‘ਤੇ ਸਕੂਲ ਲਾਇਬ੍ਰੇਰੀਅਨ ਦੁਆਰਾ ਹੀ ਕੀਤਾ ਜਾਂਦਾ ਹੈ। ਸਕੂਲ ਲਾਇਬ੍ਰੇਰੀ ਦੇ ਕਾਰਜਕ੍ਰਮ ਦੀ ਸਮੁੱਚੀ ਗੁਣਵੱਤਾ ‘ਤੇ ਕੇਂਦਰਿਤ ਹੋਣ ਵਾਲੇ ਮੁਲਾਂਕਣ ਦਾ ਘੇਰਾ ਆਮ ਤੌਰ ‘ਤੇ ਵਿਆਪਕ ਹੁੰਦਾ ਹੈ ਤੇ ਇਹ ਸਕੂਲੋਂ ਬਾਹਰੀ ਮਾਹਰਾਂ ਦੁਆਰਾ ਹੀ ਕੀਤਾ ਜਾਂਦਾ ਹੈ। ਇਸ ਮੁਲਾਂਕਣ ਦੇ ਅੰਤ ਵਿਚ ਕਾਰਜਕ੍ਰਮ ਗੁਣਵੱਤਾ ਦੀ ਦਰਜਾਬੰਦੀ ਕੀਤੀ ਜਾਂਦੀ ਹੈ (ਵਧੇਰੇ ਸਪਸ਼ਟਤਾ ਲਈ ਅੰਤਿਕਾ-ਸ: ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ ਤੇ ਅੰਤਿਕਾ-ਹ: ਸਕੂਲ ਪ੍ਰਿੰਸੀਪਲਾਂ ਲਈ ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ ਵੇਖਿਆ ਜਾ ਸਕਦਾ ਹੈ)। ਕਾਰਜਕ੍ਰਮ ਗੁਣਵੱਤਾ ਦੇ ਮੁਲਾਂਕਣ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਮੁਲਾਂਕਣ ਦੇ ਹੋਰ ਵੀ ਕਈ ਢੰਗ ਹਨ; ਜਿਵੇਂਕਿ, ਲਾਇਬ੍ਰੇਰੀ ਵਰਤੋਂਕਾਰਾਂ ਦੇ ਅਨੁਭਵ, ਕਾਰਜਕ੍ਰਮ ਦੀ ਸਮੱਗਰੀ ਤੇ ਇਸ ਦਾ ਪ੍ਰਭਾਵ। ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਚਲਿੱਤ ਵਿਧੀ ਤੱਥ-ਅਧਾਰਤ ਅਭਿਆਸ ਹੈ। ਹੇਠਾਂ ਹਰੇਕ ਮੁਲਾਂਕਣ ਵਿਧੀ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ ਗਈ ਹੈ।

### 6.3.1 ਕਾਰਜਕ੍ਰਮ ਗੁਣਵੱਤਾ

ਸਕੂਲ ਲਾਇਬ੍ਰੇਰੀ ਕਾਰਜਕ੍ਰਮ ਦੀ ਸਮੁੱਚੀ ਗੁਣਵੱਤਾ ਉੱਤੇ ਕੇਂਦਰਿਤ ਹੋਣ ਵਾਲਾ ਮੁਲਾਂਕਣ ਲੰਮੇ ਸਮੇਂ ਦੀ ਮੰਗ ਕਰਦਾ ਹੈ। ਇਸ ਨੂੰ ਸੰਪੂਰਨ ਹੋਣ ‘ਚ ਕਈ ਸਾਲ ਲੱਗ ਜਾਂਦੇ ਹਨ ਤੇ ਇਸ ਲਈ ਅਨੇਕਾਂ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਲੋੜ ਪੈਂਦੀ ਹੈ। ਇਸ ਦੀ ਸ਼ੁਰੂਆਤ ਅਕਸਰ ਅਜਿਹੀ ਰੂਪ-ਰੇਖਾ ਨਾਲ ਹੁੰਦੀ ਹੈ, ਜੋ ਸਕੂਲ ਦੀਆਂ ਸਰਗਰਮੀਆਂ (ਸਕੂਲੀ ਮਾਨਤਾ ਦੀ ਪ੍ਰਕਿਰਿਆ, ਪ੍ਰਾਂਤਕ ਜਾਂ ਰਾਸ਼ਟਰੀ ਮਿਆਰਾਂ ਦੇ ਦਸਤਾਵੇਜ) ਨੂੰ ਦਿਸ਼ਾਂ-ਨਿਰਦੇਸ਼ ਪ੍ਰਦਾਨ ਕਰਦੀ ਹੈ। ਵਰਣਨਯੋਗ ਹੈ ਕਿ ਇਸ ਮੁਲਾਂਕਣ ਲਈ ਮਜ਼ਬੂਤ ਪ੍ਰਬੰਧਕੀ ਸਹਾਇਤਾ ਦੇ ਨਾਲ-ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਤਜ਼ਰਬੇ ਦੀ ਵੀ ਲੋੜ ਪੈਂਦੀ ਹੈ। ਇਸ ਲਈ ਉਪਰੋਕਤ ਭੱਜ-ਨੱਠ ਤੋਂ ਬਚਣ ਲਈ ਕਾਰਜਕ੍ਰਮ ਦੀ ਸਮੁੱਚਤਾ ਨੂੰ ਛੱਡ ਕੇ ਇਸ ਦੇ ਕਿਸੇ ਖਾਸ ਹਿੱਸੇ ਦਾ ਸਾਵਧਾਨੀ ਨਾਲ ਮੁਲਾਂਕਣ ਕੀਤਾ ਜਾ ਸਕਦਾ ਹੈ, ਜਿਸ ਰਾਹੀਂ ਉਕਤ ਲੁੜੀਂਦੀਆਂ ਸ਼ਰਤਾਂ ਨੂੰ ਸੀਮਿਤ ਕੀਤਾ ਜਾ ਸਕਦਾ ਹੈ। ਉਦਾਹਰਨ ਵਜੋਂ, ਸਕੂਲ ਲਾਇਬ੍ਰੇਰੀਅਨ ਦੁਆਰਾ ਕੀਤਾ ਗਿਆ ਸਵੈ-ਅਧਿਐਨ ਕਿਸੇ ਨਿਸ਼ਚਤ ਸਮੇਂ ਦੌਰਾਨ ਲਾਇਬ੍ਰੇਰੀ ਦੀਆਂ ਸਿਖਿਆਤਮਕ ਗਤੀਵਿਧੀਆਂ ਦੇ ਘੇਰੇ ਦੀ ਵਿਆਖਿਆ ਕਰ ਸਕਦਾ ਹੈ, ਜਿਸ ਜ਼ਰੀਏ ਇਸ ਗੱਲ ਦੀ ਪੜਚੋਲ ਕੀਤੀ ਜਾ ਸਕਦੀ ਹੈ ਕਿ ਕਥਿਤ ਗਤੀਵਿਧੀਆਂ ਵਿਚ ਕਿੰਨੇ ਫੀਸਦੀ ਵਿਦਿਆਰਥੀ ਤੇ ਅਧਿਆਪਕ ਸ਼ਾਮਲ ਹੋਏ ਹਨ। ਇਸੇ ਤਰ੍ਹਾਂ ਜੇ ਲਾਇਬ੍ਰੇਰੀ ਕਾਰਜਕ੍ਰਮ ਜਾਂ ਸੇਵਾਵਾਂ ਦੇ ਮਿਆਰਾਂ ਦੇ ਮੁਲਾਂਕਣ ਦੀ ਗੱਲ ਕਰੀਏ ਤਾਂ ਇਹ ਕਿਸੇ ਇਕ ਪੱਖ ਤਕ ਸੀਮਿਤ ਹੋ ਸਕਦਾ ਹੈ; ਜਿਵੇਂ, ਲਾਇਬ੍ਰੇਰੀ ਦੀਆਂ ਸਹੂਲਤਾ ਜਾਂ ਸਰੋਤ ਸੰਗ੍ਰਹਿ।

### 6.3.2 ਕਾਰਜਕ੍ਰਮ ਸਮੱਗਰੀ

ਕਾਰਜਕ੍ਰਮ ਦੇ ਵਿਸ਼ਾ-ਵਸਤੂ ‘ਤੇ ਕੇਂਦਰਿਤ ਹੋਣ ਵਾਲੇ ਸਕੂਲ ਲਾਇਬ੍ਰੇਰੀ ਮੁਲਾਂਕਣ ਦਾ ਘੇਰਾ ਵਿਆਪਕ ਜਾਂ ਸੀਮਿਤ ਹੋ ਸਕਦਾ ਹੈ। ਇਹ ਸਿਰਫ ਇਕ ਵਾਰ ਹੀ ਵਰਤੋਂ ਵਿਚ ਆਉਣ ਵਾਲਾ ਜਾਂ ਨਿਰੰਤਰ ਵਰਤਿਆ ਜਾ ਸਕਣ ਵਾਲਾ ਹੋ

ਸਕਦਾ ਹੈ। ਲਾਇਬ੍ਰੇਰੀ ਕਾਰਜਕ੍ਰਮ ਰਾਹੀਂ ਦਿੱਤੀ ਗਈ ਸਿੱਖਿਆ ਦੇ ਨਤੀਜਿਆਂ ਦੀ ਪੜਚੋਲ ਲਈ ਸਵੈ-ਅਧਿਐਨ ਦੀ ਵਰਤੋਂ ਕਰਦਿਆਂ, ਇਨ੍ਹਾਂ ਨਤੀਜਿਆਂ ਦੀ ਪਾਠਕ੍ਰਮ ਦੇ ਨਤੀਜਿਆਂ ਨਾਲ ਤੁਲਨਾ ਕੀਤੀ ਜਾ ਸਕਦੀ ਹੈ।

ਸਕੂਲ ਅਧਿਆਪਕ ਤੇ ਵਿਭਾਗਾਂ ਦੇ ਮੁਖੀ ਕਾਰਜਕ੍ਰਮ ਸਮੱਗਰੀ ਲਈ ਮਹੱਤਵਪੂਰਨ ਸਲਾਹ ਦੇ ਸਕਦੇ ਹਨ, ਕਿਉਂਕਿ ਉਹ ਵਿਦਿਆਰਥੀਆਂ ਦੀਆਂ ਅਸਲ ਲੋੜਾਂ ਤੋਂ ਭਲੀ ਭਾਂਤ ਜਾਣੂ ਹੁੰਦੇ ਹਨ। ਇਸ ਮੰਤਵ ਦੀ ਪ੍ਰਾਪਤੀ ਲਈ ਸਲਾਹ-ਮਸ਼ਵਰਾ ਸਕੂਲ ਲਾਇਬ੍ਰੇਰੀਅਨ ਦੁਆਰਾ ਨਹੀਂ ਬਲਕਿ ਬਾਹਰੀ ਤੌਰ 'ਤੇ ਮੁਲਾਂਕਣ ਕਰਨ ਵਾਲੇ ਵਿਅਕਤੀ ਦੁਆਰਾ ਹੋਣਾ ਚਾਹੀਦਾ ਹੈ, ਜਿਹੜਾ ਕਿ ਕਿਸੇ ਦੂਜੇ ਸਕੂਲ ਵਿਚ ਕੰਮ ਵਾਲਾ ਲਾਇਬ੍ਰੇਰੀਅਨ ਜਾਂ ਜ਼ਿਲ੍ਹਾ ਸਿੱਖਿਆ ਸਲਾਹਕਾਰ ਹੋ ਸਕਦਾ ਹੈ।

### 6.3.3 ਕਾਰਜਕ੍ਰਮ ਦਾ ਪ੍ਰਭਾਵ

ਇਸ ਮੁਲਾਂਕਣ ਦੀ ਵਰਤੋਂ ਵਿਦਿਆਰਥੀਆਂ ਦੀ ਸਿੱਖਿਆ ਵਿਚ ਸਕੂਲ ਲਾਇਬ੍ਰੇਰੀ ਕਾਰਜਕ੍ਰਮਾਂ ਵੱਲੋਂ ਪਾਏ ਜਾਂਦੇ ਯੋਗਦਾਨ ਨੂੰ ਮਾਪਣ ਲਈ ਕੀਤੀ ਜਾਂਦੀ ਹੈ। ਇਸ ਰਾਹੀਂ ਇਹ ਪਤਾ ਚੱਲਦਾ ਹੈ ਕਿ ਵਿਦਿਆਰਥੀਆਂ ਨੇ ਲਾਇਬ੍ਰੇਰੀ ਕਾਰਜਕ੍ਰਮਾਂ ਤੇ ਗਤੀਵਿਧੀਆਂ ਤੋਂ ਕੀ ਕੁਝ ਸਿੱਖਿਆ ਹੈ; ਜਿਵੇਂਕਿ, ਸਕੂਲ ਲਾਇਬ੍ਰੇਰੀ ਦੇ ਖੋਜ ਪ੍ਰਾਜੈੱਕਟਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਇਹ ਵਿਦਿਆਰਥੀਆਂ ਦੀ ਸਿੱਖਿਆ ਵਿਚ ਕਿਸੇ ਮੌਜ਼ੂ ਪ੍ਰਤੀ ਡੂੰਘੀ ਸਮਝ ਦਾ ਵਿਕਾਸ ਕਰਦੇ ਹੋਏ ਉਨ੍ਹਾਂ ਨੂੰ ਖੋਜ ਦੇ ਤਰੀਕਿਆਂ ਤੋਂ ਜਾਣੂ ਕਰਵਾਉਣਗੇ। ਉਦਾਹਰਨ ਵਜੋਂ, ਵਿਦਿਅਰਥੀਆਂ ਦੀ ਸਿੱਖਿਆ ਉੱਤੇ ਖੋਜ ਪ੍ਰਾਜੈੱਕਟਾਂ ਦੇ ਪ੍ਰਭਾਵ ਦੇ ਵਿਸਤਾਰ ਨੂੰ ਜਾਣਨ ਲਈ *ਲਾਇਬ੍ਰੇਰੀ ਪਾਵਰ ਪ੍ਰਾਜੈਕਟ* ਅਧੀਨ ਮੁੱਢਲੇ ਸਕੂਲ ਦੇ ਵਿਦਿਆਰਥੀਆਂ ਕੋਲੋਂ ਪ੍ਰਾਜੈੱਕਟ ਦੇ ਅੰਤ ਵਿਚ ਕੁਝ ਅਜਿਹੇ ਸਵਾਲ ਪੁੱਛੇ ਗਏ:

- ਕੀ ਤੁਸੀਂ ਆਪਣੇ ਪ੍ਰਾਜੈੱਕਟ ਬਾਰੇ ਕੁਝ ਦੱਸ ਸਕਦੇ ਹੋ—ਇਸ ਪ੍ਰਾਜੈੱਕਟ ਲਈ ਤੁਸੀਂ ਪੁਸਤਕਾਂ ਤੇ ਕੰਪਿਊਟਰਾਂ ਦੀ ਕਿਵੇਂ ਵਰਤੋਂ ਕੀਤੀ? ਇਸ ਦੌਰਾਨ ਕੀ ਵਧੀਆ ਰਿਹਾ ਤੇ ਕਿਹੜੀਆਂ ਚੀਜ਼ਾਂ ਨੇ ਅੜਿੱਕੇ ਪੈਦਾ ਕੀਤੇ?
- ਤੁਸੀਂ ਇਸ ਪ੍ਰਾਜੈੱਕਟ ਦੀ ਸ਼ੁਰੂਆਤ ਕਿਵੇਂ ਕੀਤੀ? ਇਸ ਦੇ ਮੱਧ ਵਿਚ ਤੁਸੀਂ ਕੀ ਕੀਤਾ? ਇਸ ਪ੍ਰਾਜੈੱਕਟ ਨੂੰ ਤੁਸੀਂ ਕਿਵੇਂ ਮੁਕੰਮਲ ਕੀਤਾ ਤੇ ਇਸ ਦੇ ਇਨ੍ਹਾਂ ਪੜਾਵਾਂ ਉੱਤੇ ਤੁਸੀਂ ਕਿਵੇਂ ਮਹਿਸੂਸ ਕੀਤਾ?
- ਇਸ ਖੋਜ ਪ੍ਰਾਜੈੱਕਟ ਤੋਂ ਤੁਸੀਂ ਕੀ ਸਿੱਖਿਆ; ਇਸ ਨੇ ਤੁਹਾਡੇ ਮਨ ਉੱਤੇ ਕਿਸ ਤਰ੍ਹਾਂ ਦੀ ਛਾਪ ਛੱਡੀ ਹੈ? ਕੀ ਤੁਸੀਂ ਆਪਣੇ ਇਸ ਪ੍ਰਾਜੈੱਕਟ ਨੂੰ ਸਕੂਲ ਤੋਂ ਬਾਹਰੀ ਲੋਕਾਂ ਨਾਲ ਸਾਂਝਾ ਕਰੋਗੇ?

ਇਸੇ ਤਰ੍ਹਾਂ ਦਾ ਹੀ ਇਕ ਢੰਗ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ ਵਰਤਿਆ ਗਿਆ, ਜੋ *ਸਕੂਲ ਲਾਇਬ੍ਰੇਰੀ ਇੰਮਪੈਕਟ ਮੈਜ਼ਰ* ਅਤੇ *ਸਟਿਊਡੈਂਟ ਲਰਨਿੰਗ ਇੰਮਪੈਕਟ ਮੈਜ਼ਰ* ਦੇ ਦੋ ਵੱਖ-ਵੱਖ ਨਾਂਵਾਂ ਨਾਲ ਜਾਣਿਆਂ ਜਾਂਦਾ ਹੈ। ਇਸ ਵਿਧੀ ਤਹਿਤ ਖੋਜ ਪ੍ਰਕਿਰਿਆ ਦੇ ਵਿਭਿੰਨ ਪੜਾਵਾਂ ਉੱਤੇ ਵਿਦਿਆਰਥੀਆਂ ਨੂੰ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਗਿਆ:

- ਆਪਣੇ ਮੌਜ਼ੂ ਬਾਰੇ ਸੋਚਣ ਲਈ ਕੁਝ ਸਮਾਂ ਲਵੋ; ਇਸ ਬਾਰੇ ਜੋ ਕੁਝ ਤੁਸੀਂ ਜਾਣਦੇ ਹੋ, ਉਸ ਨੂੰ ਇਕ ਸਫੇ 'ਤੇ ਲਿਖੋ।
- ਤੁਹਾਡੀ ਇਸ ਮੌਜ਼ੂ ਵਿਚ ਕਿੰਨੀ ਕੁ ਦਿਲਚਸਪੀ ਹੈ?
- ਇਸ ਮੌਜ਼ੂ ਬਾਰੇ ਤੁਸੀਂ ਕਿੰਨਾ ਕੁ ਜਾਣਦੇ ਹੋ?
- ਖੋਜ ਪ੍ਰਾਜੈੱਕਟ ਵਿਚ ਕਿਹੜੀ ਚੀਜ਼ ਤੁਹਾਨੂੰ ਆਸਾਨ ਤੇ ਔਖੀ ਲੱਗੀ ਹੈ?
- ਇਸ ਖੋਜ ਪ੍ਰਾਜੈੱਕਟ ਨੂੰ ਨਿਭਾਉਂਦਿਆਂ ਤੁਸੀਂ ਕੀ ਕੁਝ ਸਿੱਖਿਆ? (ਇਹ ਸਵਾਲ ਖੋਜ ਪ੍ਰਾਜੈੱਕਟ ਦੇ ਅੰਤ ਵਿਚ ਪੁੱਛਿਆ ਜਾਵੇ)

ਉਪਰੋਕਤ ਵਿਧੀਆਂ ਤੋਂ ਇਲਾਵਾ, ਵਾਰਤਾਲਾਪ, ਪ੍ਰਸ਼ਨਾਵਲੀ ਆਦਿ ਰਾਹੀਂ ਪਰਖੇ ਜਾਣ ਵਾਲੇ ਵਿਦਿਆਰਥੀਆਂ ਦੀ ਸਿੱਖਿਆ ਦੇ ਹੋਰ ਅਨੇਕ ਪੱਖ ਇਸ ਪ੍ਰਕਾਰ ਹਨ:

- ਸੂਚਨਾ ਸਰੋਤ ਨੂੰ ਪਛਾਣਨ ਦੀ ਯੋਗਤਾ;
- ਸੂਚਨਾ ਦੀ ਭਰੋਸੇਯੋਗਤਾ, ਪ੍ਰਮਾਣਿਕਤਾ ਅਤੇ ਢੁਕਵੇਂਪਣ ਨੂੰ ਪਰਖਣ ਵਾਲੀ ਬਿਰਤੀ;

- ਬਹੁਮੁੱਲੀ ਜਾਣਕਾਰੀ ਨਾਲ ਭਰਪੂਰ ਭਰੋਸੇਯੋਗ ਸਰੋਤਾਂ ਨੂੰ ਸਿਰਜਣ ਦੀ ਯੋਗਤਾ; ਜਾਂ
- ਜ਼ੁੰਮੇਵਾਰੀ ਨਾਲ ਆਪਣੀ ਡਿਜੀਟਲ ਪਛਾਣ ਨੂੰ ਸੰਭਾਲਣ ਦੀ ਸਮਰੱਥਾ।

ਗੱਲਬਾਤ ਜਾਂ ਪ੍ਰਸ਼ਨਾਵਲੀ ਰਾਹੀਂ ਪ੍ਰਾਪਤ ਕੀਤੇ ਗਏ ਜਵਾਬਾਂ ਦਾ ਮੁਲਾਂਕਣ ਕਰਨਾ ਸਕੂਲ ਲਾਇਬ੍ਰੇਰੀਅਨਾਂ ਤੇ ਅਧਿਆਪਕਾਂ ਲਈ ਇਕ ਖਪਾਊ ਤੇ ਸਮਾਂ ਖਰਚ ਕਰਨ ਵਾਲਾ ਅਭਿਆਸ ਹੋ ਸਕਦਾ ਹੈ ਪਰ ਜੇਕਰ ਉਹ ਅਜਿਹਾ ਕਰਨ ਵਿਚ ਸਫਲ ਹੋ ਜਾਂਦੇ ਹਨ ਤਾਂ ਉਹ ਲੋਕ ਇਨ੍ਹਾਂ ਗੱਲਾਂ ਨੂੰ ਸਮਝਣ ਦੇ ਯੋਗ ਹੋ ਜਾਣਗੇ ਹਨ ਕਿ ਵਿਦਿਆਰਥੀਆਂ ਨੇ ਪਾਠਕ੍ਰਮ ਤੇ ਸੂਚਨਾ ਸਾਖਰਤਾ ਦੀਆਂ ਮਹੱਤਵਪੂਰਨ ਨਿਪੁੰਨਤਾਵਾਂ ਸਬੰਧੀ ਆਪਣੇ ਗਿਆਨ ਤੇ ਸਮਝ ਨੂੰ ਕਿਵੇਂ ਤੇ ਕਿੰਨਾਂ ਕੁ ਵਿਕਸਤ ਕੀਤਾ ਹੈ।

### 6.3.4 ਵਰਤੋਂਕਾਰਾਂ ਦੇ ਅਨੁਭਵ

ਬਹੁਤ ਸਾਰੇ ਸਰਵੇਖਣ ਲਾਇਬ੍ਰੇਰੀ ਵਰਤੋਂਕਾਰਾਂ ਦੇ ਮੁਲਾਂਕਣ ਦੀਆਂ ਪ੍ਰੇਰਨਾਦਾਇਕ ਤੇ ਵਿਆਪਕ ਉਦਾਹਰਨਾਂ ਪੇਸ਼ ਕਰਦੇ ਹਨ। ਇਕ ਪ੍ਰਮੁੱਖ ਖੋਜ ਕਾਰਜ ਸਰਲ ਤੇ ਪ੍ਰਭਾਵਸ਼ਾਲੀ ਦਸਤਾਵੇਜ਼ ਮੰਨਿਆ ਜਾਂਦਾ ਹੈ। ਇਸ ਦੀਆਂ ਦੋ ਉਦਾਹਰਨਾ ਹਨ: (ੳ) ਜ਼ਿਲ੍ਹਾ ਪੱਧਰੀ ਸੰਤੁਸ਼ਟੀ ਸਰਵੇਖਣ (ਅ) ਸਕੂਲ ਅਧਾਰਤ ਪ੍ਰਤੀਕਿਰਿਆ ਸਰਵੇਖਣ।

ਬਹੁਤ ਸਾਰੇ ਸਕੂਲ ਜ਼ਿਲ੍ਹਿਆਂ ਜਾਂ ਵਿਦਿਅਕ ਅਧਿਕਾਰੀਆਂ ਕੋਲ ਸਲਾਨਾ ਸੰਤੁਸ਼ਟੀ ਸਰਵੇਖਣ ਦੇ ਕੁਝ ਦਸਤਾਵੇਜ਼ ਸਾਂਭੇ ਪਏ ਹੁੰਦੇ ਹਨ, ਜਿਨ੍ਹਾਂ ਵਿਚ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨਾਲ ਸਬੰਧਤ ਮਹੱਤਵਪੂਰਨ ਅੰਕੜੇ ਹੁੰਦੇ ਹਨ। ਇਨ੍ਹਾਂ ਸਰਵੇਖਣਾਂ ਵਿਚੋਂ ਸਕੂਲ ਲਾਇਬ੍ਰੇਰੀ ਕਾਰਜਕ੍ਰਮਾਂ ਤੇ ਸੇਵਾਵਾਂ ਨਾਲ ਸਬੰਧਤ ਅੰਕੜੇ ਪ੍ਰਾਪਤ ਕਰ ਲੈਣੇ ਬਹੁਤ ਉਚਿਤ ਹਨ। ਜੇਕਰ ਇਨ੍ਹਾਂ ਸਰਵੇਖਣਾਂ ਵਿਚ ਅਜਿਹੇ ਅੰਕੜਿਆਂ ਦੀ ਅਣਹੋਂਦ ਹੋਵੇ ਤਾਂ ਇਨ੍ਹਾਂ ਬਾਬਤ ਜ਼ਿਲ੍ਹਾ ਪ੍ਰਬੰਧਕਾਂ ਨਾਲ ਕੀਤਾ ਗਿਆ ਸਲਾਹ ਮਸ਼ਵਰਾ ਵੀ ਕਾਫੀ ਮਹੱਤਵਪੂਰਨ ਹੋ ਸਕਦਾ ਹੈ।

ਸਕੂਲ ਵਿਚਲੀ ਹਰੇਕ ਜਮਾਤ ਦੇ ਵਿਦਿਆਰਥੀਆਂ ਦੇ ਲਾਇਬ੍ਰੇਰੀ ਪ੍ਰਤੀ ਅਨੁਭਵਾਂ ਦੇ ਅੰਕੜਿਆਂ ਨੂੰ ਇਕੱਠਾ ਕਰਨ ਲਈ ਪ੍ਰਿੰਸੀਪਲ ਦੀ ਮਦਦ ਲਈ ਜਾ ਸਕਦੀ ਹੈ। ਪਹਿਲੀ ਜਮਾਤ ਤੋਂ ਸ਼ੁਰੂ ਕਰਦਿਆਂ, ਵਿਦਿਆਰਥੀਆਂ ਕੋਲੋਂ ਲਾਇਬ੍ਰੇਰੀ ਪ੍ਰਤੀਕਿਰਿਆ ਸਬੰਧੀ ਸਵਾਲ ਪੁੱਛੇ ਜਾ ਸਕਦੇ ਹਨ; ਜਿਵੇਂਕਿ, "ਕਿਹੜੀ ਚੀਜ਼ ਸਾਡੀ ਲਾਇਬ੍ਰੇਰੀ ਨੂੰ ਉੱਤਮ ਬਣਾਉਂਦੀ ਹੈ?" ਅਤੇ "ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ?" ਇਸ ਸਰਵੇਖਣ ਦੇ ਅੰਕੜਿਆਂ ਦੀ ਪਰਖ-ਪੜਚੋਲ ਤੋਂ ਬਾਅਦ ਅਧਿਆਪਕਾਂ, ਸਹਿਯੋਗੀ ਅਮਲੇ ਤੇ ਵਿਦਿਆਰਥੀਆਂ ਦੇ ਮਾਪਿਆਂ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਸੈਕੰਡਰੀ ਸਕੂਲਾਂ ਵਿਚ ਵਿਦਿਆਰਥੀਆਂ ਦੇ ਨੁਮਾਇੰਦਿਆਂ (ਮੋਨੀਟਰਾਂ) ਦੇ ਇਕੱਠ ਦੀ ਅਜਿਹੀ ਵਿਵਸਥਾ ਕੀਤੀ ਜਾ ਸਕਦੀ ਹੈ, ਜਿਸ ਵਿਚ ਹਰੇਕ ਜਮਾਤ ਦੇ ਵੱਧ ਤੋਂ ਵੱਧ ਪ੍ਰਤੀਨਿਧਾਂ ਦੀ ਸ਼ਮੂਲੀਅਤ ਜ਼ਰੂਰੀ ਕੀਤੇ ਜਾਵੇ। ਇਸ ਮਿਲਣੀ ਦਾ ਟੀਚਾ ਵਿਦਿਆਰਥੀਆਂ ਕੋਲੋਂ ਸਕੂਲ ਲਾਇਬ੍ਰੇਰੀ ਸੇਵਾਵਾਂ ਤੇ ਕਾਰਜਕ੍ਰਮਾਂ ਬਾਰੇ ਪ੍ਰਤੀਕਿਰਿਆ ਲੈਣਾ ਹੈ। ਪ੍ਰਤੀਕਿਰਿਆ ਦੇ ਵੱਖ-ਵੱਖ ਪੜਾਵਾਂ ਉੱਤੇ ਵਿਦਿਆਰਥੀਆਂ ਕੋਲੋਂ ਇਹ ਪੁੱਛਿਆ ਜਾ ਸਕਦਾ ਹੈ ਕਿ ਲਾਇਬ੍ਰੇਰੀ ਵਿਚਲੀ ਕਿਹੜੀ ਚੀਜ਼ ਨੂੰ ਉਹ ਸਭ ਤੋਂ ਵੱਧ ਤੇ ਸਭ ਤੋਂ ਘੱਟ ਪਸੰਦ ਕਰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਤੋਂ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਸਕੂਲ ਲਾਇਬ੍ਰੇਰੀ ਨੂੰ ਸਿਖਿਆਰਥੀਆਂ ਵਾਸਤੇ ਇਕ ਚੰਗੀ ਜਗ੍ਹਾ ਬਣਾਉਣ ਲਈ ਕਿਹੜੀਆਂ ਚੀਜ਼ਾਂ ਜ਼ਰੂਰੀ ਹਨ। ਉਪਰੋਕਤ ਢੰਗ ਸਕੂਲ ਲਾਇਬ੍ਰੇਰੀ ਕਾਰਜਕ੍ਰਮਾਂ ਤੇ ਸੇਵਾਵਾਂ ਦੇ ਕਿਸੇ ਨਿਸ਼ਚਤ ਹਿੱਸੇ ਦੇ ਮੁਲਾਂਕਣ ਲਈ ਆਸਾਨੀ ਨਾਲ ਵਰਤੇ ਜਾ ਸਕਦੇ ਹਨ।

### 6.3.5 ਤੱਥ-ਅਧਾਰਤ ਅਭਿਆਸ

ਕਿਸੇ ਵਰਤਾਰੇ ਵਿਚ ਸੁਧਾਰ ਲਿਆਉਣ ਲਈ ਤੱਥ-ਅਧਾਰਤ ਅਭਿਆਸ ਅੰਕੜਿਆਂ ਦੀ ਇੱਕਤਰਤਾ ਤੇ ਪਰਖ-ਪੜਚੋਲ 'ਤੇ ਕੇਂਦਰਿਤ ਹੁੰਦਾ ਹੈ। ਇਸ ਅਭਿਆਸ ਰਾਹੀਂ ਕੀਤੇ ਗਏ ਮੁਲਾਂਕਣ ਦਾ ਕਾਰਜ ਖੇਤਰ ਆਮ ਤੌਰ 'ਤੇ ਸੀਮਿਤ ਹੁੰਦਾ ਹੈ ਤੇ ਇਹ ਸਕੂਲ ਪੱਧਰੀ ਵਿਅਕਤੀਆਂ ਦੁਆਰਾ ਹੀ ਕੀਤਾ ਜਾਂਦਾ ਹੈ। ਇਸ ਦੇ ਅੰਤ ਵਿਚ ਸਬੰਧਤ ਵਰਤਾਰੇ ਦੇ ਸੁਧਾਰ ਲਈ ਸਲਾਹਾਂ ਪੇਸ਼ ਕੀਤੀਆਂ ਜਾਂਦੀਆ ਹਨ। ਇਸ ਅਭਿਆਸ ਲਈ ਲੁੜੀਂਦੇ ਅੰਕੜੇ ਅਨੇਕਾਂ ਦਸਤਾਵੇਜ਼ਾਂ ਤੋਂ ਇਕੱਠੇ ਕੀਤੇ ਜਾਂਦੇ ਹਨ, ਜੋ ਪਰਖੇ ਜਾ ਰਹੇ ਵਰਤਾਰੇ ਦੇ ਪੱਖ 'ਤੇ ਨਿਰਭਰ ਕਰਦੇ ਹਨ; ਜਿਵੇਂਕਿ, ਆਨਲਾਈਨ ਸਰਕਿਊਲੇਸ਼ਨ ਤੇ ਕੈਟਾਲੌਗਿੰਗ ਸਿਸਟਮ ਦੇ ਦਸਤਾਵੇਜ਼ ਤੇ ਲਾਇਬ੍ਰੇਰੀਆਂ ਵਿਚ ਦਿੱਤੀਆਂ ਜਾਦੀਆਂ ਸਿੱਖਿਆਵਾਂ ਦੇ ਨਮੂਨੇ— ਇਹ ਅੰਕੜੇ ਜਮਾਤ, ਨਤੀਜਿਆਂ ਜਾਂ ਵਿਸ਼ੇ ਦੇ ਅਧਾਰ 'ਤੇ ਇਕੱਠੇ ਕੀਤੇ ਜਾਂਦੇ ਹਨ ਤੇ ਇਨ੍ਹਾਂ ਦੀ ਵਰਤੋਂ ਉਚਿਤ ਫੈਸਲੇ ਲੈਣ ਵਿਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਸਿਖਿਆਤਮਕ

ਪ੍ਰਾਜੈੱਕਟਾਂ ਤੇ ਵਿਦਿਆਰਥੀਆਂ, ਅਧਿਆਪਕਾਂ ਅਤੇ/ ਜਾਂ ਮਾਪਿਆਂ ਦੇ ਸਰਵੇਖਣਾਂ ਨੂੰ ਵੀ ਇਸ ਮਕਸਦ ਲਈ ਵਰਤਿਆ ਜਾਂਦਾ ਹੈ ਤੇ ਇਸ ਕਿਸਮ ਦੇ ਅੰਕੜੇ ਲਾਇਬ੍ਰੇਰੀ ਦੇ ਪ੍ਰਭਾਵ ਬਾਰੇ ਦੱਸਦੇ ਹਨ।

ਬਿਹਤਰੀਨ ਫੈਸਲਾ ਖੋਜ ਭਰਪੂਰ ਅੰਕੜਿਆਂ ਤੇ ਪੁਖਤਾ ਜਾਣਕਾਰੀ ‘ਤੇ ਨਿਰਭਰ ਕਰਦਾ ਹੈ ਤੇ ਤੱਥ-ਅਧਾਰਤ ਅਭਿਆਸ ਅਜਿਹੇ ਫੈਸਲੇ ਤਕ ਪਹੁੰਚਣ ਲਈ ਇਕ ਸੰਪੂਰਨ ਤੇ ਸਮੁੱਚਾ ਢੰਗ ਹੈ। ਇਹ ਅਭਿਆਸ ਪ੍ਰਮੁੱਖ ਤੌਰ ‘ਤੇ ਤਿੰਨ ਤਰ੍ਹਾਂ ਦੇ ਅੰਕੜਿਆਂ ਨੂੰ ਇਕੱਠਾ ਕਰਨ ਵਿਚ ਸਹਾਈ ਹੁੰਦਾ ਹੈ: ੳ) ਅਭਿਆਸ ਵਾਸਤੇ ਤੱਥ (ਅਭਿਆਸ ਦੀ ਜਾਣਕਾਰੀ ਨੂੰ ਸਾਂਝਾ ਕਰਨ ਲਈ ਰਸਮੀ ਖੋਜ ਤੱਥਾਂ ਦੀ ਵਰਤੋਂ ਕਰਨੀ); ਅ) ਅਭਿਆਸ ਵਿਚਲਾ ਤੱਥ (ਅਭਿਆਸ ਨੂੰ ਨਵਾਂ ਰੂਪ ਦੇਣ ਲਈ ਸਥਾਨਕੀ ਅੰਕੜਿਆਂ ਦਾ ਉਪਯੋਗ ਕਰਨਾ); ਅਤੇ ੲ) ਅਭਿਆਸ ਦਾ ਤੱਥ (ਸਕੂਲ ਲਾਇਬ੍ਰੇਰੀਅਨਾਂ ਦੇ ਕਾਰਜਾਂ ਦੇ ਨਤੀਜਿਆਂ ਨੂੰ ਸਮਝਣ ਲਈ ਉਨ੍ਹਾਂ ਅੰਕੜਿਆਂ ਦੀ ਵਰਤੋਂ ਕਰਨਾ, ਜੋ ਲਾਇਬ੍ਰੇਰੀ ਵਰਤੋਂਕਾਰਾਂ ਦੀਆਂ ਪ੍ਰਤੀਕਿਰਿਆਵਾਂ ਨਾਲ ਸਬੰਧਤ ਹਨ (Todd, 2007)। ਪੇਸ਼ੇਵਰ ਸਿੱਖਿਆ ਤੇ ਅਨੇਕਾਂ ਖੋਜ ਰਸਾਲਿਆਂ ਰਾਹੀਂ ਸਕੂਲ ਲਾਇਬ੍ਰੇਰੀਅਨ ਉਪਰੋਕਤ ਪਹਿਲੀ ਕਿਸਮ ਦੇ ਤੱਥਾਂ/ਜਾਣਕਾਰੀ ਨੂੰ ਹਾਸਿਲ ਕਰਨ ਦੇ ਯੋਗ ਬਣਦੇ ਹਨ (Haycock, 1992; Kachel et al, 2013)। ਪੁਸਤਕ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਅਹਿਮ ਸਰੋਤਾਂ ਦੀ ਲੋੜ ਹੁੰਦੀ ਹੈ ਤੇ ਅਜਿਹੇ ਸਰੋਤਾਂ ਨੂੰ ਖਰੀਦਣ ਲਈ ਸਕੂਲ ਲਾਇਬ੍ਰੇਰੀਅਨ ਸਰਕਿਊਲੇਸ਼ਨ ਦੇ ਦਸਤਾਵੇਜ਼ ਤੇ ਸਿਖਿਆਤਮਕ ਸਰਗਰਮੀਆਂ ਦੀਆਂ ਫਰਦਾਂ ਦੇ ਅੰਕੜੇ ਵਰਤਦੇ ਹਨ। ਅਜਿਹੀ ਜਾਣਕਾਰੀ ਉਨ੍ਹਾਂ ਯੋਜਨਾਵਾਂ ਲਈ ਵੀ ਜ਼ਰੂਰੀ ਹੁੰਦੀ ਹੈ, ਜਿਨ੍ਹਾਂ ਰਾਹੀ ਸਮੁੱਚੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਇਕਸਾਰ ਮੌਕੇ ਪ੍ਰਦਾਨ ਕਰਾਏ ਜਾਂਦੇ ਹਨ।

## 6.4 ਸਕੂਲ ਲਾਇਬ੍ਰੇਰੀ ਅਤੇ ਲੋਕ ਸੰਪਰਕ

ਲੋਕ ਸੰਪਰਕ ਦਾ ਸੰਕਲਪ ਚਿਰਕਾਲੀ ਪਰਸਪਰ ਪ੍ਰਭਾਵ ਤੇ ਯੋਜਨਾਬੱਧ ਸੰਚਾਰ ‘ਤੇ ਕੇਂਦਰਿਤ ਹੁੰਦਾ ਹੋਇਆ ਕਿਸੇ ਸੰਸਥਾ ਤੇ ਉਸ ਦੇ ਲੋਕਾਂ ਵਿਚਕਾਰ ਲਾਭਦਾਇਕ ਰਿਸ਼ਤੇ ਸਥਾਪਤ ਕਰਨ ਵਿਚ ਸਹਾਈ ਹੁੰਦਾ ਹੈ; ਜਿਵੇਂ ਕਿ, ਸਕੂਲ ਲਾਇਬ੍ਰੇਰੀ ਤੇ ਇਸ ਦੇ ਵਿਭਿੰਨ ਵਰਤੋਂਕਾਰ।

ਪ੍ਰਚਾਰ ਤੇ ਪਸਾਰ ਦੇ ਸਿਧਾਂਤ ਦਾ ਸਬੰਧ ਸਕੂਲ ਲਾਇਬ੍ਰੇਰੀ ਦੇ ਵਰਤੋਂਕਾਰਾਂ ਦੀਆਂ ਇਛਾਵਾਂ, ਲੋੜਾਂ, ਮੰਗਾਂ ਅਤੇ ਉਮੰਗਾਂ ਦੀ ਪੂਰਤੀ ਲਈ ਪ੍ਰਾਪਤ ਕੀਤੇ ਗਏ ਨਵੀਨ ਸਰੋਤਾਂ ਤੇ ਸੇਵਾਵਾਂ ਨਾਲ ਹੁੰਦਾ ਹੈ। ਇਸ ਦੇ ਉਲਟ ਲੋਕ-ਹਮਾਇਤ ਬੁਨਿਆਦੀ ਤੌਰ ‘ਤੇ ਕਿਸੇ ਵਰਤਾਰੇ ਦੇ ਸੁਧਾਰ/ਤਰੱਕੀ ਲਈ ਕੀਤੇ ਗਏ ਕਾਰਜ ਨਾਲ ਸਬੰਧਤ ਹੈ। ਸਕੂਲ ਲਾਇਬ੍ਰੇਰੀ ਦੇ ਸਹਿਯੋਗੀਆਂ ਤੇ ਸਮੱਰਥਕਾਂ ਨਾਲ ਤਾ-ਉਮਰ ਦੇ ਸਾਰਥਕ ਰਿਸ਼ਤੇ ਬਣਾਉਣ ਦੀ ਲੋੜ ਹੁੰਦੀ ਹੈ: ਇਸੇ ਹੀ ਵਰਤਾਰੇ ਨੂੰ ਸਕੂਲ ਲਾਇਬ੍ਰੇਰੀ ਐਡਵੋਕੇਸੀ ਦਾ ਨਾਂ ਦਿੱਤਾ ਜਾਂਦਾ ਹੈ। ਪ੍ਰਚਾਰ, ਪਸਾਰ ਅਤੇ ਲੋਕ-ਹਮਾਇਤ ਦੀ ਰੂਪ-ਰੇਖਾ ਵਿਓਂਤਬੱਧ ਤਰੀਕੇ ਨਾਲ ਲਾਗੂ ਹੋਣੀ ਚਾਹੀਦੀ ਹੈ। ਸਕੂਲ ਲਾਇਬ੍ਰੇਰੀ ਦੀਆਂ ਗਤੀਵਿਧੀਆਂ ਦੇ ਪ੍ਰਚਾਰ ਤੇ ਪਸਾਰ ਲਈ ਸਕੂਲ ਲਾਇਬ੍ਰੇਰੀਅਨ ਜ਼ੁੰਮੇਵਾਰ ਹੁੰਦਾ ਹੈ; ਉਸ ਕੋਲ ਲੋਕ-ਹਮਾਇਤ ਵਰਤਾਰੇ ਵਾਸਤੇ ਲੁੜੀਂਦੀ ਸੋਝੀ ਤੇ ਕਾਬਲੀਅਤ ਵੀ ਹੁੰਦੀ ਹੈ ਪਰ ਆਮ ਤੌਰ ‘ਤੇ ਇਹ ਵਰਤਾਰਾ ਸਕੂਲ ਲਾਇਬ੍ਰੇਰੀ ਸੰਘ ਦੇ ਕਿਸੇ ਸਮੂਹ ਦੁਆਰਾ ਉਲੀਕਿਆ ਤੇ ਲਾਗੂ ਕੀਤਾ ਜਾਂਦਾ ਹੈ। ਸਕੂਲ ਲਾਇਬ੍ਰੇਰੀ ਦੇ ਪ੍ਰਚਾਰ ਤੇ ਪਸਾਰ ਦਾ ਕੇਂਦਰੀ ਧੁਰਾ ਇਸ ਦੇ ਵਰਤੋਂਕਾਰ ਹੁੰਦੇ ਹਨ: ਇਸ ਦਾ ਪ੍ਰਮੁੱਖ ਸਰੋਕਾਰ ਲਾਇਬ੍ਰੇਰੀ ਦੀ ਵਰਤੋਂ ਕਰਵਾਉਣ ਨਾਲ ਹੁੰਦਾ ਹੈ। ਇਸ ਦੇ ਮੁਕਾਬਲਤਨ ਲੋਕ-ਹਮਾਇਤ ਦਾ ਸਬੰਧ ਫੈਸਲਾ ਲੈਣ ਵਾਲੇ ਲੋਕਾਂ ਤੇ ਉਨ੍ਹਾਂ ਵਿਅਕਤੀਆਂ ਨਾਲ ਹੁੰਦਾ ਹੈ, ਜੋ ਫੈਸਲਾ ਲੈਣ ਵਾਲਿਆਂ ਨੂੰ ਪ੍ਰਭਾਵਿਤ ਕਰਦੇ ਹਨ: ਇਸ ਦਾ ਪ੍ਰਮੁੱਖ ਸਬੰਧ ਲਾਇਬ੍ਰੇਰੀ ਲਈ ਜ਼ਰੂਰੀ ਧਨ ਤੇ ਹੋਰ ਕਈ ਕਿਸਮਾਂ ਦੀ ਸਹਾਇਤਾ ਪ੍ਰਾਪਤ ਕਰਨ ਨਾਲ ਹੁੰਦਾ ਹੈ, ਜਿਸ ਰਾਹੀਂ ਸਕੂਲ ਲਾਇਬ੍ਰੇਰੀ ਦੇ ਸਮੁੱਚੇ ਕੰਮ ਮੁਮਕਨ ਬਣਦੇ ਹਨ।

### 6.4.1 ਲਾਇਬ੍ਰੇਰੀ ਪ੍ਰਚਾਰ

ਪ੍ਰਚਾਰ ਰਾਹੀਂ ਇਸ ਗੱਲ ਦਾ ਵਰਤੋਂਕਾਰਾਂ ਵਿਚ ਸੰਚਾਰ ਕੀਤਾ ਜਾਂਦਾ ਹੈ ਕਿ ਲਾਇਬ੍ਰੇਰੀ ਕੋਲ ਉਨ੍ਹਾਂ ਨੂੰ ਪ੍ਰਦਾਨ ਕਰਨ ਲਈ ਕੀ ਕੁਝ ਹੈ। ਇਹ ਵਰਤਾਰਾ ਵਰਤੋਂਕਾਰਾਂ ਦੀਆਂ ਲੋੜਾਂ ਤੇ ਪ੍ਰਮੁੱਖਤਾਵਾਂ ਨੂੰ ਲਾਇਬ੍ਰੇਰੀ ਦੇ ਮਹੱਤਵਪੂਰਨ ਸਰੋਤਾਂ ਤੇ ਸੇਵਾਵਾਂ ਨਾਲ ਮੇਲਣ ਦੀ ਕੋਸ਼ਿਸ਼ ਕਰਦਾ ਹੈ। ਸਕੂਲ ਲਾਇਬ੍ਰੇਰੀ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਤੇ ਸਹੂਲਤਾਂ ਦਾ ਪ੍ਰਚਾਰ ਤੇ ਪਸਾਰ ਸਰਗਰਮ ਰੂਪ ਵਿਚ ਹੋਣਾ ਚਾਹੀਦਾ ਹੈ ਤਾਂ ਜੋ ਉਦੇਸ਼ਿਤ ਵਰਤੋਂਕਾਰਾਂ (ਵਿਦਿਆਰਥੀ, ਅਧਿਆਪਕ ਅਤੇ ਵਿਆਪਕ ਭਾਈਚਾਰਾ) ਨੂੰ ਲਾਇਬ੍ਰੇਰੀ ਦੇ ਸਿਖਿਆਤਮਕ ਯੋਗਦਾਨ ਤੇ ਮਨਚਾਹੀਆਂ ਸੇਵਾਵਾਂ ਤੇ ਸਰੋਤਾਂ ਤੋਂ ਜਾਣੂ ਕਰਵਾਇਆ ਜਾ ਸਕੇ।

ਸਕੂਲ ਲਾਇਬ੍ਰੇਰੀ ਕੋਲ ਪ੍ਰਚਾਰ ਤੇ ਪਸਾਰ ਦੀ ਸਪਸ਼ਟ ਨੀਤੀ ਦਾ ਇਕ ਲਿਖਿਤ ਦਸਤਾਵੇਜ਼ ਹੋਣਾ ਚਾਹੀਦਾ ਹੈ, ਜੋ ਲਾਇਬ੍ਰੇਰੀ ਦੇ ਹਮਾਇਤੀਆਂ ਤੇ ਸਹਿਯੋਗੀਆਂ ਦੀ ਰਾਏ ਨਾਲ ਤਿਆਰ ਕੀਤਾ ਗਿਆ ਹੋਵੇ। ਇਸ ਨੀਤੀ ਵਿਚ ਸ਼ਾਮਲ ਹੋਣ ਵਾਲੇ ਤੱਤ ਇਸ ਪ੍ਰਕਾਰ ਹਨ: ਇੱਛਿਤ ਟੀਚੇ; ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਲੁੜੀਂਦੇ ਕਾਰਜਾਂ ਦੀ ਸੂਚੀ; ਅਤੇ ਪ੍ਰਚਾਰ ਤੇ ਪਸਾਰ ਦੇ ਕੰਮਾਂ ਦੀ ਸਫ਼ਲਤਾ ਨੂੰ ਮਾਪਣ ਵਾਲੇ ਢੰਗ। ਲਾਇਬ੍ਰੇਰੀ ਪ੍ਰਚਾਰ ਦੀ ਇਸ ਨੀਤੀ ਦਾ ਸਲਾਨਾ ਮੁਲਾਂਕਣ ਹੋਣਾ ਚਾਹੀਦਾ ਹੈ; ਇਹ ਨੀਤੀ ਵਿਸਤਾਰ ਰੂਪ ਵਿਚ ਸਕੂਲ ਲਾਇਬ੍ਰੇਰੀਅਨ ਤੇ ਪ੍ਰਬੰਧਕਾਂ ਦੁਆਰਾਂ ਘੱਟ ਤੋਂ ਘੱਟ ਦੋ ਸਾਲਾਂ ਵਿਚ ਇਕ ਵਾਰ ਜ਼ਰੂਰੀ ਵਿਚਾਰੀ ਜਾਣੀ ਚਾਹੀਦੀ ਹੈ।

### 6.4.2 ਲੋਕ-ਹਮਾਇਤ

ਸਮੇਂ ਦੇ ਨਾਲ ਪਰਸਪਰ ਸਮਝ ਤੇ ਸਹਿਯੋਗ ਦੇ ਵਾਧੇ ਲਈ ਲੋਕ-ਹਮਾਇਤ ਇਕ ਵਿਓਂਤਬੱਧ ਤੇ ਨਿਰੰਤਰ ਕੀਤੀ ਜਾਣ ਵਾਲੀ ਕੋਸ਼ਿਸ਼ ਹੈ। ਇਹ ਪ੍ਰਚਾਰ ਤੇ ਪਸਾਰ ਨਾਲ ਸਬੰਧਤ ਹੁੰਦੀ ਹੋਈ ਵੀ ਵੱਖਰੀ ਹੈ। ਦਰਅਸਲ ਇਹ ਪ੍ਰਭਾਵਸ਼ਾਲੀ ਲੋਕਾਂ ਦਾ ਸਮਰਥਨ ਹਾਸਲ ਕਰਨ ਦਾ ਇਕ ਅਨੋਖਾ ਢੰਗ ਹੈ, ਜੋ ਸਮੇਂ ਤੇ ਯੋਜਨਾਬੰਦੀ ਦੀ ਮੰਗ ਕਰਦਾ ਹੋਇਆ ਸਕੂਲ ਲਾਇਬ੍ਰੇਰੀ ਪ੍ਰਤੀ ਸੋਚ-ਸਮਝ ਦਾ ਵਿਕਾਸ ਕਰਦਾ ਹੈ। ਇਸ ਪ੍ਰਕਿਰਿਆ ਦਾ ਸਰੋਕਾਰ ਲਾਇਬ੍ਰੇਰੀ ਦੇ ਵਰਤੋਂਕਾਰਾਂ ਨਾਲ ਨਹੀਂ ਬਲਕਿ ਸਹਿਯੋਗ ਦੇਣ ਵਾਲੇ ਪ੍ਰਭਾਵੀ ਲੋਕਾਂ ਨਾਲ ਹੁੰਦਾ ਹੈ।

ਲੋਕ-ਹਮਾਇਤ ਰਿਸ਼ਤੇ ਬਣਾਉਣ ਦੀ ਇਕ ਕਲਾ ਦੇ ਨਾਲ-ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਇਕ ਤਕਨੀਕ ਵੀ ਹੈ। ਸੰਸਾਰ ਪੱਧਰੀ ਇਕ ਖੋਜ ਮੁਤਾਬਕ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੇ ਛੇ ਆਲਮੀ ਸਿਧਾਂਤ ਹਨ (Cialdini, 2006), ਜੋ ਲੋਕ-ਹਮਾਇਤ ਦੀ ਸਫਲਤਾ ਲਈ ਬਹੁਤ ਢੁੱਕਵੇਂ ਹਨ; ਜਿਵੇਂ, ਆਪਸਦਾਰੀ/ਪਰਸਪਰਤਾ, ਪਸੰਦ, ਪ੍ਰਭੁਤਾ, ਸਮਾਜਕ ਪ੍ਰਮਾਣ, ਇਕਸਾਰਤਾ/ਵਚਨਬੱਧਤਾ ਅਤੇ ਥੁੜ।

ਪਹਿਲੇ ਦੋ ਸੰਕਲਪਾਂ (ਆਪਸਦਾਰੀ ਤੇ ਪਸੰਦ) ਦਾ ਸਰੋਕਾਰ ਰਿਸ਼ਤੇ ਉਸਾਰਨ ਨਾਲ ਹੈ। ਅਸੀਂ ਅਕਸਰ ਵੇਖਦੇ ਹਾਂ ਕਿ ਵਿਅਕਤੀ ਦੂਜੇ ਲੋਕਾਂ ਵਾਸਤੇ ਇਸ ਲਈ ਕੰਮ ਕਰਦੇ ਹਨ ਕਿਉਂਕਿ ਦੂਜੇ ਲੋਕਾਂ ਨੇ ਵੀ ਉਨ੍ਹਾਂ ਲਈ ਕੁਝ ਕੀਤਾ ਹੁੰਦਾ ਹੈ ਤੇ ਇਸ ਨੇਕੀ ਦੇ ਨਤੀਜੇ ਵਜੋਂ ਪਸੰਦ ਦਾ ਸੰਕਲਪ ਹੋਂਦ ਵਿਚ ਆਉਂਦਾ ਹੈ। ਇਹ ਸਿਧਾਂਤ ਪੰਜਾਬੀ ਦੇ "ਹੱਥ ਨੂੰ ਹੱਥ ਧੋਂਦਾ ਹੈ।" ਮੁਹਾਵਰੇ ਦੀ ਤਰਜਮਾਨੀ ਕਰਦੇ ਹਨ। ਪ੍ਰਭੁਤਾ ਤੇ ਸਮਾਜਕ ਪ੍ਰਮਾਣ ਅਨਿਸ਼ਚਤਤਾ ਦੇ ਸਮੇਂ ਫੈਸਲਾ ਲੈਣ ਦੇ ਸਿਧਾਂਤ ਹਨ। ਇਨ੍ਹਾਂ ਅਨੁਸਾਰ ਵਿਅਕਤੀ ਇਸ ਲਈ ਕੰਮ ਕਰਦੇ ਹਨ ਕਿਉਂਕਿ ਕਿਸੇ ਆਲਾ ਅਧਿਕਾਰੀ ਨੇ ਉਨ੍ਹਾਂ ਨੂੰ ਉਹ ਕੰਮ ਕਰਨ ਲਈ ਕਿਹਾ ਹੁੰਦਾ ਹੈ ਜਾਂ ਸਮਾਜ ਉਨ੍ਹਾਂ ਨੂੰ ਅਜਿਹਾ ਕੰਮ ਕਰਦਿਆਂ ਪਸੰਦ ਕਰਦਾ ਹੈ। ਇਕਸਾਰਤਾ ਤੇ ਥੁੜ ਦੇ ਸਿਧਾਂਤ ਲੋਕਾਂ ਨੂੰ ਕੰਮ ਕਰਨ ਵੱਲ ਤੋਰਦੇ ਹਨ। ਲੋਕ ਓਦੋਂ ਕਿਸੇ ਕੰਮ ਨੂੰ ਕਰਨ ਲਈ ਜਿਆਦਾ ਰਾਜ਼ੀ ਹੁੰਦੇ ਹਨ, ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਪ੍ਰਤੱਖ ਗਿਆਨ ਹੋ ਜਾਵੇ ਕਿ ਕੰਮ ਉਨ੍ਹਾਂ ਦੀ ਇਕਸਾਰ ਕਦਰ ਕਰਵਾਉਣ ਦੇ ਨਾਲ-ਨਾਲ ਉਸ ਕਮਾਏ ਗਏ ਆਦਰ ਨੂੰ ਗਵਾਉਣ ਤੋਂ ਬਚਾਉਂਦਾ ਹੈ।

ਲੋਕ-ਹਮਾਇਤ ਦੀ ਯੋਜਨਾਬੰਦੀ ਦੌਰਾਨ ਉਪਰੋਕਤ ਆਲਮੀ ਸਿਧਾਤਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਉਦਾਹਰਨ ਵਜੋਂ, ਸਕੂਲ ਲਾਇਬ੍ਰੇਰੀਅਨਾਂ ਨੂੰ ਅਕਸਰ ਦੂਜੇ ਲਾਇਬ੍ਰੇਰੀਅਨਾਂ ਦੀ ਪਰਸਪਰ ਸਹਾਇਤਾ ਦੀ ਲੋੜ ਹੁੰਦੀ ਹੈ। ਇਸ ਮਕਸਦ ਦੀ ਪੂਰਤੀ ਲਈ ਹੇਠਾਂ ਕੁਝ ਸਵਾਲ ਦਿੱਤੇ ਗਏ ਹਨ:

- ਥੁੜ: ਜੇਕਰ ਸਕੂਲ ਲਾਇਬ੍ਰੇਰੀਆਂ ਦੀ ਚੰਗੀ ਤਰ੍ਹਾਂ ਸਹਾਇਤਾ ਨਹੀਂ ਹੁੰਦੀ ਤਾਂ ਦੂਜੇ ਲਾਇਬ੍ਰੇਰੀਅਨ ਕੀ ਗਵਾ ਸਕਦੇ ਹਨ?
- ਇਕਸਾਰਤਾ/ਵਚਨਬੱਧਤਾ: ਕਿਹੜੇ ਤਜਰਬੇ ਉਹ ਤੁਹਾਡੇ ਨਾਲ ਅਕਸਰ ਸਾਂਝੇ ਕਰਦੇ ਹਨ?
- ਪ੍ਰਭੁਤਾ: ਉਹ ਕਿਹੜੇ ਵਿਸ਼ੇਸ਼ ਵਿਅਕਤੀਆਂ ਦੀਆਂ ਸਲਾਹਾਂ ਦੀ ਕਦਰ ਕਰਦੇ ਹਨ?
- ਸਮਾਜਕ ਪ੍ਰਮਾਣ: ਕਿਹੜੇ ਰਾਸ਼ਟਰੀ ਸੰਗਠਨਾਂ ਨੇ ਸਕੂਲ ਲਾਇਬ੍ਰੇਰੀ ਨੀਤੀ ਦੀ ਯੋਜਨਾਬੰਦੀ ਵਿਚ ਮਦਦ ਕੀਤੀ ਹੈ?
- ਆਪਸਦਾਰੀ: ਸੰਗਠਨ ਵਿਚਲੇ ਦੂਜੇ ਲਾਇਬ੍ਰੇਰੀਅਨਾਂ ਦੇ ਮੁਦਿਆਂ ਵਿਚ ਤੁਸੀਂ ਕਿਵੇਂ ਸਹਾਇਤਾ ਕਰਦੇ ਹੋ?
- ਪਸੰਦ: ਦੂਜੇ ਲਾਇਬ੍ਰੇਰੀਅਨਾਂ ਵਿਚ ਤੁਹਾਨੂੰ ਕੀ ਚੰਗਾ ਲੱਗਦਾ ਹੈ ਤੇ ਉਸ ਦਾ ਪ੍ਰਗਟਾਵਾ ਤੁਸੀਂ ਕਿਵੇਂ ਕਰਦੇ ਹੋ?

ਲੋਕ-ਹਮਾਇਤ ਦੀ ਸ਼ਕਤੀ ਦਾ ਪ੍ਰਯੋਗ ਸਕੂਲ ਲਾਇਬ੍ਰੇਰੀਅਨ ਆਪਣੇ ਸੰਗੀ-ਸਾਥੀਆਂ ਦੀ ਸਹਾਇਤਾ ਨਾਲ ਕਰ ਸਕਦੇ ਹਨ। ਇਕਜੁੱਟਤਾ ਤੇ ਯੋਜਨਾਬੰਦੀ ਇਸ ਦੀਆਂ ਜ਼ਰੂਰੀ ਸ਼ਰਤਾਂ ਹਨ। ਇਫ਼ਲਾ ਆਨਲਾਈਨ ਪਲੈਟਫਾਰਮ (www.ifla.org/bsla) ਉਨ੍ਹਾਂ ਵਿਅਕਤੀਆਂ ਲਈ ਸਰੋਤ-ਸਮੱਗਰੀ ਮੁਹੱਈਆ ਕਰਵਾਉਂਦਾ ਹੈ, ਜੋ ਲਾਇਬ੍ਰੇਰੀਆਂ ਲਈ ਲੋਕ-ਹਮਾਇਤ ਹਾਸਲ ਕਰਨਾ ਚਾਹੁੰਦੇ ਹਨ। ਇਸ ਪਲੇਟਫਾਰਮ 'ਤੇ ਸਕੂਲ ਲਾਇਬ੍ਰੇਰੀ ਸਮਰਥਨ ਦੀ ਨਿਸ਼ਚਤ ਸਮੱਗਰੀ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਨੈੱਟਵਰਕ ਦੀ ਉਸਾਰੀ, ਲਾਇਬ੍ਰੇਰੀ ਵਿਧਾਨ ਅਤੇ ਵਿਦਿਅਕ ਸੁਧਾਰ ਦੀ ਇਕ ਸ਼ਕਤੀ ਦੇ ਰੂਪ ਵਿਚ ਲਾਇਬ੍ਰੇਰੀ ਨਾਲ ਸਬੰਧਤ ਅਨੇਕ ਮਾਮਲੇ ਮੌਜੂਦ ਹਨ। ਲੋਕ-ਹਮਾਇਤ ਸਕੂਲ ਲਾਇਬ੍ਰੇਰੀ ਦੀ ਇਕਸਾਰ ਉੱਨਤੀ ਲਈ ਅਤਿ ਜ਼ਰੂਰੀ ਹੈ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਕੂਲ ਭਾਈਚਾਰੇ ਦੇ ਸਮੁੱਚੇ ਵਿਅਕਤੀਆਂ ਦੇ ਵਿਕਾਸ ਲਈ ਸਿੱਖਣ ਤੇ ਸਿਖਾਉਣ ਦੀਆਂ ਸਰਗਰਮੀਆਂ ਵਿਚ ਨਿਰੰਤਰ ਸੁਧਾਰ ਦੀ ਲੋੜ ਹੁੰਦੀ ਹੈ ਅਤੇ ਇਸ ਸੰਦਰਭ ਵਿਚ ਮੁਲਾਂਕਣ ਤੇ ਲੋਕ ਸੰਪਰਕ ਦੇ ਸਿਧਾਂਤ ਬਹੁਮੁੱਲੀ ਸਮਝ ਤੇ ਸਹਾਇਤਾ ਦੀ ਉਸਾਰੀ ਕਰਦੇ ਹਨ।

## ਹਵਾਲੇ ਅਤੇ ਟਿੱਪਣੀਆਂ


American Association of School Librarians. (2014). *Advocacy.* Retrieved from www.ala.org/aasl/advocacy

Cialdini, R. B. (2006). *Influence: The psychology of persuasion* (Rev. ed.). New York: Harper Business Books.

Department for Education and Office for Standards in Education, Children's Services and Skills [UK]. (2006). *Improving performance through school self-evaluation and improvement planning.* Retrieved from http://dera.ioe.ac.uk/5986/1/Improving_%20performance%20through%20school%20self-evaluation%20and%20improvement%20planning%20(PDF%20format).pdf

Department for Education and Skills and the School Libraries Working Group [UK]. (2004). *Self-evaluation model: School libraries resource materials.* Retrieved from www.informat.org/schoollibraries/index.html

FADBEN. (2012). *The FADBEN manifesto: Teaching information-documentation and information culture.* Retrieved from http://fadben.asso.fr/2012-FADBEN-Manifesto.html

Haycock, K. (1992). *What works: Research about teaching and learning through the school's library resource center.* Seattle, WA: Rockland Press.

Kachel, D. E., et al. (2013). *School library research summarized: A graduate class project.* Mansfield, PA: Mansfield University. Retrieved from http://sl-it.mansfield.edu/upload/MU-LibAdvoBklt2013.pdf

LRS (Library Research Service, Colorado State Library, Department of Education). (2015). *School libraries impact studies.* Retrieved from www.lrs.org/data-tools/school-libraries/impact-studies/

Mollard, M. (1996). *Les CDI à l'heure du management* [CDI on time management]. Paris: École nationale supérieure des sciences de l'information et des bibliothèques.

Oberg, D. (2009). Libraries in schools: Essential contexts for studying organizational change and culture. *Library Trends, 58*(1), 9-25.

Todd, R. (2007). Evidence based practice and school libraries: From advocacy to action. In S. Hughes-Hassell & V. H. Harada (Eds.), *School reform and the school library media specialist* (pp. 57-78). Westport, CT: Libraries Unlimited.

Todd, R. J., & Kuhlthau, C. C. (2005a). Student learning through Ohio school libraries, Part 1: How effective school libraries help students. *School Libraries Worldwide, 11*(1), 63-88.

Todd, R. J., & Kuhlthau, C. C. (2005b). Student learning through Ohio school libraries, Part 2: Faculty perceptions of effective school libraries. *School Libraries Worldwide, 11*(1), 89-110.

Todd, R., Kuhlthau, C., & Heinstrom, J. (2005). *SLIM Toolkit*. New Brunswick, NJ: Center for International Scholarship in School Libraries, Rutgers University. Retrieved from http://cissl.scils.rutgers.edu/index.html

Todd, R. J., Kuhlthau, C. C., & OELMA. (2004). *Student learning through Ohio school libraries: The Ohio research study*. Columbus, OH: Ohio Educational Library Media Association. Retrieved from www.oelma.org/studentlearning/default.asp

Williams, D., Wavell, C., & Morrison, K. (2013). *Impact of school libraries on learning: Critical review of published evidence to inform the Scottish education community*. Aberdeen, Scotland: Robert Gordon University, Institute for Management, Governance & Society (IMaGeS). Retrieved from www.scottishlibraries.org/storage/sectors/schools/SLIC_RGU_Impact_of_School_Libraries_2013.pdf.

# ਤਕਨੀਕੀ ਸ਼ਬਦਾਵਲੀ

**ਸਕੂਲ ਲਾਇਬ੍ਰੇਰੀ:** ਅਜਿਹਾ ਭੌਤਿਕ ਅਤੇ ਡਿਜੀਟਲ ਸਥਾਨ, ਜੋ ਵਿਆਪਕ ਸਕੂਲ ਭਾਈਚਾਰੇ ਦੇ ਸਮੁੱਚੇ ਲੋਕਾਂ ਦੀਆਂ ਸੂਚਨਾਤਮਕ ਲੋੜਾਂ ਦੀ ਤਸੱਲੀ ਲਈ ਵਿਭਿੰਨ ਤਰ੍ਹਾਂ ਦੇ ਸਰੋਤ, ਸੇਵਾਵਾਂ, ਕਾਰਜਕ੍ਰਮ, ਸਹੂਲਤਾਂ ਅਤੇ ਉਪਕਰਨ ਪ੍ਰਦਾਨ ਕਰਦਾ ਹੈ। ਇਹ ਵਿਦਿਅਕ ਪ੍ਰਣਾਲੀ ਦਾ ਇਕ ਅਨਿਖੜਵਾਂ ਅੰਗ ਹੁੰਦਿਆਂ ਵਿਦਿਆਰਥੀਆਂ ਦੇ ਸਰਬ-ਪੱਖੀ ਵਿਕਾਸ ਲਈ ਨਿਰੰਤਰ ਲੁੜੀਂਦਾ ਅਦਾਰਾ ਹੈ।

**ਸਕੂਲ ਲਾਇਬ੍ਰੇਰੀ ਕਾਰਜਕ੍ਰਮ (ਸਕੂਲ ਲਾਇਬ੍ਰੇਰੀ ਪ੍ਰੋਗਰਾਮ):** ਵਿਭਿੰਨ ਸਾਖਰਤਾਵਾਂ (ਪਾਠਕ੍ਰਮ-ਅਧਾਰਤ ਸਿੱਖਿਆ, ਸੂਚਨਾ ਸਾਖਰਤਾ, ਡਿਜੀਟਲ ਸਾਖਰਤਾ ਆਦਿ), ਪੁਸਤਕ ਸੱਭਿਆਚਾਰ ਅਤੇ ਹੋਰ ਸਬੰਧਤ ਕੁਸ਼ਲਤਾਵਾਂ ਦੇ ਵਿਕਾਸ ਲਈ ਯੋਜਨਾਬੱਧ ਰੂਪ ਵਿਚ ਤਿਆਰ ਤੇ ਲਾਗੂ ਕੀਤੀਆਂ ਗਈਆਂ ਸਿੱਖਣ-ਸਿਖਾਉਣ ਦੀਆਂ ਸਰਗਰਮੀਆਂ।

**ਸਕੂਲ ਲਾਇਬ੍ਰੇਰੀਅਨ:** ਅਧਿਆਪਨ ਅਤੇ ਲਾਇਬ੍ਰੇਰੀ ਵਿਗਿਆਨ ਦੀ ਸਿੱਖਿਆ ਤੇ ਸਿਖਲਾਈ ਪ੍ਰਾਪਤ ਅਜਿਹਾ ਯੋਗ ਤੇ ਤਜਰਬੇਕਾਰ ਕਰਮਚਾਰੀ, ਜੋ ਸਕੂਲ ਲਾਇਬ੍ਰੇਰੀ ਦੇ ਉਪਰੋਕਤ ਕੰਮਾਂ, ਮਾਰਗ-ਦਰਸ਼ਨ, ਯੋਜਨਾਬੰਦੀ, ਭਾਈਚਾਰਕ ਸਾਂਝ ਆਦਿ ਲਈ ਜੁੰਮੇਵਾਰ ਹੁੰਦਾ ਹੈ। ਪੁਸਤਕ ਸੱਭਿਆਚਾਰ ਤੇ ਸਾਖਰਤਾ ਦੇ ਵਿਕਾਸ ਲਈ ਉਹ ਅਨੇਕਾਂ ਤਰ੍ਹਾਂ ਦੇ ਸਰੋਤ (ਭੌਤਿਕ ਅਤੇ ਡਿਜੀਟਲ) ਤੇ ਸੇਵਾਵਾਂ ਪ੍ਰਦਾਨ ਕਰਦਾ ਹੈ। ਸੰਚਾਰ ਸਾਧਨ ਅਤੇ ਸੂਚਨਾ ਸਾਖਰਤਾ ਦੀ ਉੱਨਤੀ ਲਈ ਉਹ ਜ਼ਰੂਰੀ ਤੇ ਢੁੱਕਵਾਂ ਕਰਮਚਾਰੀ ਹੈ।

**ਸਦਾਚਾਰੀ ਨਿਯਮ (ਕੋਡ ਆਫ਼ ਐਥਕਸ):** ਲਾਇਬ੍ਰੇਰੀ ਅਮਲੇ ਦੁਆਰਾ ਨਿਭਾਏ ਜਾਂਦੇ ਕਰਤੱਵਾਂ ਤੇ ਜੁੰਮੇਵਾਰੀਆਂ ਵਿਚ ਆਚਾਰ-ਵਿਹਾਰ ਤੇ ਵਿਚਾਰ ਨੂੰ ਨਿਯੰਤਰਨ ਕਰਨ ਵਾਲੇ ਆਦਰਸ਼ਾਂ ਦਾ ਸੰਗ੍ਰਹਿ। ਇਸ ਵਿਚ ਸ਼ਾਮਲ ਆਦਰਸ਼ ਇਸ ਪ੍ਰਕਾਰ ਹਨ: ਨਿਰਪੱਖ ਪਹੁੰਚ, ਬੌਧਿਕ ਸੁਤੰਤਰਤਾ, ਗੁਪਤਤਾ, ਬੌਧਿਕ ਸੰਪਤੀ ਦੇ ਅਧਿਕਾਰਾਂ ਦਾ ਸਤਿਕਾਰ, ਉੱਤਮਤਾ, ਸ਼ੁੱਧਤਾ, ਅਖੰਡਤਾ, ਨਿਰਪੱਖਤਾ, ਸ਼ਿਸ਼ਟਤਾ ਅਤੇ ਸਹਿਕਰਮੀਆਂ ਤੇ ਲਾਇਬ੍ਰੇਰੀ ਦੇ ਵਰਤੋਂਕਾਰਾਂ ਦਾ ਆਦਰ।

**ਸਰਕਿਉਲੇਸ਼ਨ:** ਵਰਤੋਂ ਲਈ ਲਾਇਬ੍ਰੇਰੀ ਸਮਗੱਰੀ ਉਧਾਰ ਲੈਣ ਤੇ ਉਸ ਨੂੰ ਵਾਪਸ ਮੋੜਨ ਦਾ ਅਮਲ; ਕਿਸੇ ਨਿਸ਼ਚਤ ਸਮੇਂ ਦੌਰਾਨ ਜਾਰੀ ਕੀਤੇ ਗਏ ਲਾਇਬ੍ਰੇਰੀ ਦੇ ਕੁੱਲ ਸੂਚਨਾ ਸਰੋਤ; ਕਿਸੇ ਨਿਸ਼ਚਤ ਸਮੇਂ ਦੌਰਾਨ ਜਾਰੀ ਕੀਤਾ ਗਿਆ ਕੋਈ ਵੀ ਸਬੰਧਤ ਸਰੋਤ।

**ਸਰੋਤ ਸੰਗ੍ਰਹਿ (ਕੁਲੈਕਸ਼ਨ):** ਲਾਇਬ੍ਰੇਰੀ ਵਿਚ ਇਕੱਤਰਿਤ, ਵਿਵਸਥਿਤ ਅਤੇ ਵਰਤੋਂ ਲਈ ਮੌਜੂਦ ਸਮੁੱਚੇ ਸੂਚਨਾ ਤੇ ਗਿਆਨ ਦੇ ਸਰੋਤ; ਲਾਇਬ੍ਰੇਰੀ ਦੇ ਭੌਤਿਕ ਤੇ ਡਿਜੀਟਲ ਸੂਚਨਾ ਸਰੋਤ; ਸਥਾਨਕ ਤੌਰ ‘ਤੇ ਜਾਂ ਦੂਰ-ਦੁਰਾਡੇ ਸਥਿਤ ਲਿੱਪੀ ਅੰਕਿਤ ਜਾਂ ਬਿਜ-ਸਰੋਤ।

**ਸੁਦੇਸ਼ੀ (ਇਨਡਿਜਿਨਸ):** ਇਕ ਵਿਸ਼ੇਸ਼ ਖੇਤਰ ‘ਚ ਮੁੱਢੋਂ ਵਿਚਰਦੀ ਤੇ ਓਥੋਂ ਦੀ ਜੰਮ-ਪਲ ਜੀਵ ਜਾਤੀ; ਆਪਣੇ ਦੇਸ਼ ਵਿਚ ਪੈਦਾ ਹੋਈ (ਵਸਤੂ); ਦੇਸੀ, ਮੂਲਵਾਸੀ। ਜ਼ਿਕਰਯੋਗ ਹੈ ਕਿ ਸਥਾਨਕ ਹਿੱਤਾਂ ਨੂੰ ਨਜ਼ਰ ਅੰਦਾਜ਼ ਕਰਕੇ ਕੋਈ ਵੀ ਅਦਾਰਾ ਅੱਗੇ ਨਹੀਂ ਵਧ ਸਕਦਾ। ਇਸ ਲਈ ਸਕੂਲ ਲਾਇਬ੍ਰੇਰੀ ਦੀਆਂ ਸੇਵਾਵਾਂ, ਕਾਰਜਕ੍ਰਮ, ਸਰੋਤ, ਸਹੂਲਤਾਂ ਆਦਿ ਵਿਸ਼ਵ ਪੱਧਰੀ ਹੋਣ ਦੇ ਨਾਲ-ਨਾਲ ਸਥਾਨਕੀ ਲੋੜਾਂ ਅਨੁਸਾਰ ਹੋਣੀਆਂ ਚਾਹੀਦੀਆਂ ਹਨ।

**ਸੂਚਨਾ ਸਾਖਰਤਾ (ਇੰਨਫੋਰਮੇਸ਼ਨ ਲਿਟਰੇਸੀ):** ਉਹ ਸਿੱਖਿਆ, ਜੋ ਲੁੜੀਂਦੀ ਜਾਣਕਾਰੀ ਦੀ ਪ੍ਰਾਪਤੀ, ਮੁਲਾਂਕਣ, ਵਰਤੋਂ ਅਤੇ ਸੰਚਾਰ ਲਈ ਜ਼ਰੂਰੀ ਹੁੰਦੀ ਹੈ। ਇਸ ਰਾਹੀਂ ਵਿਦਿਆਰਥੀ ਸੂਚਨਾ ਨੂੰ ਜੁੰਮੇਵਾਰੀ ਤੇ ਨੈਤਿਕ ਰੂਪ ਵਿਚ ਵਰਤਣਾ ਸਿੱਖਦੇ ਹਨ। ਸੂਚਨਾ ਸਾਖਰ ਵਿਦਿਆਰਥੀ ਕਾਬਲ ਸਵੈ-ਨਿਰਦੇਸ਼ਿਤ ਸਿਖਿਆਰਥੀ ਹੁੰਦੇ ਹਨ, ਜੋ ਜਾਣਕਾਰੀ ਸਬੰਧੀ ਆਪਣੀਆਂ ਲੋੜਾਂ ਤੋਂ ਭਲੀ ਭਾਂਤ ਜਾਣੂ ਹੋਣ ਦੇ ਨਾਲ-ਨਾਲ ਸਰਗਰਮ ਰੂਪ ਵਿਚ ਨਵੇਂ ਵਿਚਾਰਾਂ ਨੂੰ ਘੜਣ ਲਈ ਵਚਨਬੱਧ ਹੁੰਦੇ ਹਨ। ਆਪਣੀ ਇਸ ਯੋਗਤਾ ਜ਼ਰੀਏ ਉਹ ਮੁਸ਼ਕਲਾਂ ਨੂੰ ਹੱਲ ਕਰਨ ਦੇ ਹੌਸਲੇ ਦੀ ਪੇਸ਼ਕਾਰੀ ਕਰਦੇ ਹਨ ਤੇ ਕੁਸ਼ਲਤਾਪੂਰਵਕ ਇਹ ਵੀ ਜਾਣਦੇ ਹਨ ਕਿ ਢੁੱਕਵੀਂ ਤੇ ਭਰੋਸੇਯੋਗ ਜਾਣਕਾਰੀ ਕਿੱਥੋਂ ਲੱਭੀ ਜਾ ਸਕਦੀ ਹੈ। ਉਹ ਤਕਨਾਲੋਜੀ ਦੇ ਆਧੁਨਿਕ ਉਪਕਰਨਾਂ ਦੀ ਵਰਤੋਂ ਨਾਲ ਉਕਤ ਜਾਣਕਾਰੀ ਹਾਸਲ ਕਰਨ ਦੇ ਸਮਰੱਥ ਹੁੰਦੇ ਹਨ। ਇਸ ਤੋਂ ਇਲਾਵਾ ਉਹ ਇਨ੍ਹਾਂ ਉਪਕਰਨਾਂ ਨੂੰ ਨਵੀਨ ਜਾਣਕਾਰੀ ਦੇ ਸੰਚਾਰ ਜਾਂ ਨਵੇਂ ਸਿਰੇ ਤੋਂ ਪੇਸ਼ ਕਰਨ ਦੇ ਢੰਗਾਂ ਤੋਂ ਵੀ ਵਾਕਫ਼ ਹੁੰਦੇ ਹਨ। ਉਹ ਉਨ੍ਹਾਂ ਸਥਿਤੀਆਂ ਵਿਚ ਨਿਸ਼ਚਿੰਤ ਤੇ ਸਹਿਜ ਹੋ ਕੇ ਕੰਮ ਕਰਨ ਦੇ ਯੋਗ ਹੁੰਦੇ ਹਨ, ਜਿਨ੍ਹਾਂ ਸਥਿਤੀਆਂ ਵਿਚ ਉਨ੍ਹਾਂ ਕੋਲ ਇਕ ਮੁਸ਼ਕਲ ਦੇ ਕਈ ਹੱਲ ਹੁੰਦੇ ਹਨ ਜਾਂ ਇਸ ਦੇ ਉਲਟ ਕੋਈ ਹੱਲ ਨਹੀਂ ਹੁੰਦਾ। ਉਹ

ਆਪਣੇ ਕੰਮ ਦਾ ਪੱਧਰ ਉੱਚਾ ਰੱਖਦੇ ਹਨ ਤੇ ਗੁਣਵੱਤਾ ਭਰਪੂਰ ਉਤਪਾਦਾਂ ਦੀ ਰਚਨਾ ਕਰਦੇ ਹਨ। ਉਹ ਆਲੋਚਨਾਤਮਕ, ਗੰਭੀਰ ਅਤੇ ਪਾਰਖੂ ਸੋਚ ਦੇ ਧਾਰਨੀ ਹੁੰਦੇ ਹਨ। ਉਹ ਲਚਕਦਾਰ ਹੁੰਦੇ ਹੋਏ ਹਰ ਵੰਗਾਰ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹਨ। ਉਹ ਇਕੱਲੇ ਤੌਰ 'ਤੇ ਅਤੇ ਸਮੂਹ ਵਿਚ ਕੰਮ ਕਰਨ ਦੇ ਯੋਗ ਹੁੰਦੇ ਹਨ।

**ਸੂਚਨਾ ਸੱਭਿਆਚਾਰ (ਕਲਚਰ ਆਫ਼ ਇੰਨਫੌਰਮੇਸ਼ਨ):** ਗਿਆਨ ਦੀ ਅਜਿਹੀ ਸ਼ਾਖਾ, ਜਿਸ ਰਾਹੀਂ ਵਿਦਿਆਰਥੀ ਸੂਚਨਾ ਦੇ ਸੁਭਾਉ ਤੇ ਬਣਾਵਟ ਨੂੰ ਸਮਝਣ ਦੇ ਯੋਗ ਬਣਦੇ ਹਨ। ਇਹ ਪ੍ਰਣਾਲੀ ਸੂਚਨਾ ਸੰਚਾਰ ਉਦਯੋਗ ਸਬੰਧੀ ਵਿਧੀ-ਵਿਧਾਨ ਦੀ ਸਪਸ਼ਟ ਸਮਝ ਪੈਦੀ ਕਰਦੀ ਹੈ। ਇਸ ਦੇ ਮਾਧਿਅਮ ਜ਼ਰੀਏ ਹੀ ਬੇਅੰਤ ਸੂਚਨਾ ਤਕਨਾਲੋਜੀ ਕਾਡਾਂ ਲਈ ਲੁੜੀਂਦੀ ਆਲੋਚਨਾਤਮਕ ਸੋਚ ਦਾ ਵਿਕਾਸ ਹੁੰਦਾ ਹੈ। ਇਸ ਵਿਚ ਸੂਚਨਾ ਦੀ ਵਰਤੋਂ ਨਾਲ ਸਬੰਧਤ ਸਦਾਚਾਰਕ ਤੇ ਜ਼ੁੰਮੇਵਾਰ ਰਵੱਈਆ ਵੀ ਸ਼ਾਮਲ ਹੁੰਦਾ ਹੈ।

**ਸੂਚੀ ਪੱਤਰੀਕਰਨ (ਕੈਟਾਲੌਗਿੰਗ):** ਕਿਸੇ ਸੂਚਨਾ ਸਰੋਤ ਦੇ ਮਹੱਤਵਪੂਰਨ ਤੱਤਾਂ; ਜਿਵੇਂਕਿ, ਲੇਖਕ, ਸਿਰਲੇਖ, ਪ੍ਰਕਾਸ਼ਕ ਆਦਿ ਦੀ ਵਿਆਖਿਆ ਕਰਦਿਆਂ ਸੂਚੀ-ਪੱਤਰ ਲਈ ਇੰਦਰਾਜ ਬਣਾਉਣ ਦਾ ਅਮਲ। ਇਸ ਪ੍ਰਕਿਰਿਆ ਵਿਚ ਪੁਸਤਕ ਦਾ ਵੇਰਵਾ, ਵਿਸ਼ਾ ਵਿਸ਼ਲੇਸ਼ਣ, ਵਰਗੀਕਰਨ ਅੰਕ-ਲਿਪੀ ਦੀ ਲਿਖਾਵਟ ਅਤੇ ਉਹ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ, ਜੋ ਕਿਸੇ ਸੂਚਨਾ ਸਰੋਤ ਦੀ ਅਮਲੀ ਵਰਤੋਂ ਲਈ ਜ਼ਰੂਰੀ ਹਨ।

**ਸੰਚਾਰ ਸਾਧਨ ਅਤੇ ਸੂਚਨਾ ਸਾਖਰਤਾ (ਮੀਡੀਆ ਐਂਡ ਇੰਨਫੌਰਮੇਸ਼ਨ ਲਿਟਰੇਸੀ):** ਸੂਚਨਾ ਤਕਨਾਲੋਜੀ ਦੀਆਂ ਵਿਭਿੰਨ ਸਹੂਲਤਾਂ, ਉਪਕਰਨਾਂ ਅਤੇ ਸਰੋਤਾਂ ਨੂੰ ਸਮਝਣ, ਵਰਤਣ, ਸਿਰਜਣ ਅਤੇ ਸੰਚਾਰਨ ਦੀਆਂ ਨਿਪੁੰਨਤਾਵਾਂ ਦਾ ਸਮੂਹ।

**ਕਿਉਰੇਸ਼ਨ:** ਕਿਸੇ ਅਜਾਇਬਘਰ, ਚਿੱਤਰਸ਼ਾਲਾ ਜਾਂ ਕੋਈ ਹੋਰ ਅਜਿਹੀ ਨੁਮਾਇਸ਼ ਵਾਲੀ ਜਗ੍ਹਾ ਤੇ ਉਸ ਵਿਚ ਇਕੱਤਰਿਤ ਜਾਂ ਪ੍ਰਦਰਸ਼ਿਤ ਚੀਜ਼ਾਂ ਦਾ ਵਿਕਾਸ, ਸਾਂਭ-ਸੰਭਾਲ, ਵਿਵਸਥਾ, ਨਿਗਰਾਨੀ ਆਦਿ; ਡਿਜੀਟਲ ਸਰੋਤਾਂ ਦਾ ਵਿਕਾਸਸ਼ੀਲ ਸੰਗ੍ਰਹਿ। ਅਜਿਹੇ ਸਰੋਤਾਂ/ਚੀਜ਼ਾਂ ਦੀ ਸਾਂਭ-ਸੰਭਾਲ, ਵਿਵਸਥਾ, ਨਿਗਰਾਨੀ, ਵਰਤੋਂ ਅਤੇ ਵਿਆਖਿਆ ਲਈ ਖਾਸ ਯੋਗਤਾ ਤੇ ਤਜਰਬੇ ਵਾਲੇ ਕਰਮਚਾਰੀਆਂ ਦੀ ਲੋੜ ਹੁੰਦੀ ਹੈ, ਜਿਸ ਨੂੰ ਕਿਉਰੇਟਰ ਕਿਹਾ ਜਾਂਦਾ ਹੈ।

**ਖੋਜ-ਵਿਧੀ (ਪਾਥਫਾਂਈਡਰ):** ਖੋਜ ਦਾ ਪ੍ਰਮਾਣਿਤ ਢੰਗ/ਤਰੀਕਾ, ਜੋ ਲਾਇਬ੍ਰੇਰੀ ਦੇ ਸਰੋਤਾਂ/ਸਮੱਗਰੀ ਦੀ ਪ੍ਰਾਪਤੀ ਵਿਚ ਮਦਦਗਾਰ ਸਾਬਿਤ ਹੁੰਦਾ ਹੈ। ਇਸ ਰਾਹੀਂ ਸਕੂਲ ਲਾਇਬ੍ਰੇਰੀਅਨ ਵਿਦਿਆਰਥੀਆਂ ਨੂੰ ਸੂਚੀ-ਪੱਤਰ, ਪੁਸਤਕਸੂਚੀ, ਅਨੁਕ੍ਰਮਣਿਕਾਵਾਂ ਆਦਿ ਰਾਹੀਂ ਲੁੜੀਂਦੀ ਪੁਸਤਕ/ਜਾਣਕਾਰੀ ਲੱਭਣ ਦਾ ਹੁਨਰ ਸਿਖਾਉਂਦਾ ਹੈ।

**ਜਨਤਕ ਭਾਗੀਦਾਰੀ (ਸਿਵਕ ਇੰਗੇਜ਼ਮੈਂਟ):** ਇਸ ਅਮਲ ਤਹਿਤ ਸਕੂਲ ਲਾਇਬ੍ਰੇਰੀਅਨ ਲਾਇਬ੍ਰੇਰੀ ਦੇ ਕੰਮਾਂ ਦੀ ਤਰੱਕੀ/ਸੁਧਾਰ ਲਈ, ਲਾਇਬ੍ਰੇਰੀ ਵਰਤੋਂਕਾਰਾਂ ਪਾਸੋਂ ਮਹੱਤਵਪੂਰਨ ਸੁਝਾਵਾਂ ਦੀ ਮੰਗ ਕਰਦਾ ਹੈ; ਜਿਵੇਂਕਿ, ਅਸੀਂ ਜਾਣਦੇ ਹਾਂ ਕਿ ਸਕੂਲ ਲਾਇਬ੍ਰੇਰੀ ਦੇ ਕਾਰਜਕ੍ਰਮਾਂ ਤੇ ਸੇਵਾਵਾਂ ਦਾ ਪ੍ਰਮੁੱਖ ਟੀਚਾ ਸਿੱਖਣ-ਸਿਖਾਉਣ ਦੇ ਇਕਸਾਰ ਮੌਕੇ ਪ੍ਰਦਾਨ ਕਰਦਿਆਂ ਲਾਇਬ੍ਰੇਰੀ ਵਰਤੋਂਕਾਰਾਂ ਦੇ ਸਰਬ-ਪੱਖੀ ਵਿਕਾਸ ਵਿਚ ਯੋਗਦਾਨ ਪਾਉਣਾ ਹੈ। ਇਸ ਪ੍ਰਕਿਰਿਆ ਤਹਿਤ ਲਾਇਬ੍ਰੇਰੀਅਨ ਇਹ ਜਾਣਨ ਦਾ ਯਤਨ ਕਰਦਾ ਹੈ ਕਿ ਕੀ ਸਕੂਲ ਲਾਇਬ੍ਰੇਰੀ ਦੇ ਕੰਮਾਂ ਰਾਹੀਂ ਉਪਰੋਕਤ ਟੀਚੇ ਦੀ ਪੂਰਤੀ ਹੋ ਰਹੀ ਹੈ। ਲਾਇਬ੍ਰੇਰੀ ਮੁਲਾਂਕਣ, ਸ਼ੋਸ਼ਲ ਮੀਡੀਆ, ਸੁਝਾਓ ਡੱਬਾ ਆਦਿ ਵਿਧੀਆਂ ਰਾਹੀਂ ਸਕੂਲ ਲਾਇਬ੍ਰੇਰੀਅਨ ਲਾਇਬ੍ਰੇਰੀ ਸੁਧਾਰ ਲਈ ਵਰਤੋਂਕਾਰਾਂ ਦੀ ਵੱਡਮੁੱਲੀ ਰਾਏ ਹਾਸਲ ਕਰ ਸਕਦਾ ਹੈ।

**ਤੱਥ-ਅਧਾਰ (ਡੈਟਾਬੇਸ):** ਸੂਚਨਾ ਤਕਨਾਲੋਜੀ ਦੇ ਪ੍ਰਸੰਗ ਵਿਚ, ਮਹੱਤਵਪੂਰਨ ਤੱਥਾਂ/ਜਾਣਕਾਰੀ ਦੀ ਕਿਸੇ ਤਰਤੀਬ ਵਿਚ ਇਕੱਤਰਤਾ ਤਾਂ ਜੋ ਲੋੜ ਪੈਣ 'ਤੇ ਇਨ੍ਹਾਂ ਨੂੰ ਅਸਾਨੀ ਨਾਲ ਤੇ ਸਮੇਂ ਸਿਰ ਲੱਭਿਆ ਤੇ ਪ੍ਰਾਪਤ ਕੀਤਾ ਜਾ ਸਕੇ। ਇਸ ਵਿਚਲੀ ਜਾਣਕਾਰੀ ਨੂੰ ਵਿਵਸਥਿਤ ਕਰਨ ਲਈ ਇਕ ਸੌਫਟਵੇਅਰ ਵਰਤਿਆ ਜਾਂਦਾ ਹੈ, ਜਿਸ ਨੂੰ ਤੱਥ-ਅਧਾਰ ਪ੍ਰਬੰਧਨ ਪ੍ਰਣਾਲੀ (ਡੈਟਾਬੇਸ ਮੈਨਜ਼ਮੈਂਟ ਸਿਸਟਮ) ਕਿਹਾ ਜਾਂਦਾ ਹੈ। ਸਕੂਲ ਲਾਇਬ੍ਰੇਰੀਆਂ ਵਿਚ ਅਕਸਰ ਵਰਤੇ ਜਾਂਦੇ ਤੱਥ-ਅਧਾਰ ਇਸ ਪ੍ਰਕਾਰ ਹਨ: ਕੈਟਾਲੌਗ, ਅਨੁਕ੍ਰਮਣਿਕ, ਸਾਰੰਸ਼ੀ ਅਤੇ ਸੰਪੂਰਨ ਸਰੋਤੀ।

**ਬਿਬਲੀਓਗ੍ਰਾਫ਼ਿਕ ਇੰਸਟਰੱਕਸ਼ਨ:** ਲਾਇਬ੍ਰੇਰੀ ਦੁਆਰਾ ਪਾਠਕਾਂ ਨੂੰ ਸਿਖਿਅਤ ਕਰਨ ਲਈ ਤਿਆਰ ਕੀਤਾ ਗਿਆ ਕਾਰਜਕ੍ਰਮ, ਜਿਸ ਵਿਚ ਲੁੜੀਂਦੀ ਜਾਣਕਾਰੀ/ਸਰੋਤ ਨੂੰ ਤੁਰੰਤ ਲੱਭਣ ਦਾ ਵਿਧੀ-ਵਿਧਾਨ ਸ਼ਾਮਲ ਹੁੰਦਾ ਹੈ।

**ਲਾਇਬ੍ਰੇਰੀ ਸਿੱਖਿਆ (ਲਾਇਬ੍ਰੇਰੀ ਇੰਸਟਰੱਕਸ਼ਨ)**: ਇਸ ਅਮਲ ਰਾਹੀਂ ਲਾਇਬ੍ਰੇਰੀਅਨ ਆਪਣੇ ਸਹਿਯੋਗੀ ਅਮਲੇ ਦੀ ਮਦਦ ਨਾਲ ਸਕੂਲੀ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੇ ਸੰਦਰਭ ਸਰੋਤਾਂ, ਸਹੂਲਤਾਂ, ਉਪਕਰਨਾਂ, ਖੋਜ ਵਿਧੀਆਂ (ਸੂਚੀ ਪੱਤਰ, ਪੁਸਤਕਸੂਚੀ) ਬਾਬਤ ਸਿਖਿਅਤ ਕਰਦਾ ਹੈ। ਇਸ ਰਾਹੀਂ ਵਿਦਿਆਰਥੀਆਂ ਦੀ ਆਲੋਚਨਾਤਮਕ ਸੋਚ ਦਾ ਵਿਕਾਸ ਹੁੰਦਾ ਹੈ ਤੇ ਉਹ ਨਵੇਂ ਵਿਚਾਰਾਂ, ਜਾਣਕਾਰੀ ਅਤੇ ਗਿਆਨ ਨੂੰ ਸਿਰਜਣ ਦੇ ਕਾਬਲ ਬਣਦੇ ਹਨ।

**ਲਾਇਬ੍ਰੇਰੀ ਵਰਤੋਂਕਾਰਾਂ ਦੀ ਸਿੱਖਿਆ (ਯੂਜ਼ਰ ਐਜੂਕੇਸ਼ਨ)** ਸਕੂਲ ਲਾਇਬ੍ਰੇਰੀ ਵਰਤੋਂਕਾਰਾਂ ਦੀਆਂ ਵਿਭਿੰਨ ਵਿਕਾਸਸ਼ੀਲ ਲੋੜਾਂ ਦੀ ਪੂਰਤੀ ਲਈ ਅਨੇਕਾਂ ਤਰ੍ਹਾਂ ਦੇ ਸਰੋਤ, ਸੇਵਾਵਾਂ, ਸਹੂਲਤਾਂ, ਉਪਕਰਨ ਆਦਿ ਮੁਹੱਈਆ ਕਰਦੀ ਹੈ। ਇਨ੍ਹਾਂ ਸਭ ਦੇ ਸਦਉਪਯੋਗ ਤੇ ਸਮਝ ਲਈ ਲਾਇਬ੍ਰੇਰੀ ਆਪਣੇ ਵਰਤੋਂਕਾਰਾਂ ਨੂੰ ਜੋ ਸਿੱਖਿਆ ਪ੍ਰਦਾਨ ਕਰਦੀ ਹੈ, ਉਸ ਨੂੰ ਯੂਜ਼ਰ ਐਜੂਕੇਸ਼ਨ ਕਿਹਾ ਜਾਂਦਾ ਹੈ।

**ਲੋਕ-ਹਮਾਇਤ (ਐਡਵੋਕੇਸੀ)**: ਸਮੇਂ ਦੇ ਨਾਲ, ਪਰਸਪਰ ਸਮਝ ਤੇ ਸਹਿਯੋਗ ਦੇ ਵਾਧੇ ਲਈ ਲੋਕ-ਹਮਾਇਤ ਇਕ ਵਿਓਂਤਬੱਧ ਤੇ ਨਿਰੰਤਰ ਕੀਤੀ ਜਾਣ ਵਾਲੀ ਕੋਸ਼ਿਸ਼ ਹੈ। ਇਸ ਜ਼ਰੀਏ ਸਕੂਲ ਲਾਇਬ੍ਰੇਰੀਅਨ ਲਾਇਬ੍ਰੇਰੀ ਪ੍ਰਤੀ ਲੋਕਾਂ ਦੇ ਨਜ਼ਰੀਏ ਨੂੰ ਪ੍ਰਭਾਵਿਤ ਕਰਦਿਆਂ ਲੋਕ ਹਮਾਇਤ ਦਾ ਵਿਕਾਸ ਕਰਦਾ ਹੈ। ਇਹ ਰਿਸ਼ਤੇ ਬਣਾਉਣ ਦੀ ਇਕ ਕਲਾ ਦੇ ਨਾਲ-ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਇਕ ਤਕਨੀਕ ਵੀ ਹੈ। ਇਹ ਸਕੂਲ ਲਾਇਬ੍ਰੇਰੀ ਦੀ ਇਕਸਾਰ ਉੱਨਤੀ ਲਈ ਅਤਿ ਜ਼ਰੂਰੀ ਹੈ।

# ਪੁਸਤਕਸੂਚੀ

ਇਸ ਪੁਸਤਕਾਵਲੀ ਤੋਂ ਇਲਾਵਾ ਹਥਲੇ ਦਸਤਾਵੇਜ਼ ਦੇ ਹਰੇਕ ਅਧਿਆਇ ਦੇ ਅੰਤ ਵਿਚ ਹਵਾਲੇ ਤੇ ਟਿੱਪਣੀਆਂ ਨਾਲ ਸਬੰਧਤ ਸਰੋਤਾਂ ਦੀ ਸੂਚੀ ਵੀ ਦਿੱਤੀ ਗਈ ਹੈ ਪਰ ਇਸ ਪੁਸਤਕਸੂਚੀ ਵਿਚਲੇ ਸਰੋਤ ਅਧਿਆਇਆਂ ਦੇ ਅੰਤ ਵਿਚ ਦਿੱਤੇ ਗਏ ਸਰੋਤਾਂ ਤੇ ਦਸਤਾਵੇਜ਼ਾਂ ਤੋਂ ਭਿੰਨ ਹਨ। ਇਹ ਸਰੋਤ ਹਦਾਇਤਾਂ ਦੀ ਸੋਧ ਪ੍ਰਕਿਰਿਆ ਵਿਚ ਵਰਤੇ ਗਏ ਸਨ।


Alexandersson, Mi., & Limberg, L. (2004). *Textflytt och sökslump: Informationssökning via skolbibliotek* [Moving text and searching by chance: Information retrieval through the school library]. Stockholm, Sweden: Myndigheten för Skolutveckling.

American Association of School Librarians. (2009). *Empowering learners: Guidelines for school library programs.* Chicago: American Library Association.

American Association of School Librarians. (2008). *Learning 4 life: A national plan for implementation of Standards for the 21st-Century Learner and Guidelines for the School Library Media Program.* Chicago: ALA. Retrieved from www.ala.org/aasl/learning4life.

American Association of School Librarians. (2009). *Standards for the 21st-century learner in action.* Chicago: AASL.

Asselin, M., & Doiron, R. (2013). *Linking literacy and libraries in global communities.* Farnham, England: Ashgate Publishing.

Barrett, H., et al. (2010). *Skolbibliotekets möjligheter: Från förskola till gymnasium* [The possibilities of the school library: From pre-school to senior high school]. Lund, Sweden: BTJ Förlag.

Capra, S., & Ryan, J. (Eds.). (2002). *Problems are the solution: Keys to lifelong learning.* Capalaba, Australia: Capra Ryan & Associates.

Chapron, F. (2012). *Les CDI des lycées et collèges: De l'imprimé au numérique* [CDI or school libraries in high schools and junior high schools: From print to digital] (nouvelle édition). Paris, France: Presses universitaires de France.

Coatney, S. (Ed.). (2010). *The many faces of school library leadership.* Santa Barbara, CA: Libraries Unlimited.

Connaway, L., & Powell, R. (2010). *Basic research methods for librarians.* Westport, CT: Libraries Unlimited.

Cook, D., & Farmer, L. (Eds.). (2011). *Using qualitative methods in action research.* Chicago, IL: American Library Association.

Court, J. (Ed.). (2011). *Read to succeed.* London [UK]: Facet Publishing.

Crowley, J. D. (2011). *Developing a vision: Strategic planning for the school librarian in the 21st century* (2nd ed.). Santa Barbara, CA: Libraries Unlimited.

Das, L., & Walhout, J. (2012). *Informatievaardigheden en de mediathecaris* [Information literacy and the school media specialist]. Rapport 30. Heerlen, Netherlands: Open Universiteit, Ruud de Moor Centrum.

Erikson, R., & Markuson, C. (2007). *Designing a school library media center for the future* (2nd ed.). Chicago: American Library Association.

Farmer, L. (2014). *Introduction to reference and information and services in today's school library.* Lanham, MD: Rowman & Littlefield.

Farmer, L. (2011). *Instructional design for librarians and information professionals.* New York: Neal-Schuman.

Farmer, L., & McPhee, M. (2010). *Technology management handbook for school library media centers.* New York: Neal-Schuman.

Hughes-Hassell, & Harada, V. H. (2007). *School reform and the school library media specialist.* Westport, CT: Libraries Unlimited.

Gordon, C. (2000). *Information literacy in action.* Melton, Woodbridge, UK: John Catt Educational.

Guldér, M., & Helinsky, Z. (2013). *Handbok för skolbibliotekarier: Modeller, verktyg och praktiska exempel* [Handbook for school libraries: Models, tools and practical examples]. Lund, Sweden: BTJ Förlag.

Hart, G. (2011). The "tricky business" of dual use school community libraries: A case study in rural South Africa, *Libri, 61*(3), 211-225.

Hart, G. (2012). Teacher-librarians leading change: Some stories from the margins. *School Libraries Worldwide, 18*(2), 51-60.

Hoel, T., Rafste, E. T., & Sætre, T. P. (2008). *Opplevelse, oppdagelse og opplysning: fagbok om skolebibliotek* [Adventure, discovery and enlightenment: A textbook about school libraries]. Oslo, Norway: Biblioteksentralen.

Kelsey, M. (2014). *Cataloging for school librarians.* Lanham, MD: Rowman & Littlefield.

Kiefer, B., & Tyson, C. (2009). *Charlotte Huck's children's literature: A brief guide.* New York: McGraw Hill.

Kuhlthau, C. C., Maniotes, L. K., & Caspari, A. K. (2012). *Guided inquiry design: A framework for inquiry in your school.* Santa Barbara, CA: Libraries Unlimited.

Kuhlthau, C. C., Maniotes, L. K., & Caspari, A. K. (2015). *Guided inquiry: Learning in the 21st century school* (2nd ed.). Westport, CT: Libraries Unlimited.

Lester, J., & Koehler, W. (2007). *Fundamentals of information studies* (2nd ed). New York: Neal-Schuman.

Limberg, L. (2003). *Skolbibliotekets pedagogiska roll: En kunskapsöversikt* [The pedagogical role of the school library: A systematic review]. Stockholm, Sweden: Statens skolverk.

Limberg, L., Hultgren, F., & Jarneving, B. (2002). *Informationssökning och lärande: En forskningsöversikt* [Information retrieval and learning: A research review]. Stockholm, Sweden: Skolverket.

Limberg, L., & Lundh, A. H. (Eds.). (2013). *Skolbibliotekets roller i förändrade landskap*. [The role of school libraries in changing landscapes]. Lund, Sweden: BTJ Förlag. Retrieved from www.kb.se/Dokument/Bibliotek/projekt/Slutrapport 2013/Skolbibliotekets roller slutrapport 2013.pdf

Liquete, V. (Ed.) (2014). *Cultures de l'information* [Cultures of information]. CNRS Editions: Paris, France.

Malmberg, S., & Graner, T. (2014). *Bibliotekarien som medpedagog eller Varför sitter det ingen i lånedisken?* [The librarian as co-pedagogue, or Why is nobody sitting at the library desk?]. Lund, Sweden: BTJ Förlag.

Markuson, C., & European Council of International Schools. (2006). *Effective libraries in international schools*. Saxmundham, UK: John Catt Educational.

Morris, B. J. (2010). *Administering the school library media center* (5th ed.). Santa Barbara, CA: Libraries Unlimited. Available on the World Wide Web as an e-book.

Niinikangas, L. (1995). An open learning environment – new winds in the Finnish school library. *Scandinavian Public Library Quarterly 4*, 3-10.

Pavey, S. (2014). *Mobile technology and the school library*. Swindon, UK: School Library Association UK. Series: SLA Guidelines Plus

Rosenfeld, E., & Loertscher, D. V. (Eds.). (2007). *Toward a 21st century school library media program*. Lanham, MD: Scarecrow Press.

Sardar, Z., & Van Loon, B. (2010). *Introducing media studies: A graphic guide*. London, England: Icon Books.

School Library Association [UK]. *Guideline series*. Retrieved from www.sla.org.uk/guidelines.php

Schultz-Jones, B. A., & Ledbetter, C. (2013). Evaluating students' perceptions of library and science inquiry: Validation of two new learning environment questionnaires. *Learning Environments Research, 16*(3), 329-348.

Shaper, S. (Ed). (2014). *The CILIP guidelines for secondary school libraries*. London, UK: Facet Publishing.

Schlamp, G.(Ed.). (2013). *Die schulbibliothek im zentrum: Erfahrungen, berichte, visionen* [The school library in the centre: Experiences, stories, visions]. Berlin, Germany: BibSpider.

Thomas, N. P., Crow, S. R., & Franklin, L. L. (2011). *Information literacy and information skills instruction: Applying research to practice in the 21st century school library* (3rd ed.). Santa Barbara, CA: Libraries Unlimited. Available on the World Wide Web as an e-book.

Tilke, A. (2011). *The International Baccalaureate Diploma Program and the school library: Inquiry-based education*. Santa Barbara, CA: Libraries Unlimited. Available on the World Wide Web as an e-book.

Tomlinson, C., & Lynch-Brown, C. (2009). *Essentials of young adult literature* (2nd ed.). Old Tappan, NJ: Pearson.

Wilson, C., Grizzle, A., Tuazon, R., Akyempong, K., & Cheung, C. K. (2012). *Education aux médias et à l'information: programme de formation pour les enseignants* [Media education and information: A training program for teachers]. Paris, France: UNESCO.

Woolls, B., Weeks, A. C. & Coatney, S. (2013). *School library media manager* (5th ed.). Westport, CT: Libraries Unlimited.

Zamuda, A., & Harada, V. H. (2008). *Librarians as learning specialists: Meeting the learning imperative for the 21st century*. Westport, CT: Libraries Unlimited.

## ਅੰਤਿਕਾ-ੳ

## ਇਫ਼ਲਾ/ਯੂਨੈਸਕੋ ਸਕੂਲ ਲਾਇਬ੍ਰੇਰੀ ਘੋਸ਼ਣਾ ਪੱਤਰ (1999)

[www.ifla.org/publications/iflaunesco-school-library-manifesto-1999]

### ਸਿੱਖਣ-ਸਿਖਾਉਣ ਦੀਆਂ ਇਕਸਾਰ ਗਤੀਵਿਧੀਆਂ ਵਿਚ ਸਕੂਲ ਲਾਇਬ੍ਰੇਰੀ ਦਾ ਯੋਗਦਾਨ

*ਸਕੂਲ ਲਾਇਬ੍ਰੇਰੀ ਜਾਣਕਾਰੀ ਤੇ ਗਿਆਨ ਦੇ ਅਜਿਹੇ ਵਡਮੁੱਲੇ ਸਰੋਤ ਪ੍ਰਦਾਨ ਕਰਦੀ ਹੈ, ਜੋ ਅਜੋਕੇ ਸਮਾਜ ਵਿਚ ਸਫਲਤਾਪੂਰਵਕ ਵਿਚਰਨ ਲਈ ਜ਼ਰੂਰੀ ਸਮਝੇ ਜਾਂਦੇ ਹਨ। ਇਹ ਸਕੂਲੀ ਵਿਦਿਆਰਥੀਆਂ ਨੂੰ ਤਾ-ਉਮਰ ਸਿੱਖਿਆ ਦੇ ਹੁਨਰ ਸਿਖਾਉਂਦੀ ਹੈ, ਉਨ੍ਹਾਂ ਦੀ ਕਲਪਨਾ ਦਾ ਵਿਕਾਸ ਕਰਦੀ ਹੈ ਅਤੇ ਉਨ੍ਹਾਂ ਨੂੰ ਜ਼ੁੰਮੇਵਾਰ ਨਾਗਰਿਕ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ।*

### ਸਕੂਲ ਲਾਇਬ੍ਰੇਰੀ ਦਾ ਕਾਰਜ ਉਦੇਸ਼

ਸਕੂਲ ਲਾਇਬ੍ਰੇਰੀ ਡਿਜੀਟਲ ਤੇ ਭੌਤਿਕ ਸਰੂਪਾਂ ਵਿਚ ਵਿਭਿੰਨ ਤਰ੍ਹਾਂ ਦੀਆਂ ਸਿਖਿਆਤਮਕ ਸੇਵਾਵਾਂ, ਲਾਹੇਵੰਦ ਪੁਸਤਕਾਂ, ਰਸਾਲੇ, ਸੂਚਨਾ ਸਰੋਤ, ਆਦਿ ਪ੍ਰਦਾਨ ਕਰਦੀ ਹੈ। ਇਹ ਸਰੋਤ ਤੇ ਸੇਵਾਵਾਂ ਵਿਸ਼ਾਲ ਸਕੂਲ ਭਾਈਚਾਰੇ ਦੇ ਸਮੁੱਚੇ ਵਿਦਿਅਕ ਲੋਕਾਂ ਨੂੰ ਸੂਝਵਾਨ ਤੇ ਸੂਚਨਾ ਦੇ ਪ੍ਰਭਾਵਸ਼ਾਲੀ ਵਰਤੋਂਕਾਰ (ਸੂਚਨਾ ਸਾਖਰ) ਬਣਾਉਣ ਵਿਚ ਅਹਿਮ ਯੋਗਦਾਨ ਪਾਉਂਦੇ ਹਨ। ਇਸ ਤੋਂ ਇਲਾਵਾ ਵਿਦਿਅਕ ਭਾਈਚਾਰੇ ਦੀਆਂ ਵਿਕਾਸਸ਼ੀਲ ਤੇ ਵੱਖ-ਵੱਖ ਸੂਚਨਾਤਮਕ ਲੋੜਾਂ ਦੀ ਤਸੱਲੀ ਲਈ ਸਕੂਲ ਲਾਇਬ੍ਰੇਰੀਆਂ ਜਨਤਕ ਲਾਇਬ੍ਰੇਰੀਆਂ ਤੇ ਹੋਰ ਅਜਿਹੇ ਅਦਾਰਿਆਂ ਨਾਲ ਸਹਿਯੋਗ ਦੀ ਭਾਵਨਾ ਰੱਖਦੀਆਂ ਹਨ।

ਸਕੂਲ ਲਾਇਬ੍ਰੇਰੀ ਅਮਲਾ ਪੁਸਤਕ ਸੱਭਿਆਚਾਰ ਤੇ ਸਾਖਰਤਾ ਵਿਕਾਸ ਨੂੰ ਬੜਾਵਾ ਦਿੰਦੇ ਹੋਏ ਉਕਤ ਸਰੋਤਾਂ ਤੇ ਸੇਵਾਵਾਂ ਦੀ ਵਰਤੋਂ ਨੂੰ ਪ੍ਰਫੁਲਿਤ ਕਰਦਾ ਹੈ।

ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਜਦੋਂ ਲਾਇਬ੍ਰੇਰੀਅਨ ਤੇ ਅਧਿਆਪਕ ਇਕਜੁੱਟਤਾ ਤੇ ਪਰਸਪਰ ਸਾਂਝ ਤਹਿਤ ਕੰਮ ਕਰਦੇ ਹਨ, ਓਦੋਂ ਵਿਦਿਆਰਥੀਆਂ ਦੀ ਸਿੱਖਿਆ, ਸਮਝ ਅਤੇ ਹੋਰ ਮਹੱਤਵਪੂਰਨ ਨਿਪੁੰਨਤਾਵਾਂ ਵਿਚ ਨਿਖਾਰ ਆਉਂਦਾ ਹੈ।

ਸਕੂਲ ਲਾਇਬ੍ਰੇਰੀਆਂ ਨੂੰ ਭਾਈਚਾਰਕ ਵਿਭਿੰਨਤਾ ਤੇ ਵਖਰੇਵਿਆਂ (ਸੱਭਿਆਚਾਰਕ, ਭਾਸ਼ਾਈ, ਰੰਗ, ਨਸਲ, ਲਿੰਗ ਆਦਿ) ਦਾ ਸਤਿਕਾਰ ਕਰਦੇ ਹੋਏ ਵਿਆਪਕ ਸਕੂਲ ਭਾਈਚਾਰੇ ਦੇ ਹਰੇਕ ਮੈਂਬਰ ਦੀਆਂ ਸੂਚਨਾਤਮਕ ਲੋੜਾਂ ਦੀ ਪੂਰਤੀ ਕਰਨ ਦੇ ਨਾਲ-ਨਾਲ ਸਿੱਖਣ-ਸਿਖਾਉਣ ਦੀਆਂ ਗਤੀਵਿਧੀਆਂ ਵਿਚ ਅਹਿਮ ਯੋਗਦਾਨ ਪਾਉਂਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਕੂਲ ਲਾਇਬ੍ਰੇਰੀਆਂ ਦੁਆਰਾ ਉਨ੍ਹਾਂ ਵਿਅਕਤੀਆਂ ਨੂੰ ਵਿਸ਼ੇਸ਼ ਸਰੋਤ ਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਹੜੇ ਮੁੱਖ ਧਾਰਾ ਵਿਚ ਸ਼ਾਮਲ ਲਾਇਬ੍ਰੇਰੀ ਸਰੋਤਾਂ ਤੇ ਸੇਵਾਵਾਂ ਨੂੰ ਵਰਤਣ ਤੋਂ ਵਿਰਵੇ ਹਨ।

ਉਪਰੋਕਤ ਸੇਵਾਵਾਂ ਤੇ ਸਰੋਤ ਸੰਗ੍ਰਹਿਆਂ ਤਕ ਦੀ ਪਹੁੰਚ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਤੇ ਸੁੰਤਤਰਤਾਵਾਂ ਦੀ ਆਲਮੀ ਘੋਸ਼ਣਾ 'ਤੇ ਅਧਾਰਤ ਹੋਣੀ ਚਾਹੀਦੀ ਹੈ ਅਤੇ ਇਹ ਪਹੁੰਚ ਕਿਸੇ ਵਿਚਾਰਤਮਕ, ਰਾਜਨੀਤਕ, ਧਾਰਮਕ ਕਾਂਟ-ਛਾਂਟ, ਤਜਾਰਤੀ ਦਬਾਅ ਆਦਿ ਅਧੀਨ ਨਹੀਂ ਹੋਣੀ ਚਾਹੀਦੀ।

### ਵਿੱਤੀ ਕਾਨੂੰਨ ਅਤੇ ਪਰਸਪਰ ਸਾਂਝ

ਸਕੂਲ ਲਾਇਬ੍ਰੇਰੀ ਸੂਚਨਾ ਪ੍ਰਬੰਧ, ਸਾਖਰਤਾ, ਪੁਸਤਕ ਸੱਭਿਆਚਾਰ ਆਦਿ ਦੇ ਪਸਾਰ ਲਈ ਬਹੁਤ ਜ਼ਰੂਰੀ ਹੈ। ਇਹ ਆਰਥਕ, ਸਮਾਜਕ ਅਤੇ ਸੱਭਿਆਚਾਰਕ ਵਿਕਾਸ ਲਈ ਧਰਾਤਲ ਬਖਸ਼ਦੀ ਹੈ। ਇਸ ਲਈ ਸਕੂਲ ਲਾਇਬ੍ਰੇਰੀਆਂ ਨੂੰ ਇਕ ਨਿਸ਼ਚਤ ਕਾਨੂੰਨ ਤੇ ਵਿਭਿੰਨ ਸਰਕਾਰਾਂ (ਸਥਾਨਕੀ, ਖੇਤਰੀ ਅਤੇ ਰਾਸ਼ਟਰੀ) ਦੀਆਂ ਲੋਕ-ਪੱਖੀ ਨੀਤੀਆਂ ਦੁਆਰਾ ਸਹਿਯੋਗ ਮਿਲਣਾ ਚਾਹੀਦਾ ਹੈ। ਇਨ੍ਹਾਂ ਕੋਲ ਪੇਸ਼ੇਵਰ ਕਰਮਚਾਰੀਆਂ, ਸੂਚਨਾ ਸਰੋਤਾਂ, ਤਕਨਾਲੋਜੀ ਦੇ ਉਪਕਰਨਾਂ, ਸਹੂਲਤਾਂ ਆਦਿ ਲਈ ਢੁੱਕਵਾਂ ਤੇ ਟਿਕਾਊ ਧਨ ਹੋਣਾ ਚਾਹੀਦਾ ਹੈ। ਇਹ ਫ਼ੀਸ-ਮੁਕਤ ਹੋਣੀਆਂ ਚਾਹੀਦੀਆਂ ਹਨ।

ਸਕੂਲ ਲਾਇਬ੍ਰੇਰੀ ਸਥਾਨਕੀ, ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਸਥਾਪਤ ਲਾਇਬ੍ਰੇਰੀਆਂ ਦੇ ਉਸ ਨੈੱਟਵਰਕ ਦਾ ਇਕ ਮਹੱਤਵਪੂਰਨ ਹਿੱਸਾ ਹੁੰਦੀ ਹੈ, ਜਿੱਥੇ ਉਹ ਹੋਰ ਲਾਇਬ੍ਰੇਰੀ(ਆਂ), ਖਾਸ ਕਰਕੇ ਲੋਕ ਲਾਇਬ੍ਰੇਰੀ(ਆਂ) ਨਾਲ ਪਰਸਪਰ ਸਹਿਯੋਗ ਜ਼ਰੀਏ ਸੂਚਨਾ ਸਰੋਤ, ਸੇਵਾਵਾਂ, ਸਹੂਲਤਾਂ ਆਦਿ ਸਾਂਝੀ ਕਰਦੀ ਹੈ। ਇਹ ਆਪਸੀ ਸਾਂਝ ਸਕੂਲ ਲਾਇਬ੍ਰੇਰੀ ਦੇ ਨਿਮਨਲਿਖਤ ਸਾਰਥਕ ਟੀਚਿਆਂ ਨੂੰ ਹਾਸਲ ਕਰਨ ਵਿਚ ਸਹਾਈ ਹੁੰਦੀ ਹੈ।

## ਸਕੂਲ ਲਾਇਬ੍ਰੇਰੀ ਦੇ ਟੀਚੇ

ਸਕੂਲ ਲਾਇਬ੍ਰੇਰੀ ਵਿਦਿਅਕ ਪ੍ਰਣਾਲੀ ਦਾ ਇਕ ਅਨਿੱਖੜਵਾਂ ਅੰਗ ਹੈ। ਇਸ ਦੇ ਉਦੇਸ਼ਾਂ ਦਾ ਸਰੋਕਾਰ ਸਾਖਰਤਾ, ਪੁਸਤਕ ਸੱਭਿਆਚਾਰ ਅਤੇ ਸੂਚਨਾ ਸਾਖਰਤਾ ਦੀਆਂ ਬਹੁਮੁੱਲੀਆਂ ਕੁਸ਼ਲਤਾਵਾਂ ਦੀਆਂ ਬੁਨਿਆਦੀ ਸਰਗਰਮੀਆਂ ਤੇ ਸੇਵਾਵਾਂ ਨਾਲ ਹੈ, ਜਿਨ੍ਹਾਂ ਦਾ ਮੰਤਵ ਸਮੁੱਚੇ ਵਿਦਿਆਰਥੀਆਂ ਦਾ ਸਰਬ-ਪੱਖੀ (ਬੌਧਿਕ, ਸਮਾਜਕ, ਸੱਭਿਆਚਾਰਕ ਆਦਿ) ਵਿਕਾਸ ਕਰਨਾ ਹੈ:

- ਸਕੂਲ ਦੇ ਕਾਰਜ ਉਦੇਸ਼ ਤੇ ਪਾਠਕ੍ਰਮ ਵਿਚ ਉਲੀਕੇ ਗਏ ਮਹੱਤਵਪੂਰਨ ਵਿਦਿਅਕ ਨਿਸ਼ਾਨਿਆਂ ਦੀ ਪੂਰਤੀ ਲਈ ਸਹਿਯੋਗ ਦੇਣਾ;
- ਵਿਭਿੰਨ ਵਸੀਲਿਆਂ ਤੋਂ ਸਿੱਖਣ ਅਤੇ ਪੁਸਤਕਾਂ ਪੜ੍ਹਨ ਦੀਆਂ ਆਦਤਾਂ ਤੇ ਕੁਸ਼ਲਤਾਵਾਂ ਦਾ ਵਿਕਾਸ ਕਰਦੇ ਹੋਏ ਲਾਇਬ੍ਰੇਰੀਆਂ ਰਾਹੀਂ ਤਾ-ਉਮਰ ਸਿੱਖਿਆ ਦੇ ਮਕਸਦ ਨੂੰ ਸਮਝਾਉਣਾ;
- ਸੂਚਨਾ ਤੇ ਗਿਆਨ ਦੀ ਸਿਰਜਣਾ, ਵਰਤੋਂ, ਸਮਝ, ਕਲਪਨਾ ਅਤੇ ਖੁਸ਼ੀ ਦੇ ਤਜਰੱਬਿਆਂ ਨੂੰ ਹਾਸਲ ਕਰਨ ਲਈ ਇਕਸਾਰ ਮੌਕੇ ਪੇਸ਼ ਕਰਨਾ;
- ਅਨੇਕਾਂ ਰੂਪਾਂ ਵਿਚ ਉਪਲਬਧ ਜਾਣਕਾਰੀ ਦੀ ਵਰਤੋਂ ਤੇ ਮੁਲਾਂਕਣ ਲਈ ਲੁੜੀਂਦੀ ਕਾਬਲੀਅਤ ਨੂੰ ਸਿੱਖਣ ਤੇ ਲਾਗੂ ਕਰਨ ਵਿਚ ਸਹਿਯੋਗ ਦੇਣਾ;
- ਸਥਾਨਕੀ, ਖੇਤਰੀ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਸਿਰਜੇ ਗਏ ਵੱਡਮੁੱਲੇ ਤੇ ਵਿਭਿੰਨ ਸਰੋਤਾਂ ਤਕ ਨਿਰਪੱਖ ਪਹੁੰਚ ਮੁਹੱਈਆ ਕਰਵਾਉਣਾ;
- ਸੱਭਿਆਚਾਰਕ ਤੇ ਸਮਾਜਕ ਚੇਤਨਾ ਅਤੇ ਸੰਵੇਦਨਸ਼ੀਲਤਾ ਨੂੰ ਹੱਲਾਸ਼ੇਰੀ ਦਿੰਦੇ ਕਾਰਜਕ੍ਰਮਾਂ ਦੀ ਵਿਵਸਥਾ ਕਰਨੀ;
- ਮਿੱਥੇ ਗਈ ਵਿਦਿਅਕ ਮੰਜ਼ਿਲ ਨੂੰ ਸਰ ਕਰਨ ਲਈ ਵਿਸ਼ਾਲ ਸਕੂਲ ਭਾਈਚਾਰੇ ਦੇ ਸਮੁੱਚੇ ਲੋਕਾਂ ਨਾਲ ਇਕਮੁੱਠ ਹੋ ਕੇ ਕਾਰਜ ਕਰਨਾ;
- ਜ਼ੁੰਮੇਵਾਰ ਨਾਗਰਿਕਤਾ ਅਤੇ ਜਮਹੂਰੀਅਤ ਦੀ ਸਮਝ ਲਈ ਬੌਧਿਕ ਅਜ਼ਾਦੀ ਤੇ ਜਾਣਕਾਰੀ ਦੀ ਇਕਸਾਰ ਪਹੁੰਚ ਦੇ ਸੰਕਲਪ ਦਾ ਪ੍ਰਚਾਰ ਕਰਨਾ;
- ਸਕੂਲ ਦੇ ਅੰਦਰੂਨੀ ਅਤੇ ਬਾਹਰੀ ਹਿੱਸਿਆਂ ਵਿਚ ਲਾਇਬ੍ਰੇਰੀ ਦੇ ਵਿਭਿੰਨ ਸਰੋਤਾਂ ਤੇ ਸੇਵਾਵਾਂ ਨੂੰ ਉੱਨਤ ਕਰਨਾ।

ਉਕਤ ਟੀਚਿਆਂ ਦੀ ਪੂਰਤੀ ਲਈ ਸਕੂਲ ਲਾਇਬ੍ਰੇਰੀ ਅਨੇਕਾਂ ਤਰ੍ਹਾਂ ਦੇ ਯਤਨ ਕਰਦੀ ਹੈ; ਜਿਵੇਂਕਿ, ਵਿਭਿੰਨ ਨੀਤੀਆਂ ਤੇ ਸੇਵਾਵਾਂ ਦੀ ਸਿਰਜਣਾ ਕਰਨਾ, ਵਿਦਿਆਰਥੀਆਂ ਦੀਆਂ ਵਿਭਿੰਨ ਸੂਚਨਾਤਮਕ ਲੋੜਾਂ ਦੀ ਸੰਤੁਸ਼ਟੀ ਵਾਸਤੇ ਵੱਖ-ਵੱਖ ਮਹੱਤਵਪੂਰਨ ਸਰੋਤਾਂ ਦੀ ਚੋਣ ਤੇ ਪ੍ਰਾਪਤੀ ਕਰਨਾ, ਹਾਸਲ ਕੀਤੇ ਗਏ ਸੂਚਨਾ ਸਰੋਤਾਂ ਤਕ ਨਿਰਪੱਖ ਪਹੁੰਚ ਪ੍ਰਦਾਨ ਕਰਨਾ, ਆਧੁਨਿਕ ਸਹੂਲਤਾਂ ਤੇ ਉਪਕਰਨ ਮੁਹੱਈਆਂ ਕਰਵਾਉਣਾ ਅਤੇ ਪੇਸ਼ੇਵਰ ਤੇ ਸਿਖਲਾਈ ਪ੍ਰਾਪਤ ਕਰਮਚਾਰੀ ਨਿਯੁਕਤ ਕਰਨੇ।

## ਸਕੂਲ ਲਾਇਬ੍ਰੇਰੀਅਨ

ਸਕੂਲ ਲਾਇਬ੍ਰੇਰੀਅਨ ਪੇਸ਼ੇਵਰ ਤੌਰ 'ਤੇ ਇਕ ਅਜਿਹਾ ਯੋਗ ਕਰਮਚਾਰੀ ਹੈ, ਜੋ ਸਕੂਲ ਲਾਇਬ੍ਰੇਰੀ ਦੀ ਨੀਤੀ, ਵਿਓਂਤਬੰਦੀ, ਪ੍ਰਬੰਧਨ ਅਤੇ ਅਧਿਆਪਨ ਲਈ ਜ਼ੁੰਮੇਵਾਰ ਹੁੰਦਾ ਹੈ। ਉਹ ਲਾਇਬ੍ਰੇਰੀ ਵਿਚਲੇ ਹੋਰ ਕਰਮਚਾਰੀਆਂ ਦੇ ਸਹਿਯੋਗ ਸਦਕਾ ਵਿਆਪਕ ਸਕੂਲ ਭਾਈਚਾਰੇ ਦੇ ਸਮੁੱਚੇ ਵਿਦਿਅਕ ਲੋਕਾਂ ਨਾਲ ਇਕਜੁੱਟ ਹੋ ਕੇ ਕਾਰਜ ਕਰਦਿਆਂ ਲਾਇਬ੍ਰੇਰੀ ਵਰਤੋਂਕਾਰਾਂ ਦੀਆਂ ਵਿਭਿੰਨ ਸੂਚਨਾਤਮਕ ਲੋੜਾਂ ਦੀ ਸੰਤੁਸ਼ਟੀ ਲਈ ਜਨਤਕ ਲਾਇਬ੍ਰੇਰੀਆਂ ਤੇ ਹੋਰ ਅਜਿਹੇ ਅਦਾਰਿਆਂ ਨਾਲ ਸਿਰਜਣਾਤਮਕ ਸਬੰਧ ਉਸਾਰਦਾ ਹੈ।

ਆਮ ਤੌਰ 'ਤੇ ਸਕੂਲ ਲਾਇਬ੍ਰੇਰੀਅਨ ਦੇ ਕੰਮ ਬਜਟ ਅਤੇ ਸਕੂਲ ਦੀਆਂ ਪਾਠਕ੍ਰਮ ਤੇ ਅਧਿਆਪਨ ਲੋੜਾਂ ਅਨੁਸਾਰ ਕੌਮੀ, ਕਾਨੂੰਨੀ ਅਤੇ ਵਿੱਤੀ ਢਾਂਚੇ ਅਧੀਨ ਵਿਭਿੰਨ ਹੁੰਦੇ ਹਨ ਪਰ ਫਿਰ ਵੀ ਉਸ ਦੀਆਂ ਇਕਸਾਰ ਮੂਲ ਗਤੀਵਿਧੀਆਂ ਦਾ ਘੇਰਾ ਗਿਆਨ, ਪੁਸਤਕ ਸੱਭਿਆਚਾਰ, ਸਾਖਰਤਾ ਆਦਿ ਦੇ ਵਿਕਾਸ ਦੁਆਲੇ ਘੁੰਮਦਾ ਹੈ।

ਸਕੂਲ ਲਾਇਬ੍ਰੇਰੀਅਨ ਸੂਚਨਾ ਪ੍ਰਬੰਧਨ ਦੀ ਮਹੱਤਵਪੂਰਨ ਵਿਓਂਤਬੰਦੀ ਨੂੰ ਉਲੀਕਣ ਦੇ ਕਾਬਲ ਹੋਣੇ ਚਾਹੀਦੇ ਹਨ। ਉਨ੍ਹਾਂ ਦੇ ਜ਼ਰੀਏ ਹੀ ਸਕੂਲੀ ਵਿਦਿਆਰਥੀ ਤੇ ਅਧਿਆਪਕ ਸੂਚਨਾ ਸਾਖਰਤਾ ਦੀਆਂ ਪ੍ਰਭਾਵਸ਼ਾਲੀ ਨਿਪੁੰਨਤਾਵਾਂ ਸਿੱਖਦੇ ਹਨ। ਇਸ ਲਈ ਉਨ੍ਹਾਂ ਨੂੰ ਆਪਣੀ ਪੇਸ਼ੇਵਰ ਸਿੱਖਿਆ ਤੇ ਸਿਖਲਾਈ ਨਿਰੰਤਰ ਵਿਕਸਤ ਕਰਨੀ ਚਾਹੀਦੀ ਹੈ।

## ਸਕੂਲ ਲਾਇਬ੍ਰੇਰੀ ਵਿਚ ਕਾਰਜ ਸੰਚਾਲਨ

- ਪਾਠਕ੍ਰਮ-ਅਧਾਰਤ ਟੀਚਿਆਂ, ਪ੍ਰਮੁੱਖਤਾਵਾਂ ਅਤੇ ਸੇਵਾਵਾਂ ਨੂੰ ਪਰਭਾਸ਼ਿਤ ਕਰਨ ਲਈ ਸਕੂਲ ਲਾਇਬ੍ਰੇਰੀ ਕੋਲ ਇਕ ਸਪਸ਼ਟ ਨੀਤੀ ਹੋਣੀ ਚਾਹੀਦੀ ਹੈ;
- ਸਕੂਲ ਲਾਇਬ੍ਰੇਰੀ ਦੀ ਵਿਵਸਥਾ ਪੇਸ਼ੇਵਰ ਮਿਆਰਾਂ ਤਹਿਤ ਹੋਣੀ ਚਾਹੀਦੀ ਹੈ;
- ਲਾਇਬ੍ਰੇਰੀ ਸਰੋਤਾਂ ਤੇ ਸੇਵਾਵਾਂ ਦੀ ਪਹੁੰਚ ਵਿਸ਼ਾਲ ਸਕੂਲ ਭਾਈਚਾਰੇ ਦੇ ਸਮੁੱਚੇ ਲੋਕਾਂ ਤਕ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਦਾ ਸੰਚਾਲਨ ਸਥਾਨਕ ਲੋੜਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ; ਅਤੇ
- ਪ੍ਰਿੰਸੀਪਲ, ਵਿਭਾਗੀ ਮੁੱਖੀਆਂ, ਅਧਿਆਪਕਾਂ, ਮਾਪਿਆਂ, ਸਕੂਲੋਂ ਬਾਹਰੀ ਹੋਰ ਲਾਇਬ੍ਰੇਰੀਅਨਾਂ, ਸਹਿਯੋਗੀਆਂ ਆਦਿ ਨਾਲ ਸਿਰਜਣਾਤਮਕ ਸਬੰਧਾਂ ਨੂੰ ਹੱਲਾਸ਼ਾਰੀ ਦੇਣੀ ਚਾਹੀਦੀ ਹੈ।

## ਘੋਸ਼ਣਾ ਪੱਤਰ ਨੂੰ ਲਾਗੂ ਕਰਨਾ

ਸਰਕਾਰਾਂ ਸਿੱਖਿਆ ਪ੍ਰਤੀ ਜੁੰਮੇਵਾਰ ਆਪਣੇ ਮੰਤਰੀਆਂ ਰਾਹੀਂ ਅਜਿਹੀਆਂ ਨੀਤੀਆਂ ਤੇ ਯੋਜਨਾਵਾਂ ਨੂੰ ਵਿਕਸਤ ਕਰਨ ਦਾ ਨਿਰਦੇਸ਼ ਦਿੰਦੀਆਂ ਹਨ, ਜੋ ਇਸ ਘੋਸ਼ਣਾ ਪੱਤਰ ਦੇ ਅਸੂਲਾਂ ਨੂੰ ਲਾਗੂ ਕਰਦੀਆਂ ਹੋਣ। ਇਨ੍ਹਾਂ ਯੋਜਨਾਵਾਂ ਵਿਚ ਸਕੂਲ ਲਾਇਬ੍ਰੇਰੀਅਨ ਤੇ ਅਧਿਆਪਕਾਂ ਦੀ ਸ਼ੁਰੂਆਤੀ ਅਤੇ ਨਿਰੰਤਰ ਸਿਖਲਾਈ ਦਾ ਖਾਸ ਤੌਰ 'ਤੇ ਪ੍ਰਬੰਧ ਹੋਣਾ ਚਾਹੀਦਾ ਹੈ।

## ਅੰਤਿਕਾ-ਅ

## ਸਕੂਲ ਲਾਇਬ੍ਰੇਰੀ ਬਜਟ ਦੀ ਯੋਜਨਾਬੰਦੀ

ਉਪਰੋਕਤ ਵਿਸ਼ੇ ਦੇ ਪ੍ਰਸੰਗ ਵਿਚ ਸਕੂਲ ਲਾਇਬ੍ਰੇਰੀਅਨਾਂ ਨੂੰ ਨਿਮਨਲਿਖਤ ਤੱਤਾਂ ਦੀ ਸਮਝ ਹੋਣੀ ਚਾਹੀਦੀ ਹੈ:

- ਸਕੂਲੀ ਬਜਟ ਦੀ ਪ੍ਰਕਿਰਿਆ
- ਬਜਟ ਦੀ ਤਿਆਰੀ ਤੇ ਮੁਲਾਂਕਣ ਦੀ ਮਿਆਦ
- ਬਜਟ ਪ੍ਰਕਿਰਿਆ ਸਬੰਧੀ ਮਹੱਤਵਪੂਰਨ ਕਰਮਚਾਰੀ
- ਲਾਇਬ੍ਰੇਰੀ ਦੀਆਂ ਅਸਲ ਲੋੜਾਂ
- ਬਜਟ ਦੇ ਲੇਖੇ-ਜੋਖੇ ਦੀਆਂ ਵਿਧੀਆਂ

ਸਕੂਲ ਲਾਇਬ੍ਰੇਰੀ ਬਜਟ ਦੀ ਯੋਜਨਾਬੰਦੀ ਦੇ ਪ੍ਰਭਾਵਸ਼ਾਲੀ ਤੱਤ:

- ਨਵੇਂ ਸੂਚਨਾ ਸਰੋਤਾਂ (ਡਿਜੀਟਲ ਤੇ ਭੌਤਿਕ) ਵਾਸਤੇ ਲੁੜੀਂਦੀ ਰਕਮ
- ਪ੍ਰਬੰਧਕੀ ਸਮੱਗਰੀ ਲਈ ਜ਼ਰੂਰੀ ਰਾਸ਼ੀ
- ਗਿਆਨ, ਪੁਸਤਕ ਸੱਭਿਆਚਾਰ, ਸਾਖਰਤਾ ਆਦਿ ਦੇ ਵਿਕਾਸ ਵਾਸਤੇ ਇੱਛਤ ਰਕਮ
- ਮੁਰੰਮਤ ਤੇ ਨਵਿਆਉਣ ਦੇ ਕੰਮਾਂ ਲਈ ਲੁੜੀਂਦੀ ਰਾਸ਼ੀ
- ਆਧੁਨਿਕ ਸਹੂਲਤਾਂ, ਉਪਕਰਨਾਂ, ਸੌਫਟਵੇਅਰ, ਡੈਟਾਬੇਸ ਆਦਿ ਦੀਆਂ ਮੌਜੂਦਾ ਤੇ ਭਵਿਖਤ ਕੀਮਤਾਂ

ਇਕ ਸਧਾਰਨ ਨਿਯਮ ਅਨੁਸਾਰ ਸਕੂਲ ਲਾਇਬ੍ਰੇਰੀ ਸਮੱਗਰੀ ਬਜਟ ਵਿਚ ਹਰੇਕ ਵਿਦਿਆਰਥੀ ਵਾਸਤੇ ਘੱਟ ਤੋਂ ਘੱਟ 5 ਫੀਸਦੀ ਖਰਚੇ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਸਕੂਲ ਲਾਇਬ੍ਰੇਰੀ ਬਜਟ ਵਿਚ ਲਾਇਬ੍ਰੇਰੀ ਅਮਲੇ ਦੀਆਂ ਕੀਮਤਾਂ ਸ਼ਾਮਲ ਹੋ ਸਕਦੀਆਂ ਹਨ; ਕੁਝ ਸਕੂਲਾਂ ਵਿਚ ਇਹ ਕੀਮਤਾਂ ਜਨਰਲ ਸਟਾਫ਼ ਬਜਟ ਦਾ ਹਿੱਸਾ ਹੁੰਦੀਆਂ ਹਨ। ਇਨ੍ਹਾਂ ਕੀਮਤਾਂ ਦੇ ਲੇਖੇ ਜੋਖੇ ਵਿਚ ਸਕੂਲ ਲਾਇਬ੍ਰੇਰੀਅਨ ਦੀ ਹਾਜਰੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਲਾਇਬ੍ਰੇਰੀ ਅਮਲੇ ਲਈ ਰਾਖਵੀਂ ਰਕਮ ਦਾ ਗੂੜਾ ਸਬੰਧ ਕੁਝ ਮਹੱਤਵਪੂਰਨ ਮੁੱਦਿਆਂ ਨਾਲ ਹੁੰਦਾ ਹੈ; ਜਿਵੇਂਕਿ, ਸਕੂਲ ਲਾਇਬ੍ਰੇਰੀ ਕਿੰਨੇ ਘੰਟੇ ਕੰਮ ਕਰ ਸਕਦੀ ਹੈ ਤੇ ਇਸ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਗੁਣਵੱਤਾ ਤੇ ਵਿਭਿੰਨਤਾ ਕੀ ਹੈ ਆਦਿ। ਇਸ ਤੋਂ ਇਲਾਵਾ ਕੁਝ ਖਾਸ ਪ੍ਰਾਜੈੱਕਟਾਂ (ਨਵੀਆਂ ਅਲਮਾਰੀਆਂ, ਸਹੂਲਤਾਂ ਆਦਿ) ਲਈ ਵੱਖਰੇ ਧਨ ਦੀ ਲੋੜ ਪੈ ਸਕਦੀ ਹੈ। ਇਸ ਅੰਤਿਕਾ ਦੇ ਉਪਰੋਕਤ ਵਿਸ਼ੇ ਸਬੰਧੀ ਅੰਤਿਕਾ-ਸ (ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ) ਦੇ ਕ੍ਰਮ-ਨੰਬਰ 3 ਅਤੇ ਅੰਤਿਕਾ-ਹ (ਸਕੂਲ ਪ੍ਰਿੰਸੀਪਲਾਂ ਲਈ ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ) ਕ੍ਰਮ-ਨੰਬਰ 10 ਵਿਚ ਵੀ ਬਹੁਮੁੱਲੀ ਜਾਣਕਾਰੀ ਦਿੱਤੀ ਗਈ ਹੈ।

# ਅੰਤਿਕਾ-ੲ

## ਖੋਜ-ਅਧਾਰਤ ਸਿੱਖਿਆ ਦੇ ਮਾਡਲ

ਵਿਭਿੰਨ ਦੇਸ਼ਾਂ ਵਿਚ ਖੋਜ-ਅਧਾਰਤ ਸਿੱਖਿਆ ਦੇ ਮਹੱਤਵਪੂਰਨ ਮਾਡਲ ਉਪਲਬਧ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

Michael Marland's Nine Questions (United Kingdom)
Marland, M. (1981). *Information skills in the secondary curriculum.* Schools Council Methuen.

Stripling and Pitts' REACTS Model (USA)
Stripling, B., & Pitts, J. (1988). *Brainstorms and blueprints: Teaching research as a thinking process.* Westport, CT: Libraries Unlimited.

The Information Process (Australia)
Australian School Library Association and Australian Library and Information Association. (2001). *Learning for the future: Developing information services in schools* (2nd ed.). Carlton South, Australia: Curriculum Corporation.

Focus on Inquiry (Canada)
Alberta Learning. (2003). *Focus on inquiry: A teacher's guide to inquiry-based learning.* Edmonton, AB: Alberta Learning, Learning Resources Branch.

Guided Inquiry (USA)
Kuhlthau, C. C., Maniotes, L. K., & Caspari, A. K. (2007). *Guided inquiry: Learning in the 21st century.* Westport, CT: Libraries Unlimited.

Kuhlthau, C. C., Maniotes, L. K., & Caspari, A. K. (2012). *Guided inquiry design: A framework for inquiry in your school.* Westport, CT: Libraries Unlimited.

Schmidt, R. (2013). *A guided inquiry approach to high school research.* Westport, CT: Libraries Unlimited.

# ਅੰਤਿਕਾ-ਸ

## ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ

ਇਹ ਪ੍ਰਸ਼ਨਾਵਲੀ 2003 ਵਿਚ ਪ੍ਰਕਾਸ਼ਿਤ ਹੋਈ ਪੁਸਤਕ 'ਅਚੀਵਿੰਗ ਇੰਨਫੌਰਮੇਸ਼ਨ ਲਿਟਰੇਸੀ: ਸਟੈਂਡਰਡਜ਼ ਫ਼ਾਰ ਸਕੂਲ ਲਾਇਬ੍ਰੇਰੀ ਪ੍ਰੋਗਰਾਮਜ਼ ਇੰਨ ਕੈਨੇਡਾ' ਵਿਚੋਂ ਲਈ ਗਈ ਹੈ:

| | | | |
|---|---|---|---|
| **1. ਸੂਚਨਾ ਸਾਖਰਤਾ ਦੀ ਸਿੱਖਿਆ ਤੇ ਪੁਸਤਕ ਸੱਭਿਆਚਾਰ ਦੇ ਵਿਕਾਸ ਸਬੰਧੀ ਕਾਰਜਕ੍ਰਮ** | ਹਾਂ | ਕੁਝ 'ਕੁ | ਨਹੀਂ |
| ੳ. ਸੂਚਨਾ ਸਾਖਰਤਾ ਦੀਆਂ ਯੋਗਤਾਵਾਂ ਦੀ ਉੱਨਤੀ ਸਬੰਧੀ ਖੋਜ-ਅਧਾਰਤ ਸਿੱਖਿਆ ਦੀ ਮੌਜੂਦਗੀ | | | |
| ਅ. ਪਾਠਕ੍ਰਮ ਤੋਂ ਬਾਹਰੀ ਸਿੱਖਿਆ ਲਈ ਸੂਚਨਾ ਸਾਖਰਤਾ ਦੇ ਕਾਰਕ੍ਰਮਾਂ ਦਾ ਏਕੀਕਰਨ | | | |
| ੲ. ਲਾਇਬ੍ਰੇਰੀਅਨ, ਪ੍ਰਿੰਸੀਪਲ, ਅਧਿਆਪਕਾਂ, ਮਾਪਿਆਂ ਅਤੇ ਸਹਿਯੋਗੀਆਂ ਵਿਚਕਾਰ ਪਰਸਪਰ ਸਹਿਯੋਗ ਦੀ ਵਿਵਸਥਾ | | | |
| ਸ. ਵਿਦਿਆਰਥੀਆਂ ਦੇ ਵਿਦਿਅਕ ਨਤੀਜਿਆਂ ਦੀ ਪੜਚੋਲ ਤੇ ਜਾਣਕਾਰੀ (ਰਿਪੋਟਿੰਗ) ਦੇ ਪ੍ਰਬੰਧ ਵਿਚ ਸਕੂਲ ਲਾਇਬ੍ਰੇਰੀਅਨ ਦੀ ਸ਼ਮੂਲੀਅਤ | | | |
| ਹ. ਲਾਇਬ੍ਰੇਰੀ ਕਾਰਜਕ੍ਰਮਾਂ ਤਕ ਸਮੁੱਚੇ ਵਿਦਿਆਰਥੀਆਂ ਦੀ ਨਿਰਪੱਖ ਪਹੁੰਚ | | | |
| ਕ. ਪੁਸਤਕ ਸੱਭਿਆਚਾਰ ਤੇ ਸਾਖਰਤਾ ਦੇ ਵਿਕਾਸ, ਸਹਿਯੋਗ ਅਤੇ ਪਾਲਣ ਸਬੰਧੀ ਕਾਰਜਕ੍ਰਮ | | | |
| | | | |
| **2. ਸਕੂਲ ਲਾਇਬ੍ਰੇਰੀ ਅਮਲੇ ਦੇ ਮਾਡਲ ਵਿਚ ਯੋਗ, ਸਮਰੱਥ ਅਤੇ ਉਤਸਾਹੀ ਲਾਇਬ੍ਰੇਰੀਅਨ ਤੋਂ ਇਲਾਵਾ ਸਹਿਯੋਗ ਦੇਣ ਵਾਲੇ ਤਕਨੀਕੀ ਕਰਮਚਾਰੀ ਅਤੇ ਕਲਰਕ ਸ਼ਾਮਲ ਹੁੰਦੇ ਹਨ** | ਹਾਂ | ਕੁਝ 'ਕੁ | ਨਹੀਂ |
| ੳ. ਅਧਿਆਪਕਾਂ ਤੇ ਲਾਇਬ੍ਰੇਰੀਅਨ ਦੇ ਸਹਿਯੋਗ ਨਾਲ ਉਲੀਕੀ ਗਈ ਸਾਂਝੀ ਯੋਜਨਾਬੰਦੀ ਤੇ ਅਧਿਆਪਨ, ਜਿਸ ਰਾਹੀਂ ਕਿਸੇ ਵਿਸ਼ੇ ਤੇ ਸੂਚਨਾ ਸਾਖਰਤਾ ਦੇ ਟੀਚੇ ਸਰੋਤ ਅਤੇ ਖੋਜ ਅਧਾਰਤ ਪ੍ਰਾਜੈਕਟਾਂ ਜ਼ਰੀਏ ਹਾਸਲ ਕੀਤੇ ਜਾਂਦੇ ਹਨ। | | | |
| ਅ. ਖੋਜ ਅਧਾਰਤ ਸਿੱਖਿਆ ਲਈ ਜ਼ਰੂਰੀ ਆਧੁਨਿਕ ਤਕਨਾਲੋਜੀ ਦੀ ਹੋਂਦ | | | |
| ੲ. ਖੇਤਰੀ ਪਾਠਕ੍ਰਮ ਦੀਆਂ ਲੋੜਾਂ ਤੇ ਸਥਾਨਕ ਹਿੱਤਾਂ 'ਤੇ ਅਧਾਰਤ ਵਿਭਿੰਨ ਸਰੋਤਾਂ ਦੇ ਸੰਗ੍ਰਹਿ ਦਾ ਵਿਕਾਸ | | | |
| ਸ. ਮਨੁੱਖੀ ਵਸੀਲਿਆਂ ਦਾ ਪ੍ਰਭਾਵੀ ਪ੍ਰਬੰਧਨ (ਕਲਰਕ, ਤਕਨੀਕੀ ਕਰਮਚਾਰੀ, ਵਲੰਟੀਅਰ) | | | |
| ਹ. ਤਕਨਾਲੋਜੀ ਉਪਕਰਨਾਂ ਦਾ ਪ੍ਰਬੰਧਨ | | | |
| ਕ. ਆਧੁਨਿਕ ਸਹੂਲਤਾਂ ਦਾ ਸਲਾਹੁਣਯੋਗ ਪ੍ਰਬੰਧਨ | | | |
| ਖ. ਕਲਰਕੀ ਪ੍ਰਕਿਰਿਆਵਾਂ (ਸਰਕਿਊਲੇਸ਼ਨ, ਐਕੂਜੀਸ਼ਨ, ਬਜਟ, ਔਰਡਰਿੰਗ, ਪੈਰਵੀ, ਸੂਚੀ-ਪੱਤਰ, ਤਰਤੀਬ, ਰਿਪੋਰਟਿੰਗ, ਡੈਟਾ ਐਂਟਰੀ) | | | |
| ਗ. ਮਾਰਗ-ਦਰਸ਼ਨ; ਸਰੋਤ ਅਧਾਰਤ ਸਾਂਝੇ ਪ੍ਰਾਜੈਕਟਾਂ ਤੇ ਨਵੀਨ ਤਕਨਾਲੋਜੀ ਨੂੰ ਵਰਤਣ ਦੇ ਢੰਗ ਸਿਖਾਉਣ ਵਿਚ ਸਿੱਖਿਆਂ ਦੇ ਨਵੇਂ ਢੰਗਾਂ ਦਾ ਸੰਮਿਲਨ | | | |
| ਘ. ਵਿਦਿਆਰਥੀਆਂ ਦੀ ਸਿੱਖਿਆ ਪ੍ਰਤੀ ਵਚਨਬੱਧਤਾ ਅਤੇ ਨਿਜੀ ਉਤਸਾਹ | | | |
| ਙ. ਪੇਸ਼ੇਵਰ ਵਿਕਾਸ (ਵੈੱਬ-ਅਧਾਰਤ ਸਰਗਰਮੀਆਂ ਤੇ ਮੌਕੇ) | | | |
| | | | |
| **3. ਵਿੱਤੀ ਮਾਡਲ, ਜਿਸ ਵਿਚ ਸਕੂਲੀ ਟੀਚਿਆਂ ਨਾਲ ਸਬੰਧਤ ਬਹੁਪਾਸਾਰੀ ਵਿਉਂਤਬੰਦੀ ਸ਼ਾਮਲ ਹੁੰਦੀ ਹੈ** | ਹਾਂ | ਕੁਝ 'ਕੁ | ਨਹੀਂ |
| ੳ. ਪਾਠਕ੍ਰਮ ਦੀਆਂ ਲੋੜਾਂ ਤੇ ਸਮੁੱਚੇ ਕਰਮਚਾਰੀਆਂ ਦੇ ਹਿੱਤਾਂ 'ਤੇ ਅਧਾਰਤ ਲਾਇਬ੍ਰੇਰੀਅਨ ਦੁਆਰਾ ਤਿਆਰ ਕੀਤਾ ਗਿਆ ਸਲਾਨਾ ਕਾਰਜਕ੍ਰਮੀ ਬਜਟ | | | |
| ਅ. ਬਹੁਪੱਖੀ ਯੋਜਨਾਬੰਦੀ ਲਈ ਲੁੜੀਂਦਾ ਬਜਟ, ਜਿਸ ਵਿਚ ਸਕੂਲ ਦੇ ਹਰੇਕ ਵਿਦਿਆਰਥੀ 'ਤੇ ਖਰਚ ਕੀਤੀ ਜਾਣ ਵਾਲੀ ਸਲਾਨਾ ਰਕਮ ਦਾ ਜਿਕਰ ਕੀਤਾ ਗਿਆ ਹੁੰਦਾ ਹੈ। | | | |
| ੲ. ਸਕੂਲ ਦੀਆਂ ਮੌਜੂਦਾ ਤੇ ਨਵੀਨ ਪਹਿਲ ਕਦਮੀਆਂ ਸਬੰਧੀ ਬਜਟ | | | |
| ਸ. ਸਰੋਤਾਂ, ਸੇਵਾਵਾਂ, ਸਹੂਲਤਾਂ, ਮੁਰੰਮਤਾਂ, ਉਪਕਰਨਾਂ, ਪੇਸ਼ੇਵਰ ਵਿਕਾਸ ਆਦਿ ਬਾਬਤ ਬਜਟ | | | |
| ਹ. ਸਕੂਲ ਦੀਆਂ ਲੋੜਾਂ ਨੂੰ ਪਛਾਣਨ ਤੇ ਪ੍ਰਮੁਖਤਾ ਦੇਣ ਵਾਲਾ ਬਜਟ | | | |
| ਕ. ਲਾਇਬ੍ਰੇਰੀ ਹਮਾਇਤੀਆਂ ਦੇ ਨਿਵੇਸ਼ ਦੀ ਪੇਸ਼ਕਾਰੀ ਕਰਨ ਵਾਲਾ ਬਜਟ | | | |
| ਖ. ਖਾਸ ਕਾਰਜਕ੍ਰਮਾਂ ਲਈ ਲੁੜੀਂਦਾ ਧਨ (ਲੇਖਕਾਂ ਫੇਰੀਆਂ, ਪੁਸਤਕ ਸੱਭਿਆਚਾਰ ਦਾ ਵਿਕਾਸ ਆਦਿ) | | | |

| | | | |
|---|---|---|---|
| **4. ਲਾਇਬ੍ਰੇਰੀ ਕੋਲ ਸਮੁੱਚੇ ਸਿਖਿਆਰਥੀਆਂ ਦੀਆਂ ਰਸਮੀ ਤੇ ਗੈਰ-ਰਸਮੀ ਲੋੜਾਂ ਦੀ ਪੂਰਤੀ ਕਰਨ ਵਾਲਾ ਢੁੱਕਵਾਂ ਸਰੋਤ ਸੰਗ੍ਰਹਿ ਹੈ, ਜਿਸ ਵਿਚਲੇ ਸਰੋਤਾਂ ਦੀ ਚੋਣ ਸਾਵਧਾਨੀ ਤੇ ਮਹਾਰਤੀ ਤੌਰ ‘ਤੇ ਕੀਤੀ ਗਈ ਹੈ।** | ਹਾਂ | ਕੁਝ ‘ਕੁ | ਨਹੀਂ |
| ੳ. ਸਕੂਲ ਦੀਆਂ ਸੂਚਨਾਤਮਕ ਲੋੜਾਂ ਦੀ ਨੁਮਾਇੰਦਗੀ ਕਰਦੀ ਇਕ ਸਰੋਤ-ਸੰਗ੍ਰਹਿ ਨੀਤੀ ਦਾ ਪ੍ਰਬੰਧ | | | |
| ਅ. ਲਾਇਬ੍ਰੇਰੀ ਵਿਚਲੇ ਡਿਜੀਟਲ ਤੇ ਭੌਤਿਕ ਸੂਚਨਾ ਸਰੋਤਾਂ ਵਿਚਕਾਰ ਇਕ ਸੰਤੁਲਨ | | | |
| ੲ. ਸਰੋਤਾਂ ਤਕ ਦੀ ਪਹੁੰਚ ਇਕਸਾਰ ਹੈ। | | | |
| ਸ. ਕੰਪਿਊਟਰਾਂ ਤੇ ਪ੍ਰਿੰਟਰਾਂ ਦਾ ਪ੍ਰਬੰਧ | | | |
| ਹ. ਵੇਖਣ-ਸੁਣਨ ਵਾਲੇ ਉਪਕਰਨਾਂ ਦੀ ਵਿਵਸਥਾ | | | |
| ਕ. ਸਕੂਲ ਵਿਚਲੇ ਹਰੇਕ ਵਿਦਿਆਰਥੀ ਅਨੁਸਾਰ ਲਾਇਬ੍ਰੇਰੀ ਚੀਜ਼ਾਂ ਦੀ ਚੋਖੀ ਸੰਖਿਆ | | | |
| ਖ. ਲਾਇਬ੍ਰੇਰੀ ਵਿਚਲੇ ਸੂਚਨਾ ਸਰੋਤਾਂ ਤੇ ਭਾਈਚਾਰੇ ਦੀਆਂ ਵਿਭਿੰਨ ਸੂਚਨਾਤਮਕ ਲੋੜਾਂ ਵਿਚਕਾਰ ਗੂੜਾ ਸੰਬੰਧ | | | |
| ਗ. ਪਾਠਕ੍ਰਮ ਅਧਾਰਤ ਸਰੋਤ ਸੰਗ੍ਰਹਿ ਤਤਕਾਲੀ ਤੇ ਚੰਗੀ ਹਾਲਤ ਵਿਚ ਹੈ | | | |
| ਘ. ਸੈਂਟਰਲ ਯੂਨੀਅਨ ਡੈਟਾਬੇਸ ਤਕ ਨਿਰਪੱਖ ਪਹੁੰਚ | | | |
| ਙ. ਬਿਜ-ਲਾਇਬ੍ਰੇਰੀ (ਡਿਜੀਟਲ ਲਾਇਬ੍ਰੇਰੀ) ਸਰੋਤਾਂ ਤਕ ਇਕਸਾਰ ਪਹੁੰਚ | | | |
| ਚ. ਲਾਇਬ੍ਰੇਰੀ ਵੈੱਬਸਾਈਟ ਦੀ ਜਾਣਕਾਰੀ ਤਕ ਨਿਰੰਤਰ ਪਹੁੰਚ | | | |
| ਛ. ਸਰੋਤਾਂ ਦੀ ਪਹੁੰਚ ਅਤੇ ਸਾਂਝ ਵਾਸਤੇ ਪ੍ਰਕਿਰਿਆਵਾਂ | | | |
| | | | |
| **5. ਲਾਇਬ੍ਰੇਰੀ ਵਿਚ ਪਾਠਕ੍ਰਮ-ਅਧਾਰਤ ਆਧੁਨਿਕ ਤੇ ਤਿਆਰ-ਬਰ-ਤਿਆਰ ਉਪਕਰਨ ਮੌਜੂਦ ਹਨ** | ਹਾਂ | ਕੁਝ ‘ਕੁ | ਨਹੀਂ |
| ੳ. ਲਾਇਬ੍ਰੇਰੀ ਤਕਨਾਲੋਜੀ ਦੇ ਨਵੀਨ ਉਪਕਰਨਾਂ ਨੂੰ ਜ਼ੁੰਮੇਵਾਰੀ ਨਾਲ ਵਰਤਣ ਦੇ ਢੰਗ ਸਿਖਾਉਂਦੀ ਹੈ | | | |
| ਅ. ਲਾਇਬ੍ਰੇਰੀ ਕੋਲ ਲੁੜੀਂਦੇ ਕੰਪਿਊਟਰ ਤੇ ਸੌਫਟਵੇਅਰ ਉਪਲਬਧ ਹਨ, ਜੋ ਜਾਣਕਾਰੀ ਦੀ ਭਾਲ, ਵਿਸ਼ਲੇਸਣ, ਸੰਸਲੇਸ਼ਣ ਅਤੇ ਨਵੇ ਰੂਪਾਂ ਵਿਚ ਸੰਚਾਰ ਕਰਨ ਵਿਚ ਵਿਦਿਆਰਥੀਆਂ ਦੀ ਸਹਾਇਤਾ ਕਰਦੇ ਹਨ। | | | |
| ੲ. ਸਕੂਲ ਅੰਦਰ ਸਮੁੱਚੇ ਵਿਦਿਆਰਥੀਆਂ ਤੇ ਅਧਿਆਪਕਾਂ ਤਕ ਸੂਚਨਾ ਸਰੋਤਾਂ ਦੀ ਪਹੁੰਚ ਮਹੁੱਈਆ ਹੈ। ਇਨ੍ਹਾਂ ਵਿਚ ਕੁਝ ਡਿਜੀਟਲ ਸਰੋਤ ਅਜਿਹੇ ਵੀ ਹਨ, ਜਿਹੜੇ ਤਕਨਾਲੋਜੀ ਦੀ ਸਹਾਇਤਾ ਨਾਲ 24 ਘੰਟੇ 7 ਦਿਨ ਹਾਸਲ ਕੀਤੇ ਜਾ ਸਕਦੇ ਹਨ। | | | |
| ਸ. ਆਧੁਨਿਕ ਤਕਨਾਲੋਜੀ ਦੇ ਮਾਧਿਅਮ ਰਾਹੀਂ ਲਾਇਬ੍ਰੇਰੀ ਦੇ ਰੋਜ਼ਾਨਾ ਕੰਮਾਂ ਦੇ ਪ੍ਰਬੰਧ ਦੀ ਵਿਵਸਥਾ | | | |
| | | | |
| **6. ਵਿਭਿੰਨ ਵਿਦਿਅਕ ਸਰਗਰਮੀਆਂ ਦੇ ਸਫਲ ਸੰਚਾਲਨ ਲਈ ਲਾਇਬ੍ਰੇਰੀ ਦੀਆਂ ਸਹੂਲਤਾਂ ਸੁਰੱਖਿਅਤ, ਲਚਕਦਾਰ ਅਤੇ ਵਿਆਪਕ ਹਨ।** | ਹਾਂ | ਕੁਝ ‘ਕੁ | ਨਹੀਂ |
| ੳ. ਲਾਇਬ੍ਰੇਰੀ ਕੋਲ ਵਿਦਿਆਰਥੀਆਂ ਦੇ ਛੋਟੇ-ਵੱਡੇ ਸਮੂਹਾਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਢੁੱਕਵੀਂ ਜਗ੍ਹਾ ਹੈ। | | | |
| ਅ. ਲਾਇਬ੍ਰੇਰੀ ਵਿਚ ਉੱਭਰ ਰਹੀ ਤਕਨਾਲੋਜੀ ਨੂੰ ਧਾਰਨ ਕਰਨ ਦੀ ਭਵਿਖਤ ਵਿਵਸਥਾ ਹੈ | | | |
| ੲ. ਸਮੇਂ ਅਨੁਸਾਰੀ ਲਚਕਤਾ | | | |
| ਸ. ਲਾਇਬ੍ਰੇਰੀ ਵਿਚ ਰੌਸ਼ਨੀ ਤੇ ਤਾਪਮਾਨ ਢੁੱਕਵਾਂ ਅਤੇ ਮੇਜ਼-ਕੁਰਸੀਆਂ ਅਰਾਮਦਾਇਕ ਹਨ | | | |
| ਹ. ਲਾਇਬ੍ਰੇਰੀ ਸਹੂਲਤਾਂ ਸਿੱਖਿਆ ਵਾਲੇ ਦਿਨ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਪਹੁੰਚਯੋਗ ਹਨ | | | |
| ਕ. ਇਨ੍ਹਾਂ ਦੀ ਬਾਹਰੀ ਦਿਖ ਮਨਮੋਹਣੀ ਹੈ | | | |
| ਖ. ਇਹ ਸੁਰੱਖਿਅਤ ਹਨ | | | |

# ਅੰਤਿਕਾ-ਹ

## ਸਕੂਲ ਪ੍ਰਿੰਸੀਪਲਾਂ ਲਈ ਸਕੂਲ ਲਾਇਬ੍ਰੇਰੀ ਮੁਲਾਂਕਣ ਦੀ ਪ੍ਰਸ਼ਨਾਵਲੀ ਦਾ ਨਮੂਨਾ

ਇਹ ਪ੍ਰਸ਼ਨਾਵਲੀ ਡੱਗ ਜੌਹਨਸਨ ਦੇ ਬਲਿਊ ਸਕੰਕ ਬਲਾਗ ਤੋਂ ਲਈ ਗਈ ਹੈ: http://doug-johnson.squarespace.com/blue-skunk-blog/2012/1/10

**1. ਪੇਸ਼ੇਵਰ ਕਰਮਚਾਰੀ ਅਤੇ ਉਨ੍ਹਾਂ ਦੀਆਂ ਜ਼ੁੰਮੇਵਾਰੀਆਂ**

- ਕੀ ਤੁਹਾਡੀ ਲਾਇਬ੍ਰੇਰੀ ਵਿਚ ਪੱਕੇ ਤੌਰ 'ਤੇ ਇਕ ਪੇਸ਼ੇਵਰ ਲਾਇਬ੍ਰੇਰੀਅਨ ਨਿਯੁਕਤ ਹੈ?
- ਕੀ ਉਹ ਤਨ-ਦੇਹੀ ਨਾਲ ਆਪਣੀਆਂ ਪੇਸ਼ੇਵਰ ਜ਼ੁੰਮੇਵਾਰੀਆਂ ਨਿਭਾ ਰਿਹਾ ਹੈ?
- ਕੀ ਲਾਇਬ੍ਰੇਰੀ ਵਿਚ ਨਿਯੁਕਤ ਸਮੁੱਚੇ ਕਰਮਚਾਰੀਆਂ (ਪੇਸ਼ੇਵਰ, ਸਹਿਯੋਗੀ, ਕਲਰਕੀ ਅਦਿ) ਦੇ ਕੰਮਾਂ ਦਾ ਲਿਖਤੀ ਦਸਤਾਵੇਜ਼ ਮੌਜੂਦ ਹੈ?
- ਕੀ ਲਾਇਬ੍ਰੇਰੀਅਨ ਆਪਣੇ ਪੇਸ਼ੇ ਦੀਆਂ ਉਨ੍ਹਾਂ ਪਰਿਵਰਤਨਸ਼ੀਲ ਭੂਮਿਕਾਵਾਂ ਤੋਂ ਵਾਕਫ਼ ਹੈ, ਜਿਹੜੀਆਂ ਖੇਤਰੀ ਤੇ ਰਾਸ਼ਟਰੀ ਲਾਇਬ੍ਰੇਰੀ ਸੰਗਠਨਾਂ ਦੀਆਂ ਤਤਕਾਲੀ ਪ੍ਰਕਾਸ਼ਨਾਵਾਂ ਵਿਚ ਅਕਸਰ ਅੰਕਿਤ ਹੁੰਦੀਆਂ ਹਨ?
- ਕੀ ਲਾਇਬ੍ਰੇਰੀਅਨ ਪੇਸ਼ੇਵਰ ਵਿਕਾਸ ਦੇ ਇਕਸਾਰ ਮੌਕੇ ਪ੍ਰਦਾਨ ਕਰਦਾ ਹੈ?
- ਕੀ ਲਾਇਬ੍ਰੇਰੀਅਨ ਪੇਸ਼ੇਵਰ ਸੰਗਠਨਾਂ ਦਾ ਸਰਗਰਮ ਮੈਂਬਰ ਹੈ?
- ਕੀ ਲਾਇਬ੍ਰੇਰੀਅਨ ਜਮਾਤਾਂ ਵਿਚ ਅਧਿਆਪਨ ਕਰਤਵ ਵੀ ਨਿਭਾਉਂਦਾ ਹੈ?

**2. ਸਹਿਯੋਗੀ ਅਮਲਾ**

- ਕੀ ਲਾਇਬ੍ਰੇਰੀਅਨ ਨੂੰ ਲੁੜੀਂਦੀ ਕਲਰਕੀ ਸਹਾਇਤਾ ਦਿੱਤੀ ਗਈ ਹੈ ਜਾਂ ਫਿਰ ਉਹ ਆਪਣੀਆਂ ਪੇਸ਼ੇਵਰ ਜ਼ੁੰਮੇਵਾਰੀਆਂ ਨਿਭਾਉਣ ਦੀ ਬਜਾਏ ਕਲਰਕੀ ਸੇਵਾਵਾਂ ਨਿਭਾ ਰਿਹਾ ਹੈ?
- ਕੀ ਲਾਇਬ੍ਰੇਰੀਅਨ ਨੂੰ ਜ਼ਰੂਰੀ ਤਕਨੀਕੀ ਸਹਾਇਤਾ ਦਿੱਤੀ ਗਈ ਹੈ ਜਾਂ ਫਿਰ ਉਹ ਆਪਣੀਆਂ ਪੇਸ਼ੇਵਰ ਜ਼ੁੰਮੇਵਾਰੀਆਂ ਨਿਭਾਉਣ ਦੀ ਬਜਾਏ ਤਕਨੀਕੀ ਸੇਵਾਵਾਂ ਨਿਭਾ ਰਿਹਾ ਹੈ?
- ਕੀ ਲਾਇਬ੍ਰੇਰੀ ਦੀ ਵਿਓਂਤਬੰਦੀ ਅਤੇ ਮਾਰਗ-ਦਰਸ਼ਨ ਲਈ ਕੋਈ ਬਾਹਰੀ ਤੌਰ 'ਤੇ ਵਿਸ਼ੇਸ਼ ਵਿਅਕਤੀ ਜਾਂ ਸਮੂਹ ਦਾ ਪ੍ਰਬੰਧ ਹੈ?
- ਕੀ ਸਕੂਲ ਪ੍ਰਿੰਸੀਪਲ ਤੇ ਪ੍ਰਬੰਧਕ ਲਾਇਬ੍ਰੇਰੀਅਨ ਨੂੰ ਸੈਮੀਨਾਰਾਂ, ਕਾਨਫਰੰਸਾਂ ਆਦਿ ਵਿਚ ਸ਼ਿਰਕਤ ਕਰਨ ਲਈ ਉਤਸ਼ਾਹਿਤ ਕਰਦੇ ਹਨ, ਜਿੱਥੇ ਕਿ ਉਨ੍ਹੇ ਆਪਣੇ ਪੇਸ਼ੇ ਸਬੰਧੀ ਨਵੀਆਂ ਕੁਸ਼ਲਤਾਵਾਂ ਤੇ ਗਿਆਨ ਤੋਂ ਜਾਣੂ ਹੋਣਾ ਹੁੰਦਾ ਹੈ?
- ਕੀ ਲਾਇਬ੍ਰੇਰੀਅਨ ਰਸਮੀਂ ਤੇ ਗੈਰ ਰਸਮੀਂ ਪੇਸ਼ੇਵਰ ਵਿਕਾਸ ਦੀਆਂ ਸੰਸਥਾਵਾਂ ਤੇ ਨੈੱਟਵਰਕਾਂ ਦਾ ਸਰਗਰਮ ਮੈਂਬਰ ਹੈ?

**3. ਸਰੋਤ ਸੰਗ੍ਰਹਿ ਦਾ ਵਿਕਾਸ**

- ਕੀ ਲਾਇਬ੍ਰੇਰੀਅਨ ਕੋਲ ਗਿਆਨ, ਪੁਸਤਕ ਸੱਭਿਆਚਾਰ ਅਤੇ ਪਾਠਕ੍ਰਮ ਨੂੰ ਪ੍ਰਫੁਲਿਤ ਕਰਦਾ ਡਿਜੀਟਲ ਤੇ ਭੌਤਿਕ ਸਰੋਤਾਂ ਦਾ ਇਕ ਢੁਕਵਾਂ ਤੇ ਸੰਤੁਲਿਤ ਸਰੋਤ ਸੰਗ੍ਰਹਿ ਹੈ?
- ਕੀ ਲਾਇਬ੍ਰੇਰੀ 'ਤੇ ਵਾਧੂ ਦਾ ਬੋਝ ਪਾਉਂਦੇ ਸਰੋਤ (ਅਜਿਹੇ ਸਰੋਤਾਂ ਦਾ ਮਸਲਾ ਵਿਚਾਰ ਦਾ ਵਿਸ਼ਾ ਹੈ) ਖਾਰਜ ਕੀਤੇ ਗਏ ਹਨ?
- ਕੀ ਲਾਇਬ੍ਰੇਰੀ ਵਿਚ ਵਿਭਿੰਨ ਯੋਗਤਾਵਾਂ ਨੂੰ ਵਿਕਸਤ ਕਰਦੀ ਤਕਨਾਲੋਜੀ ਮੌਜੂਦ ਹੈ?
- ਕੀ ਲਾਇਬ੍ਰੇਰੀ ਵਿਚ ਕੰਪਿਊਟਰ ਤੇ ਇੰਟਰਨੈੱਟ ਸੇਵਾਵਾਂ ਦੀ ਸਹੂਲਤ ਦਾ ਪ੍ਰਬੰਧ ਹੈ?
- ਲਾਇਬ੍ਰੇਰੀ ਵਿਚਲੇ ਡਿਜੀਟਲ ਤੇ ਭੌਤਿਕ ਸਰੋਤਾਂ ਦੀ ਪੜਚੋਲ ਕਦੋਂ ਕੀਤੀ ਗਈ ਹੈ?
- ਕੀ ਨਵੀਂ ਸਰੋਤ ਸਮੱਗਰੀ ਪ੍ਰਮਾਣਿਤ ਪੁਸਤਕਸੂਚੀ ਤੋਂ ਚੁਣੀ ਗਈ ਹੈ?
- ਕੀ ਲਾਇਬ੍ਰੇਰੀ ਵਿਚ ਪ੍ਰਾਪਤ ਕੀਤੇ ਗਏ ਸਰੋਤਾਂ ਦੀ ਵਰਤੋਂ ਨੂੰ ਉੱਨਤ ਕਰਨ ਲਈ ਯਤਨ ਕੀਤੇ ਜਾਂਦੇ ਹਨ?

**4. ਸਹੂਲਤਾਂ**

- ਕੀ ਲਾਇਬ੍ਰੇਰੀ ਇਮਾਰਤ ਦੀ ਸਥਿਤੀ ਕੇਂਦਰੀ ਹੈ ਤਾਂ ਜੋ ਇਸ ਤਕ ਹਰੇਕ ਦੀ ਅਸਾਨੀ ਨਾਲ ਪਹੁੰਚ ਹੋ ਜਾਵੇ?
- ਕੀ ਇਸ ਇਮਾਰਤ ਵਿਚ ਸਾਹਿਤਕ, ਸੱਭਿਆਚਾਰਕ, ਸਮਾਜਕ ਆਦਿ ਗਤੀਵਿਧੀਆਂ ਲਈ ਰਾਖਵਾਂ ਹਾਲ ਵੀ ਹੈ, ਜਿਸ ਵਿਚ ਆਉਣ-ਜਾਣ ਦਾ ਰਸਤਾ ਲਾਇਬ੍ਰੇਰੀ ਤੋਂ ਬਾਹਰੀ ਹੈ?
- ਕੀ ਲਾਇਬ੍ਰੇਰੀ ਇਮਾਰਤ ਬਾਹਰੀ ਤੌਰ 'ਤੇ ਦਿਲਕਸ਼ ਹੈ?
- ਕੀ ਸਿੱਖਣ-ਸਿਖਾਉਣ ਦੀਆਂ ਗਤੀਵਿਧੀਆਂ ਵਾਸਤੇ ਲਾਇਬ੍ਰੇਰੀ ਵਿਚਲਾ ਮਾਹੌਲ ਸੁਖਾਵਾਂ ਹੈ?
- ਕੀ ਇਸ ਵਿਚ ਪੈਰਚਾਲ ਦੀ ਆਵਾਜ਼ ਨੂੰ ਰੋਕਣ ਦਾ ਕੋਈ ਪ੍ਰਬੰਧ ਕੀਤਾ ਗਿਆ ਹੈ?
- ਕੀ ਲਾਇਬ੍ਰੇਰੀ ਅਮਲੇ ਦੀ ਸੁੱਖ ਸਹੂਲਤ ਤੇ ਸਰੋਤ ਸੰਗ੍ਰਹਿਆਂ ਨੂੰ ਸੁਰੱਖਿਅਤ ਤੇ ਸੰਭਾਲਣ ਦੇ ਮੱਦੇਨਜ਼ਰ ਢੁਕਵਾਂ ਤਾਪਮਾਨ (ਠੰਡੀ ਤੇ ਗਰਮ ਹਵਾ) ਮੁਹੱਈਆ ਕਰਵਾਇਆ ਗਿਆ ਹੈ?
- ਕੀ ਲਾਇਬ੍ਰੇਰੀ ਵਿਚ ਵਿਭਿੰਨ ਸਰਗਰਮੀਆਂ ਦੇ ਸੰਚਾਲਨ ਲਈ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਵੱਖ-ਵੱਖ ਖੇਤਰ ਮੌਜੂਦ ਹਨ; ਜਿਵੇਂਕਿ, ਸਿਖਿਆਤਮਕ ਗਤੀਵਿਧੀਆਂ ਦਾ ਖੇਤਰ, ਬੱਚਿਆਂ ਨੂੰ ਕਹਾਣੀਆਂ ਸੁਣਾਉਣ ਵਾਲਾ ਸਥਾਨ (ਮੁੱਢਲੇ ਸਕੂਲਾਂ ਵਿਚ), ਪ੍ਰੈਜ਼ੰਟੇਸ਼ਨ ਖੇਤਰ (ਸੈਕੰਡਰੀ ਸਕੂਲਾਂ ਵਿਚ) ਆਦਿ।

- ਕੀ ਲਾਇਬ੍ਰੇਰੀ ਵਿਚ ਵਿਦਿਆਰਥੀਆਂ, ਅਧਿਆਪਕਾਂ ਅਤੇ ਲਾਇਬ੍ਰੇਰੀ ਅਮਲੇ ਦੀ ਸਹੂਲਤ ਲਈ ਆਧੁਨਿਕ ਸੂਚਨਾ ਤਕਨਾਲੋਜੀ ਦੀਆਂ ਸੇਵਾਵਾਂ ਤੇ ਉਪਕਰਨ ਉਪਲਬਧ ਹਨ; ਜਿਵੇਂਕਿ, ਕੰਪਿਊਟਰ, ਲੈਪਟਾਪ, ਕਿੰਡਲ ਆਦਿ?
- ਕੀ ਵਿਦਿਆਰਥੀਆਂ ਦੇ ਮਾਪਿਆਂ ਸਮੇਤ ਸਮੁੱਚੇ ਸਕੂਲ ਭਾਈਚਾਰੇ ਦੇ ਹਰੇਕ ਮੈਂਬਰ ਵਾਸਤੇ ਮਹੱਤਵਪੂਰਨ, ਢੁੱਕਵੇਂ ਅਤੇ ਤਤਕਾਲੀ ਆਨਲਾਈਨ ਸਰੋਤਾਂ ਦਾ ਪ੍ਰਬੰਧ ਹੈ?
- ਕੀ ਉਪਰੋਕਤ ਸਹੂਲਤਾ ਤਕ ਵਿਸ਼ਾਲ ਸਕੂਲ ਭਾਈਚਾਰੇ ਦੇ ਸਮੁੱਚੇ ਲੋਕਾਂ ਦੀ ਇਕਸਾਰ ਪਹੁੰਚ ਮੁਹਈਆ ਹੈ?

**5. ਪਾਠਕ੍ਰਮੀ ਏਕੀਕਰਨ**

- ਕੀ ਲਾਇਬ੍ਰੇਰੀਅਨ ਪਾਠਕ੍ਰਮੀ ਯੋਜਨਾਬੰਦੀ ਕਮੇਟੀ ਦਾ ਸਰਗਰਮ ਮੈਂਬਰ ਹੈ?
- ਕੀ ਲਾਇਬ੍ਰੇਰੀਅਨ ਪਾਠਕ੍ਰਮੀ ਲਿਖਤ ਕਮੇਟੀ ਦਾ ਸਰਗਰਮ ਮੈਂਬਰ ਹੈ?
- ਪੇਸ਼ੇਵਰ ਸਿੱਖਿਆ ਦੇ ਵਿਕਾਸ ਲਈ ਕਈ ਸੰਸਥਾਵਾਂ ਬਣੀਆਂ ਹਨ। ਕੀ ਇਹ ਸੰਸਥਾਵਾਂ ਪ੍ਰੋਗਰਾਮ ਸਮੱਗਰੀ ਲਈ ਲਾਇਬ੍ਰੇਰੀਅਨ ਦੀ ਰਾਏ ਲੈਂਦੀਆਂ ਹਨ?
- ਕੀ ਲਾਇਬ੍ਰੇਰੀ ਸਰੋਤਾਂ ਦਾ ਪਾਠਕ੍ਰਮ-ਅਧਾਰਤ ਮੁਲਾਂਕਣ ਕੀਤਾ ਜਾਂਦਾ ਹੈ?
- ਕੀ ਲਾਇਬ੍ਰੇਰੀ ਤੇ ਸੂਚਨਾ ਤਕਨਾਲੋਜੀ ਦੀਆਂ ਨਿਪੁੰਨਤਾਵਾਂ ਪਾਠਕ੍ਰਮ ਦੇ ਅੰਗ ਵਜੋਂ ਪੜ੍ਹਾਈਆਂ ਜਾਂਦੀਆਂ ਹਨ?
- ਕੀ ਜਾਣਕਾਰੀ ਦੇ ਮੁਲਾਂਕਣ, ਪ੍ਰਕਿਰਿਆ ਅਤੇ ਸੰਚਾਰ ਦੀਆਂ ਕੁਸ਼ਲਤਾਵਾਂ ਓਸੇ ਤਰ੍ਹਾਂ ਸਿਖਾਈਆਂ ਜਾਂਦੀਆਂ ਹਨ, ਜਿਵੇਂਕਿ ਸੂਚਨਾ ਪ੍ਰਾਪਤ ਕਰਨ ਦੀਆਂ ਸਿਖਾਈਆਂ ਜਾਂਦੀਆਂ ਹਨ?
- ਕੀ ਆਨਲਾਈਨ ਸਰੋਤਾਂ ਦੀ ਸੁਰੱਖਿਅਤ ਤੇ ਢੁੱਕਵੀਂ ਵਰਤੋਂ ਦੇ ਢੰਗ ਸੂਚਨਾ ਤੇ ਡਿਜੀਟਲ ਸਾਖਰਤਾ ਦੇ ਪਾਠਕ੍ਰਮ ਦਾ ਹਿੱਸਾ ਹਨ?

**6. ਸਰੋਤ-ਅਧਾਰਤ ਸਿੱਖਿਆ**

- ਕੀ ਲਾਇਬ੍ਰੇਰੀਅਨ ਪਾਠ-ਪੁਸਤਕਾਂ ਤੋਂ ਅਲਾਹਿਦਾ ਹੋਰ ਯੋਗਤਾਵਾਂ ਦੀ ਉੱਨਤੀ ਲਈ ਸਰੋਤ ਤੇ ਸਿੱਖਿਆ ਮੁਹੱਈਆ ਕਰਦਾ ਹੈ?
- ਕੀ ਅਧਿਆਪਕ ਤੇ ਪ੍ਰਬੰਧਕ ਲਾਇਬ੍ਰੇਰੀਅਨ ਨੂੰ ਯੋਜਨਾਬੰਦੀ ਤੇ ਪੜਚੋਲ ਪ੍ਰਕਿਰਿਆਵਾਂ (ਸਿੱਖਿਆ ਸਬੰਧੀ) ਲਈ ਉਚਿਤ ਕਰਮਚਾਰੀ ਸਮਝਦੇ ਹਨ?
- ਕੀ ਲਾਇਬ੍ਰੇਰੀ ਕਾਰਜਕ੍ਰਮ ਖੋਜ-ਅਧਾਰਤ ਸਿੱਖਿਆ ਵਿਚ ਸਹਾਈ ਹੁੰਦੇ ਹਨ?
- ਕੀ ਲਾਇਬ੍ਰੇਰੀਅਨ ਵਿਭਿੰਨ ਸਿਖਿਆਤਮਕ ਮੌਕਿਆਂ ਦੀ ਉਸਾਰੀ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਮਿਲ ਕੇ ਕਰਦਾ ਹੈ?
- ਕੀ ਸਮੁੱਚੇ ਵਿਦਿਆਰਥੀਆਂ ਲਈ ਸੂਚਨਾ ਤੇ ਡਿਜੀਟਲ ਸਾਖਰਤਾ ਸਬੰਧੀ ਲਿਖਤੀ ਦਸਤਾਵੇਜ਼ ਉਪਲਬਧ ਹੈ?
- ਕੀ ਇਸ ਦਸਤਾਵੇਜ਼ ਦੀ ਅਧਿਆਪਕਾਂ ਤੇ ਲਾਇਬ੍ਰੇਰੀਅਨ ਦੁਆਰਾ ਪੁਖਤਾ ਪੜਚੋਲ ਹੋਈ ਹੋਈ ਹੈ?
- ਕੀ ਇਸ ਪੜਚੋਲ ਦੇ ਨਤੀਜੇ ਲਾਇਬ੍ਰੇਰੀ ਹਮਾਇਤੀਆਂ ਨਾਲ ਸਾਂਝੇ ਕੀਤੇ ਗਏ ਹਨ?

**7. ਸੂਚਨਾ ਤਕਨਾਲੋਜੀ**

- ਕੀ ਲਾਇਬ੍ਰੇਰੀ ਆਧੁਨਿਕ ਸੂਚਨਾ ਤਕਨਾਲੋਜੀ ਦੀਆਂ ਸੁੱਖ-ਸਹੂਲਤਾਂ, ਸਰੋਤਾਂ ਅਤੇ ਉਪਕਰਨਾਂ ਤਕ ਪਹੁੰਚ ਪ੍ਰਦਾਨ ਕਰਦੀ ਹੈ; ਜਿਵੇਂਕਿ, ਆਨਲਾਈਨ ਲਾਈਬ੍ਰੇਰੀ ਕੈਟਾਲੌਗ ਤੇ ਸਰਕਿਊਲੇਸ਼ਨ ਸਿਸਟਮ, ਆਨਲਾਈਨ ਯੂਨੀਅਨ ਕੈਟਾਲੌਗ, ਇੰਟਰਨੈੱਟ, ਆਨਲਾਈਨ ਸੰਦਰਭ ਸਰੋਤ (ਸ਼ਬਦਕੋਸ਼, ਨਕਸ਼ੇ, ਅਨੁਕ੍ਰਮਣਿਕਾਵਾਂ) ਆਦਿ?
- ਕੀ ਲਾਇਬ੍ਰੇਰੀਅਨ ਦੁਆਰਾ ਉਪਰੋਕਤ ਸਰੋਤਾਂ ਤੇ ਉਪਕਰਨਾਂ ਦੀ ਸਫਲ ਤੇ ਜੁੰਮੇਵਾਰ ਵਰਤੋਂ ਲਈ ਲੁੜੀਂਦੇ ਢੰਗ ਸਿਖਾਏ ਜਾਂਦੇ ਹਨ?

**8. ਸੰਦਰਭ ਸੇਵਾ, ਪਰਸਪਰ ਸਾਂਝ ਅਤੇ ਇੰਟਰ-ਲਾਇਬ੍ਰੇਰੀ ਲੋਨ**

- ਕੀ ਤੁਹਾਡੇ ਲਾਇਬ੍ਰੇਰੀਅਨ ਕੋਲ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਪ੍ਰਭਾਵਸ਼ਾਲੀ ਤੇ ਸਮੇਂ ਸਿਰ ਸੰਦਰਭ ਸੇਵਾਵਾਂ ਪ੍ਰਦਾਨ ਕਰਨ ਦਾ ਲੁੜੀਂਦਾ ਤਜਰਬਾ ਹੈ?
- ਕੀ ਤੁਹਾਡਾ ਸਕੂਲ ਲਾਇਬ੍ਰੇਰੀ ਕਨਸੋਰਸ਼ੀਆ ਦਾ ਮੈਂਬਰ ਹੈ?
- ਕੀ ਲਾਇਬ੍ਰੇਰੀਅਨ ਵਿਸ਼ਾਲ ਵਿਦਿਅਕ ਭਾਈਚਾਰੇ ਦੀਆਂ ਵਿਭਿੰਨ ਤੇ ਪਰਿਵਰਤਨਸ਼ੀਲ ਲੋੜਾਂ ਦੀ ਤਸੱਲੀ ਲਈ ਇੰਟਰ-ਲਾਇਬ੍ਰੇਰੀ ਲੋਨ ਦੀ ਸਹੂਲਤ ਵਰਤਦਾ ਹੈ?
- ਕੀ ਲਾਇਬ੍ਰੇਰੀਅਨ ਸਥਾਨਕ ਤੇ ਖੇਤਰੀ ਪੱਧਰ ਦੇ ਸਥਾਪਤ ਸਕੂਲ ਲਾਇਬ੍ਰੇਰੀਆਂ ਦੀ ਸਹਿਯੋਗਾਤਮਕ ਯੋਜਨਾਬੰਦੀ ਤੇ ਪੁਸਤਕਾਂ ਦੀ ਖਰੀਦ ਵਿਚ ਸ਼ਿਰਕਤ ਕਰਦਾ ਹੈ?

**9. ਯੋਜਨਾਬੰਦੀ/ਸਲਾਨਾ ਟੀਚੇ**

- ਕੀ ਲਾਇਬ੍ਰੇਰੀਅਨ ਚਿਰਕਾਲੀ-ਉਦੇਸ਼ਾਂ 'ਤੇ ਅਧਾਰਤ ਸਲਾਨਾ ਟੀਚੇ ਨਿਰਧਾਰਤ ਕਰਦਾ ਹੈ, ਜਿਨ੍ਹਾਂ ਦਾ ਪ੍ਰਮੁੱਖ ਸਰੋਕਾਰ ਪਾਠਕ੍ਰਮੀ ਸਿੱਖਿਆ ਦਾ ਵਿਕਾਸ ਕਰਨਾ ਹੁੰਦਾ ਹੈ?
- ਕੀ ਲਾਇਬ੍ਰੇਰੀਅਨ ਸਲਾਨਾ ਟੀਚਿਆਂ ਦੀ ਪ੍ਰਾਪਤੀ ਦਾ ਮੁਲਾਂਕਣ ਕਰਦਾ ਹੈ?

**10. ਲਾਇਬ੍ਰੇਰੀ ਬਜਟ**

- ਕੀ ਲਾਇਬ੍ਰੇਰੀ ਕਾਰਜਕ੍ਰਮ ਦਾ ਬਜਟ ਜ਼ੀਰੋ ਹੈ ਕਿ ਉਦੇਸ਼-ਅਧਾਰਤ?
- ਕੀ ਲਾਇਬ੍ਰੇਰੀਅਨ ਲੁੜੀਂਦੀ ਸਮੱਗਰੀ, ਸਰੋਤ, ਉਪਕਰਨ ਆਦਿ ਲਈ ਸਪਸ਼ਟ ਤਰਕ ਲਿਖਦਾ ਹੈ?
- ਕੀ ਬਜਟ ਕਾਰਜਕ੍ਰਮ ਦੀ ਸੁਧਾਈ ਤੇ ਵਿਕਾਸ ਨੂੰ ਪੇਸ਼ ਕਰਦਾ ਹੈ?

- ਕੀ ਲਾਇਬ੍ਰੇਰੀਅਨ ਖਰਚਿਆਂ ਦਾ ਸਪਸ਼ਟ ਤੇ ਸਹੀ ਹਿਸਾਬ ਰੱਖਦਾ ਹੈ?
- ਕੀ ਲਾਇਬ੍ਰੇਰੀਅਨ ਗਰਾਂਟ ਲਈ ਅਰਜ਼ੋਈ ਕਰਦਾ ਹੈ, ਜਦੋਂ ਇਹ ਮੌਜੂਦ ਹੁੰਦੀ ਹੈ?

**11. ਨੀਤੀਆਂ/ਪ੍ਰਚਾਰ**

- ਕੀ ਸਕੂਲ ਲਾਇਬ੍ਰੇਰੀ ਦੀਆਂ ਵਿਆਪਕ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ?
- ਕੀ ਲਾਇਬ੍ਰੇਰੀ ਅਮਲਾ ਵਿਦਿਆਰਥੀਆਂ ਦੀ ਬੌਧਿਕ ਅਜ਼ਾਦੀ ਤੇ ਨਿੱਜਤਾ ਦੇ ਸਿਧਾਂਤਾਂ ਤੋਂ ਜਾਣੂ ਹੈ?
- ਕੀ ਲਾਇਬ੍ਰੇਰੀ ਦੀਆਂ ਨੀਤੀਆਂ ਵਿਚ ਡਿਜੀਟਲ ਸਰੋਤਾਂ ਲਈ ਵੀ ਥਾਂ ਹੈ?
- ਕੀ ਇੰਟਰਨੈੱਟ ਦੀ ਜੁੰਮੇਵਾਰ ਤੇ ਸੁਰੱਖਿਅਤ ਵਰਤੋਂ ਲਈ ਕੋਈ ਨੀਤੀ ਬਣਾਈ ਗਈ ਹੈ?
- ਕੀ ਲਾਇਬ੍ਰੇਰੀਅਨ ਕਾਪੀਰਾਈਟ ਦੇ ਕਾਨੂੰਨਾਂ ਦੀ ਵਿਆਖਿਆ ਕਰਦਾ ਹੈ?
- ਕੀ ਲਾਇਬ੍ਰੇਰੀਅਨ ਕੋਲ ਲਾਇਬ੍ਰੇਰੀ ਦੇ ਕੰਮਾਂ ਤੇ ਸੇਵਾਵਾਂ ਦੇ ਉਦੇਸ਼ਾਂ ਦਾ ਪ੍ਰਚਾਰ ਕਰਨ ਲਈ ਕੋਈ ਲੁੜੀਂਦਾ ਰਸਮੀਂ ਵਸੀਲਾ ਹੈ?
  ਕੀ ਲਾਇਬ੍ਰੇਰੀਅਨ ਲਾਇਬ੍ਰੇਰੀ ਸਮੱਰਥਕਾਂ ਦੀ ਹਮਾਇਤ ਹਾਸਲ ਕਰਨ ਲਈ ਸ਼ੋਸ਼ਲ ਮੀਡੀਏ ਦੀ ਵਰਤੋਂ ਕਰਦਾ ਹੈ?

**12. ਮੁਲਾਂਕਣ**

- ਕੀ ਲਾਇਬ੍ਰੇਰੀਅਨ ਲਾਇਬ੍ਰੇਰੀ ਦੀ ਪ੍ਰਾਪਤੀ ਤੇ ਖਾਮੀਆਂ ਦੀ ਸਲਾਨਾ ਰਿਪੋਰਟ ਤਿਆਰ ਕਰਦਾ ਹੈ?
- ਕੀ ਲਾਇਬ੍ਰੇਰੀ ਕਾਰਜਕ੍ਰਮਾਂ ਤੇ ਸੇਵਾਵਾਂ ਦਾ ਸਮੇਂ ਸਿਰ ਮੁਲਾਂਕਣ ਹੁੰਦਾ ਰਹਿੰਦਾ ਹੈ?
- ਕੀ ਲਾਇਬ੍ਰੇਰੀਅਨ ਅਕਾਦਮਕ ਖੋਜ ਦੇ ਅਧਿਐਨਾਂ ਵਿਚ ਸ਼ਮੂਲੀਅਤ ਕਰਦਾ ਹੈ?